ਬੀ.ਏ. ਭਾਗ ਪਹਿਲਾ — ਮਨੋਵਿਗਿਆਨ

ਸਮੈਸਟਰ ਪਹਿਲਾ — ਸਾਧਾਰਣ ਮਨੋਵਿਗਿਆਨ

ਯੂਨਿਟ 1

ਪਾਠ ਨੰਬਰ :


1. : ਸਾਧਾਰਣ ਮਨੋਵਿਗਿਆਨ : ਪਰਿਭਾਸ਼ਾ ਅਤੇ ਸ਼ਾਖਾਵਾਂ

2. : ਮਨੋਵਿਗਿਆਨ ਦਾ ਇਤਿਹਾਸਕ ਪਿਛੋਕੜ

3. : ਮਨੋਵਿਗਿਆਨ ਦੀਆਂ ਵਿਧੀਆਂ

4. : ਸਿੱਖਣਾ : ਪਰਿਭਾਸ਼ਾ ਅਤੇ ਸਰੂਪ, ਪ੍ਰਕਾਰ, ਸਿੱਖਣ ਨੂੰ ਪ੍ਰਭਾਵਿਤ ਕਰਨ ਵਾਲੇ ਕਾਰਕ।

5. : ਗੈਸਟਾਲਟ ਪ੍ਰਸਤਾਵ (ਅੰਤਰਦ੍ਰਿਸ਼ਟੀ ਦੁਆਰਾ ਸਿੱਖਣਾ) ਅਤੇ ਯਤਨ ਅਤੇ ਭੁੱਲ ਦੁਆਰਾ ਸਿੱਖਣਾ।


ਨੋਟ : ਵਿਦਿਆਰਥੀ ਸਿਲੇਬਸ ਵਿਭਾਗ ਦੀ ਵੈੱਬਸਾਈਟ **www.pbidde.org** ਤੋਂ ਡਾਊਨਲੋਡ ਕਰਨ।


ਡਿਸਟੈਂਸ ਐਜੂਕੇਸ਼ਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ


(ਸਭ ਹੱਕ ਰਾਖਵੇਂ ਹਨ)

ਪਾਠ ਨੰ: 1.1 | ਲੇਖਕ : ਡਾ. ਮਮਤਾ ਸ਼ਰਮਾ

# ਸਾਧਾਰਣ ਮਨੋਵਿਗਿਆਨ : ਪਰਿਭਾਸ਼ਾ ਅਤੇ ਸ਼ਾਖਾਵਾਂ
# (GENERAL PSYCHOLOGY : DEFINITIONS AND BRANCHES)

**ਪਾਠ ਬਣਤਰ**

1.1.0 ਉਦੇਸ਼
1.1.1 ਭੂਮਿਕਾ
1.1.2 ਮਨੋਵਿਗਿਆਨ ਦੀਆਂ ਪਰਿਭਾਸ਼ਾਵਾਂ
    1.1.2.1 ਆਤਮਾ ਦਾ ਅਧਿਐਨ
    1.1.2.2 ਮਨ ਦਾ ਅਧਿਐਨ
    1.1.2.3 ਤਜ਼ਰਬੇ ਦਾ ਅਧਿਐਨ
    1.1.2.4 ਵਿਵਹਾਰ ਦਾ ਅਧਿਐਨ
1.1.3 ਮਨੋਵਿਗਿਆਨ ਦੀਆਂ ਸ਼ਾਖਾਵਾਂ
    1.1.3.1 ਬਾਲ ਮਨੋਵਿਗਿਆਨ
    1.1.3.2 ਅਸਾਧਾਰਣ ਮਨੋਵਿਗਿਆਨ
    1.1.3.3 ਸਮਾਜਿਕ ਮਨੋਵਿਗਿਆਨ
    1.1.3.4 ਤੁਲਨਾਤਮਕ ਅਤੇ ਪਸ਼ੂ ਮਨੋਵਿਗਿਆਨ
    1.1.3.5 ਸਰੀਰਕ ਮਨੋਵਿਗਿਆਨ
    1.1.3.6 ਪ੍ਰਯੋਗਾਤਮਕ ਮਨੋਵਿਗਿਆਨ
    1.1.3.7 ਨਿਦਾਨਿਕ ਮਨੋਵਿਗਿਆਨ
    1.1.3.8 ਸਿੱਖਿਆ ਮਨੋਵਿਗਿਆਨ
    1.1.3.9 ਉਦਯੋਗਿਕ ਅਤੇ ਬਿਜਨਸ ਮਨੋਵਿਗਿਆਨ
    1.1.3.10 ਜੁਰਮ ਮਨੋਵਿਗਿਆਨ
**1.1.4 ਸਾਰ**

## 1.1.0 ਉਦੇਸ਼

ਮਨੋਵਿਗਿਆਨ ਕੀ ਹੈ? ਇਸ ਦਾ ਕੀ ਸਰੂਪ ਹੈ? ਮਨੋਵਿਗਿਆਨ ਆਤਮਾ ਦਾ ਅਧਿਐਨ ਕਰਦਾ ਹੈ ਜਾਂ ਮਨ ਦਾ। ਮਨੋਵਿਗਿਆਨ ਨੂੰ ਇੱਕ ਸੁਤੰਤਰ ਹੋਂਦ ਦੇ ਰੂਪ ਵਿੱਚ ਕਦੋਂ ਸਫ਼ਲਤਾ ਮਿਲੀ ? ਇਸ ਪਾਠ ਵਿੱਚ ਅਜਿਹੇ ਸਾਰੇ ਪਹਿਲੂਆਂ ਦੀ ਵਿਆਖਿਆ ਕੀਤੀ ਗਈ ਹੈ। ਉਮੀਦ ਹੈ ਇਹ ਪਾਠ ਸਮੱਗਰੀ ਪੜ੍ਹਨ ਤੋਂ ਬਾਅਦ ਵਿਦਿਆਰਥੀ ਹੇਠ ਲਿਖੇ ਤੱਥਾਂ ਬਾਰੇ ਜਾਗਰੂਕ ਹੋ ਜਾਣਗੇ:-

1. ਮਨੋਵਿਗਿਆਨ ਨੂੰ ਅਨੁਭਵ ਜਾਂ ਤਜਰਬੇ ਦਾ ਅਧਿਐਨ ਕਿਉਂ ਕਿਹਾ ਜਾਂਦਾ ਹੈ?
2. ਮਨੋਵਿਗਿਆਨ ਵਿਵਹਾਰ ਦੇ ਵੱਖ-ਵੱਖ ਕਿਸਮਾਂ ਨਾਲ ਕਿਵੇਂ ਸਬੰਧਿਤ ਹੈ?
3. ਮਨੋਵਿਗਿਆਨ ਦੀਆਂ ਵਿਭਿੰਨ ਸ਼ਾਖਾਵਾਂ ਕਿਹੜੀਆਂ ਹਨ?

### 1.1.1 ਭੂਮਿਕਾ :

ਮਨੋਵਿਗਿਆਨ ਦਾ ਖੇਤਰ ਵਿਅਕਤੀਆਂ ਦੇ ਵਿਵਹਾਰ ਨਾਲ ਸਬੰਧਿਤ ਹੈ। ਇਸ ਨੂੰ ਮਨੁੱਖੀ ਅਤੇ ਪਸ਼ੂਆਂ ਦੇ ਵਿਵਹਾਰ ਅਤੇ ਤਜਰਬੇ ਦਾ ਵਿਗਿਆਨ ਕਿਹਾ ਜਾਂਦਾ ਹੈ। ਮਨੋਵਿਗਿਆਨ ਦਾ ਮੰਤਵ ਵਿਅਕਤੀਆਂ ਦੇ ਵਿਵਹਾਰ ਅਤੇ ਪ੍ਰਤੀਕਿਰਿਆ ਪਿੱਛੇ ਕੀ ਸੋਚ ਹੈ, ਉਸ ਬਾਰੇ ਜਾਣਕਾਰੀ ਹਾਸਿਲ ਕਰਨਾ ਹੈ। ਮਨੋਵਿਗਿਆਨ ਵਿਅਕਤੀ ਅਤੇ ਉਸ ਦੇ ਵਾਤਾਵਰਣ ਵਿੱਚ ਅਧਿਐਨ ਕਰਦਾ ਹੈ। ਵਾਤਾਵਰਣ ਵਿੱਚ ਵਿਚਰਦੇ ਹੋਏ ਉਹ ਕਈ ਪ੍ਰਕਾਰ ਦੀਆਂ ਸਰੀਰਕ ਅਤੇ ਮਾਨਸਿਕ ਕਿਰਿਆਵਾਂ ਕਰਦਾ ਹੈ। ਇਹ ਸਾਰੀਆਂ ਕਿਰਿਆਵਾਂ ਇੱਕ ਤਜਰਬੇ ਦੇ ਰੂਪ ਵਿੱਚ ਵਿਅਕਤੀ ਦੇ ਵਿਵਹਾਰ ਨੂੰ ਪ੍ਰਭਾਵਿਤ ਕਰਦੀਆਂ ਹਨ। ਇਸ ਪਾਠ ਵਿੱਚ ਇਨ੍ਹਾਂ ਸਭ ਪਹਿਲੂਆਂ ਤੇ ਚਰਚਾ ਕੀਤੀ ਗਈ ਹੈ।

### 1.1.2 ਸਾਧਾਰਣ ਮਨੋਵਿਗਿਆਨ ਦੀਆਂ ਪਰਿਭਾਸ਼ਾਵਾਂ :

ਮਨੋਵਿਗਿਆਨ ਵਿਅਕਤੀ ਦਾ ਉਸ ਦੇ ਵਾਤਾਵਰਣ ਵਿਚ ਅਧਿਐਨ ਕਰਦਾ ਹੈ। ਜਨਮ ਤੋਂ ਲੈ ਕੇ ਮਰਨ ਤੱਕ ਵਿਅਕਤੀ ਦੂਸਰੇ ਵਿਅਕਤੀਆਂ ਅਤੇ ਵਸਤੂਆਂ ਵਿਚ ਘੁੰਮਦਾ ਰਹਿੰਦਾ ਹੈ ਅਤੇ ਇਸ ਤਰ੍ਹਾਂ ਉਸਦਾ ਵਿਕਾਸ ਹੁੰਦਾ ਹੈ। ਜਿਸ ਵਾਤਾਵਰਣ ਵਿਚ ਵਿਅਕਤੀ ਰਹਿੰਦਾ ਹੈ, ਉਹ ਵਾਤਾਵਰਣ ਦੂਸਰੀਆਂ ਜੀਵਤ ਵਸਤਾਂ ਦੇ ਵਾਤਾਵਰਣ ਤੋਂ ਬਹੁਤ ਜ਼ਿਆਦਾ ਗੁੰਝਲਦਾਰ ਹੁੰਦਾ ਹੈ। ਵਿਅਕਤੀ ਨੂੰ ਸਿਰਫ ਆਪਣੇ ਵਰਤਮਾਨ ਨਾਲ ਹੀ ਵਿਵਹਾਰ ਨਹੀਂ ਕਰਨਾ ਪੈਂਦਾ ਸਗੋਂ ਉਸ ਨੂੰ ਉਨ੍ਹਾਂ ਚੀਜ਼ਾਂ ਨਾਲ ਵੀ ਵਿਵਹਾਰ ਕਰਨਾ ਪੈਂਦਾ ਹੈ ਜੋ ਉਸ ਦੇ ਭੂਤਕਾਲ ਜਾਂ ਆਉਣ ਵਾਲੇ ਭਵਿੱਖ ਨਾਲ ਜੁੜੀਆਂ ਹੁੰਦੀਆਂ ਹਨ। ਅਜਿਹੇ ਗੁੰਝਲਦਾਰ ਵਾਤਾਵਰਣ ਦਾ ਸਾਹਮਣਾ ਕਰਨ ਲਈ ਉਸ ਨੂੰ ਸਿਰਫ ਉਹਨਾਂ ਯੋਗਤਾਵਾਂ ਤੇ ਸਮਰਥਾਵਾਂ ਦੀ ਜ਼ਰੂਰਤ ਨਹੀਂ ਹੁੰਦੀ ਜੋ ਉਸ ਦੇ ਜਨਮ ਨਾਲ ਪੈਦਾ ਹੁੰਦੀਆਂ ਹਨ, ਸਗੋਂ ਕਈ ਹੋਰ ਅਜਿਹੀਆਂ ਸਮਰਥਾਵਾਂ ਦੀ ਵੀ ਜ਼ਰੂਰਤ ਹੁੰਦੀ ਹੈ। ਜੋ ਉਸ ਨੂੰ ਪ੍ਰਾਪਤ ਕਰਨੀਆਂ ਪੈਂਦੀਆਂ ਹਨ। ਇਹ ਹੋਰ ਸਮਰਥਾਵਾਂ ਪੈਦਾ ਕਰਨ ਦੀ ਪ੍ਰਕ੍ਰਿਆ ਕਦੇ ਖਤਮ ਨਹੀਂ ਹੁੰਦੀ। ਇਹੀ ਕਾਰਣ ਹੈ ਕਿ ਵਿਅਕਤੀ ਕੋਲ ਆਪਣੇ ਵਾਤਾਵਰਣ ਨਾਲ ਸਿੱਝਣ ਲਈ ਸਿੱਖਣ ਦਾ ਸਮਾਂ ਕਦੇ ਖਤਮ ਨਹੀਂ ਹੁੰਦਾ। ਵਾਤਾਵਰਣ ਵਿਚ ਵਿਚਰਣ ਲਈ ਸਿਰਫ਼ ਸਰੀਰਕ ਕ੍ਰਿਆਵਾਂ ਦੀ ਜ਼ਰੂਰਤ ਨਹੀਂ ਹੁੰਦੀ। ਕਈ ਅਜਿਹੀਆਂ ਕ੍ਰਿਆਵਾਂ ਵੀ ਹੁੰਦੀਆਂ ਹਨ ਜਿਹਨਾਂ ਦੇ ਵਿਅਕਤੀ ਯੋਗ ਹੁੰਦਾ ਹੈ, ਪਰ ਇਹ ਕ੍ਰਿਆਵਾਂ ਸਰੀਰਕ ਨਹੀਂ ਹੁੰਦੀਆਂ। ਅਜਿਹੀਆਂ ਕ੍ਰਿਆਵਾਂ ਨੂੰ ਮਾਨਸਿਕ ਕ੍ਰਿਆਵਾਂ ਕਹਿੰਦੇ ਹਨ ਜਿਵੇਂ ਕਿ ਦੇਖਣਾ, ਯਾਦ ਕਰਨਾ, ਸੋਚਣਾ, ਚਿੰਤਨ, ਕਾਲਪਨਿਕ ਇੱਛਾ, ਯੋਗਤਾ ਕਰਨ ਦੀ ਕ੍ਰਿਆ, ਆਦਿ। ਇਹਨਾਂ ਕ੍ਰਿਆਵਾਂ ਨੂੰ ਹਰ ਇਕ ਵਿਅਕਤੀ ਜਾਣਦਾ ਹੈ ਕਿਉਂਕਿ ਇਹ ਹਰ ਵਿਅਕਤੀ ਦੀ ਜ਼ਿੰਦਗੀ ਦਾ ਪ੍ਰਮੁੱਖ ਹਿੱਸਾ ਹਨ। ਮਨੋਵਿਗਿਆਨ ਦੀ ਪਰਿਭਾਸ਼ਾ ਸਮੇ ਅਤੇ ਮਨੋਵਿਗਿਆਨ ਅਨੁਸਾਰ ਬਦਲਦੀ ਰਹਿੰਦੀ ਹੈ।

### 1.1.2.1 ਆਤਮਾ ਦਾ ਅਧਿਐਨ (Study of Soul) :-

ਕੁਦਰਤ ਅਤੇ ਸੰਸਾਰ ਦੇ ਗਿਆਨ ਵਿਚ ਵਿਕਾਸ ਹੋਣ ਨਾਲ ਚਿੰਤਕ ਵਿਅਕਤੀ ਦੇ ਆਪਣੇ ਸੰਸਾਰ ਵਿਚ ਜ਼ਿਆਦਾ ਰੁਚੀ ਲੈਣ ਲੱਗੇ। ਉਨ੍ਹਾਂ ਦਾ ਧਿਆਨ ਵਿਅਕਤੀ ਦੀਆਂ ਮਾਨਸਿਕ ਕ੍ਰਿਆਵਾਂ ਵੱਲ ਹੀ ਸੀ। ਉਨ੍ਹਾਂ ਨੇ ਵਿਅਕਤੀਆਂ ਦੀਆਂ ਮਾਨਸਿਕ ਕ੍ਰਿਆਵਾਂ ਨੂੰ ਕੁਦਰਤੀ ਕ੍ਰਿਆਵਾਂ ਤੋਂ ਬਿਲਕੁਲ ਭਿੰਨ ਦੱਸਿਆ। ਕੁਦਰਤੀ ਵਸਤੂਆਂ ਨੂੰ ਸਿੱਧੇ-ਰੂਪ ਵਿਚ ਦੇਖਿਆ, ਸੰਭਾਲਿਆ ਅਤੇ ਆਪਣੀ ਇੱਛਾ ਅਨੁਸਾਰ ਵਰਤਿਆ ਜਾ ਸਕਦਾ ਹੈ। ਉਹ ਸਥਿਰ ਅਤੇ ਦ੍ਰਿੜ ਹਨ। ਪੁਰਾਣੇ ਚਿੰਤਕ ਮਾਨਸਿਕ ਕ੍ਰਿਆਵਾਂ ਨੂੰ ਇਕ ਸ਼ਕਤੀ ਮੰਨਦੇ ਹਨ ਜੋ ਅਦਿੱਖ, ਅਸਪਰਸ਼ ਅਤੇ ਬਾਹਰਲੀਆਂ ਗਿਆਨ ਇੰਦਰੀਆਂ ਤੋਂ ਛੁਪੀ ਹੁੰਦੀ ਹੈ ਜਿਵੇਂ ਕਿ ਮਾਨਸਿਕ ਕ੍ਰਿਆਵਾਂ ਆਪਣੇ ਆਪ ਵਿਚ ਛੁਪੀਆਂ ਹੁੰਦੀਆਂ ਹਨ। ਉਹਨਾਂ ਨੇ ਸ਼ਕਤੀ ਨੂੰ ਆਤਮਾ ਦਾ ਨਾਮ ਦਿੱਤਾ। ਇਸ ਸ਼ਕਤੀ ਨਾਲ ਧਰਮ ਅਤੇ ਫਿਲਾਸਫੀ ਉਸ ਸਮੇਂ ਖਾਸ ਰੂਪ ਵਿਚ ਜੁੜੇ ਹੋਏ ਸਨ। ਮਾਨਸਿਕ ਕ੍ਰਿਆਵਾਂ ਦੁਆਰਾ ਜੋ ਵੀ ਗਿਆਨ ਇਹ ਚਿੰਤਕ ਪ੍ਰਾਪਤ ਕਰਦੇ ਸਨ, ਉਹ ਉਸ ਗਿਆਨ ਨੂੰ ਆਤਮਾ ਦਾ ਅਧਿਐਨ ਜਾਂ ਮਨੋਵਿਗਿਆਨ ਕਹਿੰਦੇ ਸਨ। ਮਨੋ (Psycho) ਦਾ ਮਤਲਬ ਆਤਮਾ (Soul) ਅਤੇ ਵਿਗਿਆਨ (Logy) ਦਾ ਅਰਥ ਕ੍ਰਮਬੱਧ ਗਿਆਨ (Systematic knowledge) ਹੈ।ਪਰ ਇਹ ਪਰਿਭਾਸ਼ਾ ਕਦੇ ਵੀ ਮਨੋਵਿਗਿਆਨ ਨੂੰ ਵਿਗਿਆਨ ਦੀ ਉਪਲਬਧੀ ਨਹੀ ਦੇ ਸਕਦੀ ਸੀ ਕਿਉਂਕਿ ਆਤਮਾ ਨਿਰਾਕਾਰ ਹੈ ਅਤੇ ਉਸ ਤੇ ਪ੍ਰਯੋਗ ਸੰਭਵ ਨਹੀਂ।

### 1.1.2.2 ਮਨ ਦਾ ਅਧਿਐਨ (Study of Mind) :-

ਕੁਝ ਮਨੋਵਿਗਿਆਨੀਆਂ ਨੇ ਅਨੁਭਵ ਕੀਤਾ ਕਿ ਚਾਹੇ ਮਾਨਸਿਕ ਕ੍ਰਿਆਵਾਂ ਅਦਿੱਖ, ਅਸਪਰਸ਼ ਅਤੇ ਸਥਿਰ ਹਨ, ਪਰ ਵਿਅਕਤੀ ਇਹਨਾਂ ਕ੍ਰਿਆਵਾਂ ਤੋਂ ਉਸ ਸਮੇਂ ਹੀ ਸਿੱਧਾ ਗਿਆਨ ਪ੍ਰਾਪਤ ਕਰ ਸਕਦਾ ਹੈ ਜਦੋਂ ਇਹ ਕ੍ਰਿਆਵਾਂ ਉਸ ਵਿਅਕਤੀ ਵਿਚ ਵਾਪਰਦੀਆਂ ਹਨ। ਹਰ ਕੋਈ ਸਿੱਧੇ ਤੌਰ ਤੇ ਜਾਣ ਸਕਦਾ ਹੈ ਕਿ ਉਹ ਦੇਖ ਰਿਹਾ ਹੈ ਜਾਂ ਸੋਚ ਰਿਹਾ ਹੈ ਜਾਂ ਯਾਦ ਕਰ ਰਿਹਾ ਹੈ ਜਾਂ ਕਲਪਨਾ ਕਰ ਰਿਹਾ ਹੈ। ਉਹ ਕਿਸੇ ਖਾਸ ਮੌਕੇ ਤੇ ਆਪਣੀਆਂ ਇੱਛਾਵਾਂ, ਭਾਵਨਾਵਾਂ, ਪਸੰਦ-ਨਾਪਸੰਦ ਆਦਿ ਬਾਰੇ ਜਾਣ ਸਕਦਾ ਹੈ। ਇਹ ਸਭ ਉਸ ਦੇ ਆਪਣੇ ਹੀ ਨਿਰੀਖਣ ਵਿਚ ਉਸ ਦੇ ਸਾਹਮਣੇ ਹੈ ਪਰੰਤੂ ਆਤਮਾ, ਜਿਸ ਨਾਲ ਉਹ ਇਨ੍ਹਾਂ ਕ੍ਰਿਆਵਾਂ ਨੂੰ ਸੰਬੰਧਿਤ ਕਰਦਾ ਹੈ ਵਿਅਕਤੀ ਦੀ ਪਹੁੰਚ ਤੋਂ ਬਾਹਰ ਹੈ। ਉਹ ਆਤਮਾ ਦੀ ਇੱਕ ਵੀ ਝਲਕ ਨਹੀਂ ਦੇਖ ਸਕਦਾ। ਇਸ ਲਈ ਇਹ ਜ਼ਰੂਰੀ ਨਹੀਂ ਕਿ ਵਿਅਕਤੀ ਦੀਆਂ ਮਾਨਸਿਕ ਕ੍ਰਿਆਵਾਂ ਨੂੰ ਸਮਝਣ ਲਈ ਆਤਮਾ ਦਾ ਸਹਾਰਾ ਲੈਣਾ ਪਵੇ ਜੋ ਕਿ ਹਮੇਸ਼ਾਂ ਅਸਪਰਸ਼ ਅਤੇ ਅਦਿੱਖ ਹੈ। ਮਨੋਵਿਗਿਆਨੀਆਂ ਨੇ ਇਸ ਦੀ ਵਿਆਖਿਆ ਕਰਨ ਲਈ ਮਨੋਵਿਗਿਆਨ (Psychology) ਸ਼ਬਦ ਦੀ ਹੀ ਵਰਤੋਂ ਕੀਤੀ ਪਰ ਉਹਨਾਂ ਨੇ ਇਸ ਦਾ ਮਤਲਬ ਬਦਲ ਦਿੱਤਾ। ਮਨੋਵਿਗਿਆਨੀਆਂ ਨੇ ਮਾਨਸਿਕ ਕ੍ਰਿਆਵਾਂ ਨੂੰ ਜਿਹਨਾਂ ਦਾ ਉਹ ਅਧਿਐਨ ਕਰ ਰਹੇ ਹਨ, ਮਨ ਨਾਲ ਜੋੜ ਦਿੱਤਾ। ਉਨ੍ਹਾਂ ਨੇ ਮਨੋਵਿਗਿਆਨ ਨੂੰ ਮਨ ਦਾ ਅਧਿਐਨ (Study of mind) ਦੱਸਿਆ।

### 1.1.2.3 ਅਨੁਭਵ ਜਾਂ ਤਜਰਬੇ ਦਾ ਅਧਿਐਨ (Study of Experience) :-

ਹੌਲੀ-ਹੌਲੀ ਇਹ ਅਹਿਸਾਸ ਹੋਇਆ ਕਿ ਮਨ, ਜਿਸਨੂੰ ਇਕ ਜ਼ਰੂਰੀ ਹਿੱਸਾ ਮੰਨਿਆ ਜਾਂਦਾ ਹੈ, ਉਹ ਵੀ ਆਤਮਾ ਦੀ ਤਰ੍ਹਾਂ ਅਣਜਾਣ ਅਤੇ ਨਾ ਜਾਣਿਆ ਜਾਣ ਵਾਲਾ ਹਿੱਸਾ ਹੈ। ਮਨੋਵਿਗਿਆਨੀਆਂ ਨੇ ਇਸ ਲਈ ਮਾਨਸਿਕ ਕ੍ਰਿਆਵਾਂ ਨੂੰ ਇਕ ਸਾਧਾਰਣ ਨਾਮ 'ਤਜਰਬਾ' ਦਿੱਤਾ ਅਤੇ ਮਨੋਵਿਗਿਆਨ ''ਤਜਰਬੇ ਦਾ ਅਧਿਐਨ'' (Study of Experience) ਕਿਹਾ। ਉਨ੍ਹਾਂ ਨੇ ਮਨੋਵਿਗਿਆਨ ਦੀ ਵਿਆਖਿਆ ਕਰਨ ਲਈ ਤਜਰਬੇ ਸ਼ਬਦ ਨੂੰ ਉਸ ਅਨੁਭਵ ਲਈ ਵਰਤਿਆ ਜਿਸ ਬਾਰੇ ਹਰ ਵਿਅਕਤੀ ਹਰ ਸਮੇਂ ਜਾਗਰੂਪ ਹੈ ਅਤੇ ਆਪਣੇ ਪਿਛਲੇ ਅਤੇ ਆਉਣ ਵਾਲੇ ਸਮੇਂ ਲਈ ਵੀ ਜਾਗਰੂਪ ਹੁੰਦਾ ਹੈ। ਇਸ ਸ਼ਬਦ ਦਾ ਵਿਅਕਤੀ ਨਾਲ ਨਿੱਜੀ ਸੰਬੰਧ ਹੈ ਜਿਵੇਂ ਕਿ ਮਾਨਸਿਕ ਕ੍ਰਿਆਵਾਂ ਦਾ ਵੀ ਹੈ। ਇਸ ਲਈ ਇਹ ਸੋਚਿਆ ਜਾਂਦਾ ਹੈ ਕਿ ਮਾਨਸਿਕ ਕ੍ਰਿਆਵਾਂ ਨੂੰ ਕੁਦਰਤੀ ਜਾਂ ਸਰੀਰਕ ਕ੍ਰਿਆਵਾਂ ਤੋਂ ਭਿੰਨ ਸਮਝਣ ਲਈ 'ਤਜਰਬਾ' ਸ਼ਬਦ ਹੀ ਸਭ ਤੋਂ ਉਪਯੁਕਤ ਹੈ।

### 1.1.2.4 ਵਿਵਹਾਰ ਦਾ ਅਧਿਐਨ (Study of Science of Behaviour) :-

ਕੁਝ ਸਮੇਂ ਬਾਅਦ ਕੁਝ ਅਭਿਲਾਸ਼ੀ ਮਨੋਵਿਗਿਆਨੀਆਂ ਨੇ, ਜੋ ਮਨੋਵਿਗਿਆਨ ਦੇ ਵਿਕਾਸ ਲਈ ਕੁਦਰਤੀ ਵਿਗਿਆਨ ਨੂੰ ਇਕ ਮਾਡਲ ਦੇ ਰੂਪ ਵਿਚ ਵਰਤਣਾ ਚਾਹੁੰਦੇ ਸਨ, 'ਤਜਰਬੇ' ਸ਼ਬਦ ਤੇ ਇਤਰਾਜ ਕੀਤਾ। ਉਨ੍ਹਾਂ ਨੇ ਕਿਹਾ ਕਿ ਤਜਰਬਾ (Experience) ਇਕ ਬਹੁਤ ਹੀ ਨਿੱਜੀ ਅਤੇ ਪ੍ਰਾਈਵੇਟ ਸ਼ਬਦ ਹੈ। ਪਰੰਤੂ ਵਿਗਿਆਨ ਉਹ ਅਧਿਐਨ ਹੈ ਜੋ ਸਭ ਲੋਕਾਂ ਦੇ ਸਾਹਮਣੇ ਹੁੰਦਾ ਹੈ, ਕੁਝ ਅਜਿਹਾ ਜਿਸ ਵਿਚ ਸਾਰੇ ਲੋਕ ਆਪਣੀ ਖੁਸ਼ੀ ਅਨੁਸਾਰ ਸਿੱਧੇ ਤੌਰ ਤੇ ਭਾਗ ਲੈ ਸਕਣ। ਇਹਨਾਂ ਮਨੋਵਿਗਿਆਨੀਆਂ ਨੇ ਇਸ ਗੱਲ ਤੇ ਜ਼ੋਰ ਦਿੱਤਾ ਕਿ ਮਨੋਵਿਗਿਆਨ ਦੇ ਵਿਸ਼ਾ-ਖੇਤਰ ਵਿਚ ਸਿਰਫ ਉਹ ਕ੍ਰਿਆਵਾਂ ਹੋਣੀਆਂ ਚਾਹੀਦੀਆਂ ਹਨ ਜੋ ਹਰ ਵਿਅਕਤੀ ਦੇ ਨਿਰੀਖਣ ਲਈ ਸੰਭਵ ਹੋਣ। ਮਾਨਸਿਕ ਕ੍ਰਿਆਵਾਂ ਅਜਿਹੀਆਂ ਨਹੀਂ ਹਨ। ਇਸ ਲਈ ਮਨੋਵਿਗਿਆਨ ਨੂੰ ਵਿਕਅਕਤੀ ਦੀਆਂ ਸਿਰਫ ਸਰੀਰਕ ਕ੍ਰਿਆਵਾਂ ਤੱਕ ਹੀ ਸੀਮਤ ਰਹਿਣਾ ਚਾਹੀਦਾ ਹੈ। ਉਨ੍ਹਾਂ ਨੇ ਸਰੀਰਕ ਕ੍ਰਿਆਵਾਂ ਨੂੰ ਦੋ ਭਾਗਾਂ ਵਿਚ ਵੰਡਿਆ :

(1) ਬਾਹਰੀ ਸਰੀਰਕ ਕ੍ਰਿਆਵਾਂ; ਅਤੇ

(2) ਅੰਦਰੂਨੀ ਸਰੀਰਕ ਕ੍ਰਿਆਵਾਂ

ਬਾਹਰੀ ਸਰੀਰਕ ਕ੍ਰਿਆਵਾਂ ਹਰ ਵਿਅਕਤੀ ਦੇਖ ਸਕਦਾ ਹੈ ਜਿਵੇਂ ਕਿ ਹੱਥਾਂ, ਪੈਰਾਂ, ਅੱਖਾਂ ਆਦਿ ਵਿਚ ਹਰਕਤ। ਅੰਦਰੂਨੀ ਸਰੀਰਕਕ੍ਰਿਆਵਾਂ ਜਿਵੇਂ ਕਿ ਦਿਲ ਦੀ ਕਾਰਜ ਪ੍ਰਣਾਲੀ, ਫੇਫੜਿਆਂ, ਪੇਟ ਅਤੇ ਖੂਨ ਸੰਚਾਰ ਪ੍ਰਣਾਲੀ ਦੀ ਕ੍ਰਿਆ ਆਦਿ ਦੇਖਣ ਲਈ ਵਿਅਕਤੀ ਨੂੰ ਕੁਝ ਨਾਜ਼ੁਕ ਅਪਰੇਟਸਾਂ ਦੀ ਜ਼ਰੂਰਤ ਹੁੰਦੀ ਹੈ ਉਹਨਾਂ ਨੇ ਸਰੀਰਕ ਕ੍ਰਿਆਵਾਂ ਨੂੰ ਇਕ ਸਾਧਾਰਣ ਨਾਮ 'ਵਿਵਹਾਰ' (Behaviour) ਦੇ ਦਿੱਤਾ। ਇਹਨਾਂ ਮਨੋਵਿਗਿਆਨੀਆਂ ਨੇ ਜਾਨਵਰਾਂ ਦਾ ਅਧਿਐਨ ਕਰਕੇ ਮਨੋਵਿਗਿਆਨ ਦੇ ਖੇਤਰ ਵਿਚ ਵਾਧਾ ਕੀਤਾ। ਉਹਨਾਂ ਅਨੁਸਾਰ ਜਾਨਵਰਾਂ ਦੇ ਵਿਵਹਾਰ ਦੀ ਸਮਝ

ਮਨੁੱਖੀ ਵਿਵਹਾਰ ਨੂੰ ਜ਼ਿਆਦਾ ਚੰਗੀ ਤਰ੍ਹਾਂ ਸਮਝਣ ਵਿਚ ਲਾਭਵੰਦ ਹੋ ਸਕਦੀ ਹੈ। ਇਹਨਾਂ ਵਿਵਹਾਰਵਾਦੀਆਂ (Behaviourists) ਦੇ ਪ੍ਰਭਾਵ ਦੇ ਨਾਲ ਹੀ ਮਨੋਵਿਗਿਆਨਕ ਪ੍ਰਯੋਗਸ਼ਾਲਾ ਸ਼ੁਰੂ ਹੋਈ ਸੀ ਜਿਸ ਵਿਚ ਸਿਰਫ ਮਨੁੱਖ ਦਾ ਵਿਵਹਾਰ ਹੀ ਨਹੀਂ ਸਗੋਂ ਜਾਨਵਰਾਂ ਜਿਵੇਂ ਕਿ ਕੁੱਤੇ, ਬਿਲੀਆਂ, ਬਾਂਦਰਾਂ ਆਦਿ ਦੇ ਵਿਵਹਾਰ ਦਾ ਵੀ ਅਧਿਐਨ (Study of Behaviour) ਕੀਤਾ ਜਾਂਦਾ ਸੀ।

ਮਾਨਸਿਕ ਕ੍ਰਿਆਵਾਂ ਅਤੇ ਸਰੀਰਕ ਕ੍ਰਿਆਵਾਂ, ਤਜਰਬਾ ਅਤੇ ਵਿਵਹਾਰ, ਇਹ ਸਭ ਇਕ ਦੂਸਰੇ ਨਾਲ ਇੰਨ੍ਹੇ ਜ਼ਿਆਦਾ ਸੰਬੰਧਤ ਹਨ ਕਿ ਇਹਨਾਂ ਇਕ ਦੂਜੇ ਤੋਂ ਵੱਖ ਨਹੀਂ ਕੀਤਾ ਜਾ ਸਕਦਾ। ਅਸੀਂ ਵਿਅਕਤੀਆਂ ਦੀਆਂ ਮਾਨਸਿਕ ਕ੍ਰਿਆਵਾਂ ਨੂੰ ਸਰੀਰਕ ਕ੍ਰਿਆਵਾਂ ਤੋਂ ਵੱਖ ਕਰਕੇ ਉਨ੍ਹਾਂ ਦਾ ਅਧਿਐਨ ਨਹੀਂ ਕਰ ਸਕਦੇ। ਇਸ ਕਰਕੇ ਅਸੀਂ ਮਨੋਵਿਗਿਆਨ ਦੀ ਵਿਆਖਿਆ ਜਾਂ ਪਰਿਭਾਸ਼ਾ ਨੂੰ ਤਜਰਬੇ ਅਤੇ ਵਿਵਹਾਰ ਦਾ ਕ੍ਰਮਬੱਧ ਅਧਿਐਨ ਕਹਿਣਾ ਪਸੰਦ ਕਰਾਂਗੇ (Psychology is the systematic study of experience and behaviour).R.S.Woodworth ਨੇ ਮਨੋਵਿਗਿਆਨ ਦੀ ਇਹ ਪਰਿਭਾਸ਼ਾ ਦਿੱਤੀ, "Psychology is the science of activities of an organism in relation to the environment." ਇਹ ਪਰਿਭਾਸ਼ਾ ਦਸਦੀ ਹੈ ਕਿ ਮਨੋਵਿਗਿਆਨ ਇੱਕ ਵਿਗਿਆਨ ਹੈ ਅਤੇ ਇਹ ਕਿਸੇ ਵੀ ਜੀਵਕ ਪ੍ਰਾਣੀ ਦਾ ਵਿਵਹਾਰ ਉਸ ਦੇ ਵਾਤਾਵਰਣ ਦੇ ਅਨੁਸਾਰ ਨਿਰਿਖਣ ਕਰਦਾ ਹੈ।

ਮਨੋਵਿਗਿਆਨ ਦੇ ਖੇਤਰ ਤੇ ਹੇਠ ਲਿਖੀਆਂ ਗੱਲਾਂ ਚਾਣਨਾ ਪਾਉਂਦੀਆਂ ਹਨ :-

1. ਮਾਨਸਿਕ ਪ੍ਰਕ੍ਰਿਆਵਾਂ (Mental Processes) : ਮਾਨਸਿਕ ਕ੍ਰਿਆਵਾਂ ਜਿਵੇਂ ਕਿ ਸੰਵੇਦਨਾ, ਪ੍ਰਤੱਖੀਕਰਣ, ਸਿੱਖਣਾ, ਯਾਦ ਕਰਨਾ, ਕਲਪਨਾ, ਭੁੱਲਣਾ ਆਦਿ ਮਨੋਵਿਗਿਆਨ ਦੇ ਖੇਤਰ ਵਿੱਚ ਆਉਂਦੀਆਂ ਹਨ।
2. ਪ੍ਰਗਟਾਵਾ ਅਤੇ ਵਿਵਹਾਰ (Expression and Behaviour) : ਵਿਅਕਤੀ ਦੇ ਵਿਵਹਾਰ ਦੇ ਪ੍ਰਗਟਾਵੇ ਨਾਲ ਸਬੰਧਤ ਕ੍ਰਿਆਵਾਂ ਦਾ ਅਧਿਐਨ ਮਨੋਵਿਗਿਆਨ ਦੇ ਖੇਤਰ ਵਿੱਚ ਆਉਂਦਾ ਹੈ। ਕਿਸੇ ਵਿਅਕਤੀ ਦੀ ਕ੍ਰਿਆਵਾਂ ਜਾ ਵਿਵਹਾਰ ਤਿੰਨ ਤਰ੍ਹਾਂ ਦੀਆਂ ਹੁੰਦੀਆਂ ਹਨ।
    - (i) ਗਿਆਨਆਤਮਕ ਵਿਵਹਾਰ (Cognitive behaviour)
      ਇਸ ਵਿੱਚ ਉਹ ਗਿਆਨਾਤਮਕ ਕ੍ਰਿਆਵਾਂ ਸ਼ਾਮਲ ਹਨ ਜਿਵੇਂ ਕਿ ਸੰਵੇਦਨਾ, ਪ੍ਰਤੱਖੀਕਰਣ, ਚਿੰਤਨ, ਯਾਦਦਾਸ਼ਤ ਆਦਿ।
    - (ii) ਕ੍ਰਿਆਤਮਕ ਵਿਵਹਾਰ (Conative behaviour)
      ਇਸ ਵਿੱਚ ਉਹ ਕ੍ਰਿਆਵਾਂ ਸ਼ਾਮਲ ਹਨ ਜਿਨਾਂ ਦੀ ਵਿਅਕਤੀ ਇੱਛਾ ਕਰਦਾ ਹੈ, ਜਿਵੇਂ ਚਲਣਾ, ਖੇਡਣਾ, ਕੁੱਦਣਾ ਆਦਿ।
    - (iii) ਭਾਵਾਤਮਕ ਵਿਵਹਾਰ (Affective behaviour)
      ਇਸ ਵਿੱਚ ਭਾਵਾਤਮਕ ਕ੍ਰਿਆਵਾਂ ਜਿਵੇਂ ਕਿ ਸੰਵੇਗ, ਭਾਵਨਾਵਾਂ ਆਦਿ ਸ਼ਾਮਿਲ ਹੁੰਦੀਆਂ ਹਨ।

### 1.1.2.5 ਕੀ ਮਨੋਵਿਗਿਆਨ ਵਿਗਿਆਨ ਹੈ?

ਮਨੋਵਿਗਿਆਨ ਇਕ ਵਿਗਿਆਨ ਹੀ ਹੈ, ਕਿਉਂਕਿ ਇਹ ਵਿਵਹਾਰ ਦਾ ਗਿਆਨ ਹੈ। ਇਸ ਦਾ ਅਰਥ ਇਹ ਹੈ ਕਿ ਮਨੋਵਿਗਿਆਨ ਦਾ ਗਿਆਨ ਵਿਗਿਆਨ ਦੀਆਂ ਵਿਧੀਆਂ, ਕਦਰਾਂ-ਕੀਮਤਾਂ ਦਾ ਪ੍ਰਤੀਕ ਕਰਦਾ ਹੈ, ਤਾਂ ਜੋ ਵਿਅਕਤੀ ਦੇ ਵਿਵਹਾਰ ਸੰਬੰਧੀ ਨਿਯਮ ਲਭੇ ਜਾ ਸਕਣ। ਇਸ ਦਾ ਵਿਸ਼ਾ ਵਸਤੂ ਵਿਅਕਤੀਆਂ ਦਾ ਪ੍ਰਤੱਖ ਵਿਵਹਾਰ ਹੈ। ਮਨੋਵਿਗਿਆਨ ਦਾ ਮਾਨਸਿਕ ਜਾਂ ਵਿਵਹਾਰਿਕ ਸਮਸਿਆਵਾਂ ਨੂੰ ਨਜੀਠਨ ਦਾ ਤਰੀਕਾ ਹੀ ਵਿਗਿਆਨਿਕ ਹੈ। ਇਸ ਵਿਚ ਪਹਿਲਾਂ ਸਮਸਿਆ ਨੂੰ ਸਮਝਿਆ ਜਾਂਦਾ ਹੈ, ਫਿਰ ਭਵਿਖਬਾਣੀ ਕੀਤੀ ਜਾਂਦੀ ਹੈ ਅਤੇ ਨਿਯੰਤਰਨ ਕਰਕੇ ਜ਼ਿੰਦਗੀ ਦੇ ਟੀਚੇ ਪ੍ਰਾਪਤ ਕਰਨ ਲਈ ਨਿਰਦੇਸ਼ਤ ਕੀਤਾ ਜਾਂਦਾ ਹੈ। ਇਹ ਅਨੁਮਾਨ ਲਗਾਇਆ ਜਾਂਦਾ ਹੈ ਕਿ ਸਾਰਾ ਮਨੁੱਖੀ ਵਿਵਹਾਰ ਕੁਝ ਕਾਰਨਾਂ ਤੇ ਪ੍ਰਭਾਵਾਂ ਦਾ ਸਿੱਟਾ ਹੁੰਦਾ ਹੈ। ਇਸ ਨੂੰ ਸਮਝਣਾ ਬਹੁਤ ਗੁੰਝਲਦਾਰ ਸਮੱਸਿਆ ਹੈ, ਜਿਸ ਦਾ ਵਿਸ਼ਲੇਸ਼ਣ ਕਰਨਾ ਬਹੁਤ ਕਠਿਨ ਹੈ। ਇਸ ਲਈ ਮਨੁੱਖੀ ਵਿਵਹਾਰ ਦੀ ਭਵਿਖਬਾਣੀ ਕਰਨੀ ਬਹੁਤ

ਮੁਸ਼ਕਿਲ ਹੈ। ਪਰੰਤੂ ਮਨੋਵਿਗਿਆਨ, ਵਿਗਿਆਨਕ ਲੀਹਾਂ ਤੋਂ ਉਤੇਜਿਤ ਹੈ ਅਤੇ ਇਸ ਦਾ ਗਿਆਨ ਪ੍ਰੇਖਣ ਅਤੇ ਪ੍ਰਯੋਗਸ਼ਾਲਾ ਵਿਚ ਪ੍ਰਯੋਗਾਂ ਦੇ ਸਿੱਟਿਆਂ ਤੇ ਹੀ ਨਿਰਧਾਰਤ ਹੁੰਦਾ ਹੈ। ਇਸ ਲਈ ਮਨੋਵਿਗਿਆਨ ਨੂੰ ਵਿਗਿਆਨ ਕਹਿਣਾ ਉਚਿਤ ਹੈ।

### 1.1.3 ਮਨੋਵਿਗਿਆਨ ਦੀਆਂ ਸ਼ਾਖਾਵਾਂ ਅਤੇ ਸਕੋਪ(Branches of Psychology/Scope)

ਪਿਛਲੇ ਕੁਝ ਸਾਲਾਂ ਵਿਚ ਮਨੋਵਿਗਿਆਨ ਨੇ ਬਹੁਤ ਤਰੱਕੀ ਕੀਤੀ ਹੈ। ਮਨੋਵਿਗਿਆਨ ਮਨੁੱਖੀ ਵਿਵਹਾਰ ਦੇ ਵੱਖ ਵੱਖ ਕਿਸਮਾਂ ਨਾਲ ਸੰਬੰਧਿਤ ਹੈ ਜੋ ਕਿ ਅਲੱਗ-ਅਲੱਗ ਸਥਿਤੀਆਂ ਵਿਚ ਵਾਪਰਦਾ ਹੈ। ਇਸ ਕਰਕੇ ਮਨੋਵਿਗਿਆਨ ਨੂੰ ਵਿਵਹਾਰ ਅਨੁਸਾਰ ਕਈ ਭਾਗਾਂ ਵਿਚ ਵੰਡ ਦਿੱਤਾ ਗਿਆ ਹੈ। ਹੁਣ ਅਸੀਂ ਮਨੋਵਿਗਿਆਨ ਦੀਆਂ ਕੁਝ ਅਜਿਹੀਆਂ ਹੀ ਮਹੱਤਵਪੂਰਨ ਸ਼ਾਖਾਵਾਂ ਜਾਂ ਭਾਗਾਂ ਦਾ ਵਰਨਣ ਕਰਦੇ ਹਾਂ।

### 1.1.3.1 ਬਾਲ ਮਨੋਵਿਗਿਆਨ (Child Psychology) :

ਮਨੋਵਿਗਿਆਨ ਮਨੁੱਖੀ ਵਿਵਹਾਰ ਦਾ ਅਧਿਐਨ ਕਰਦਾ ਹੈ। ਮਨੁੱਖੀ ਵਿਵਹਾਰ ਸਮਝਣ ਲਈ ਅਸੀਂ ਇਸ ਵਿਵਹਾਰ ਵਿਚ ਤਬਦੀਲੀ ਦੀ ਪ੍ਰਕ੍ਰਿਆ ਨੂੰ ਸਮਝਣ ਦਾ ਯਤਨ ਕਰਦੇ ਹਾਂ। ਮਨੋਵਿਗਿਆਨ ਦੀ ਇਕ ਖਾਸ ਬ੍ਰਾਂਚ ਹੈ ਜੋ ਇਹ ਅਧਿਐਨ ਕਰਦੀ ਹੈ ਕਿ ਬਚਪਨ ਤੋਂ ਲੈ ਕੇ ਬੁੱਢੀ ਉਮਰ ਤਕ ਬੱਚੇ ਦੇ ਵਿਕਾਸ ਵਿਚ ਉਸ ਦਾ ਵਿਵਹਾਰ ਕਿਸ ਤਰ੍ਹਾਂ ਬਦਲਦਾ ਅਤੇ ਸੁਧਰਦਾ ਰਹਿੰਦਾ ਹੈ। ਮਨੋਵਿਗਿਆਨ ਦੀ ਇਸ ਬ੍ਰਾਂਚ ਨੂੰ ਵਿਕਾਸ ਮਨੋਵਿਗਿਆਨ (Developmental Psychology) ਕਹਿੰਦੇ ਹਨ। ਵਿਅਕਤੀ ਦੇ ਵਿਵਹਾਰ ਵਿਚ ਸਭ ਤੋਂ ਜ਼ਿਆਦਾ ਤਬਦੀਲੀ ਉਸ ਸਮੇਂ ਹੁੰਦੀ ਹੈ ਜਦੋਂ ਉਹ ਬਚਪਨ ਅਵਸਥਾ ਤੋਂ ਬਾਲਗ ਅਵਸਥਾ ਵਿਚ ਦਾਖਲ ਹੁੰਦਾ ਹੈ। ਇਸ ਤਬਦੀਲੀ ਬਾਰੇ ਜਾਨਣ ਲਈ ਹੀ ਬਾਲ ਮਨੋਵਿਗਿਆਨ ਹੋਂਦ ਵਿਚ ਆਇਆ ਜੋ ਖਾਸ ਤੌਰ ਤੇ ਬੱਚੇ ਦੇ ਵਿਵਹਾਰ ਦੇ ਵਿਕਾਸ ਬਾਰੇ ਦੱਸਦਾ ਹੈ। ਇਕ ਬੱਚੇ ਦੇ ਮਾਨਸਿਕ ਅਤੇ ਸਰੀਰਕ ਵਿਕਾਸ ਬਾਰੇ ਦੱਸਦਾ ਹੈ। ਬਾਲ ਵਿਗਿਆਨ ਦੱਸਦਾ ਹੈ ਕਿ ਬੱਚੇ ਦੀਆਂ ਸਭ ਤੋਂ ਪਹਿਲੀਆਂ ਗਿਆਨ ਇੰਦਰੀਆਂ ਕਿਹੜੀਆਂ ਹਨ ? ਪ੍ਰਕਾਸ਼, ਰੰਗ ਅਤੇ ਸੁਣਨ ਸੁੰਘਣ ਦਾ ਗਿਆਨ ਕਿਸ ਤਰ੍ਹਾਂ ਪੈਦਾ ਹੁੰਦਾ ਹੈ ? ਬੱਚਾ ਸਭ ਤੋਂ ਪਹਿਲਾਂ ਕਿਹੜੀ ਆਵਾਜ਼ ਪੈਦਾ ਕਰਦਾ ਹੈ ? ਉਸ ਦੀ ਬੋਲਣ ਦੀ ਸ਼ਕਤੀ ਕਿਵੇਂ ਪੈਦਾ ਹੁੰਦੀ ਹੈ ? ਬੱਚਾ ਆਪਣਾ ਗੁੱਸਾ ਤੇ ਡਰ ਕਿਸ ਤਰ੍ਹਾਂ ਦਿਖਾਉਂਦਾ ਹੈ ? ਇਹ ਸਭ ਗੱਲਾਂ ਅਸੀਂ ਬਾਲ ਮਨੋਵਿਗਿਆਨ ਰਾਹੀਂ ਹੀ ਸਮਝ ਸਕਦੇ ਹਾਂ। ਬਾਲ ਮਨੋਵਿਗਿਆਨ ਇਹ ਵੀ ਦੱਸਦਾ ਹੈ ਕਿ ਬੱਚੇ ਦਾ ਵਿਵਹਾਰ ਬਾਲਗ ਦੇ ਵਿਵਹਾਰ ਤੋਂ ਕਿੰਨਾ ਕਾਰਨਾਂ ਕਰਕੇ ਭਿੰਨ ਹੈ।

### 1.1.3.2 ਅਸਾਧਾਰਣ ਮਨੋਵਿਗਿਆਨ (Abnormal Psychology) :

ਅਸੀਂ ਉਮੀਦ ਕਰਦੇ ਹਾਂ ਕਿ ਇਕੋ ਜਿਹੇ ਵਾਤਾਵਰਣ ਜਾਂ ਹਾਲਤਾਂ ਵਿਚ ਹਰ ਵਿਅਕਤੀ ਤਕਰੀਬਨ ਇਕ ਤਰੀਕੇ ਨਾਲ ਹੀ ਵਿਵਹਾਰ ਕਰਦਾ ਹੈ। ਪਰ ਅਸੀਂ ਦੇਖਦੇ ਹਾਂ ਕਈ ਵਿਅਕਤੀ ਉਸ ਤਰ੍ਹਾਂ ਵਿਵਹਾਰ ਨਹੀਂ ਕਰਦੇ ਜਿਸ ਤਰ੍ਹਾਂ ਆਮ ਲੋਕ ਕਰਦੇ ਹਨ। ਅਕਸਰ ਅਸੀਂ ਇਹ ਉਮੀਦ ਕਰਦੇ ਹਾਂ ਇਕ ਵਿਅਕਤੀ ਨੂੰ ਉਸ ਸਮੇਂ ਬਹੁਤ ਜ਼ਿਆਦਾ ਖੁਸ਼ ਹੋਣਾ ਚਾਹੀਦਾ ਹੈ ਜਦੋਂ ਉਸ ਨੂੰ ਪਤਾ ਲਗੇ ਕਿ ਉਸ ਦਾ ਬੇਟਾ ਯੂਨੀਵਰਸਿਟੀ ਵਿਚੋਂ ਫਸਟ ਆਇਆ ਹੈ, ਪਰ ਕੁਝ ਅਜਿਹੇ ਲੋਕ ਵੀ ਹੁੰਦੇ ਹਨ ਜਿਨ੍ਹਾਂ ਉਤੇ ਅਜਿਹੀ ਖੁਸ਼ਖਬਰੀ ਦਾ ਕੋਈ ਅਸਰ ਨਹੀਂ ਹੁੰਦਾ। ਇਸੇ ਤਰ੍ਹਾਂ ਅਸੀਂ ਸੋਚਦੇ ਹਾਂ ਕਿ ਇਕ ਵਿਅਕਤੀ ਬਹੁਤ ਹੀ ਦੁਖੀ ਹੋਏਗਾ ਜਦੋਂ ਉਸਨੂੰ ਆਪਣੇ ਇਕਲੌਤੇ ਬੱਚੇ ਦੀ ਮੌਤ ਦਾ ਪਤਾ ਲਗੇਗਾ, ਪਰ ਕੁਝ ਵਿਅਕਤੀ ਅਜਿਹੇ ਹੁੰਦੇ ਹਨ, ਜਿਨ੍ਹਾਂ ਨੂੰ ਕੋਈ ਫਰਕ ਨਹੀਂ ਪੈਂਦਾ। ਅਜਿਹੇ ਵਿਅਕਤੀ ਅਕਸਰ ਮਾਨਸਿਕ ਹਸਪਤਾਲਾਂ ਵਿਚ ਮਿਲਦੇ ਹਨ। ਅਜਿਹੇ ਵਿਅਕਤੀਆਂ ਨੂੰ ਅਸਾਧਾਰਣ ਵਿਅਕਤੀ (Abnormal Person) ਕਹਿੰਦੇ ਹਨ। ਉਨ੍ਹਾਂ ਦਾ ਵਿਵਹਾਰ ਅਸਾਧਾਰਨ ਮੰਨਿਆ ਜਾਂਦਾ ਹੈ। ਇਹ ਕੋਈ ਨਹੀਂ ਮੰਨ ਸਕਦਾ ਕਿ ਕੋਈ ਵਿਅਕਤੀ ਜੋ ਬਹੁਤ ਹੀ ਗਰੀਬ ਹੋਏ, ਸਰੀਰ ਤੇ ਪਾਟੇ ਕਪੜੇ ਪਾਏ ਹੋਣ, ਆਪਣੇ ਆਪ ਨੂੰ ਕਿਸੇ ਦੇਸ਼ ਦਾ ਰਾਣੀ ਜਾਂ ਰਾਜਾ ਕਹੇ, ਪਰ ਮਾਨਸਿਕ ਹਸਪਤਾਲਾਂ ਵਿਚ ਅਸੀਂ ਅਜਿਹੇ ਆਸਾਧਰਣ ਵਿਅਕਤੀ ਦੇਖਦੇ ਹਾਂ। ਕਈ ਅਜਿਹੇ ਅਸਾਧਾਰਣ ਵਿਅਕਤੀ ਵੀ ਹੁੰਦੇ ਹਨ ਜਿਨ੍ਹਾਂ ਨੇ ਆਪਣਾ ਸਿਰ ਅਤੇ ਸਰੀਰ ਰੰਗੀਨ ਰੀਬਨਾਂ ਨਾਲ ਸਜਾਇਆ ਹੁੰਦਾ ਹੈ, ਰਾਣੀਆਂ ਦੀ ਤਰ੍ਹਾਂ ਵਿਵਹਾਰ ਕਰਦੇ ਹਨ ਅਤੇ ਡਾਕਟਰ-ਨਰਸਾਂ ਨੂੰ ਆਪਣਾ ਨੌਕਰ ਸਮਝਦੇ ਹਨ।

ਅਸਾਧਾਰਣ ਮਨੋਵਿਗਿਆਨ ਵਿਚ ਇਹ ਅਧਿਐਨ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਆਸਾਧਰਣ ਵਿਅਕਤੀ

ਸਾਧਾਰਣ ਵਿਅਕਤੀਆਂ ਤੋਂ ਬਿਲਕੁਲ ਅਲੱਗ ਵਿਵਹਾਰ ਕਿਉਂ ਕਰਦੇ ਹਨ? ਆਸਾਧਰਣ ਵਿਵਹਾਰ ਕਿਵੇਂ ਪੈਦਾ ਹੁੰਦਾ ਹੈ? ਇਸ ਦੇ ਕੀ ਕਾਰਨ ਹਨ? ਅਤੇ ਇਸ ਦੀਆਂ ਕਿੰਨੀਆਂ ਕਿਸਮਾਂ ਹਨ, ਆਸਾਧਰਣ ਵਿਵਹਾਰ ਨੂੰ ਸਾਧਾਰਣ ਵਿਵਹਾਰ ਕਿਵੇਂ ਬਣਾਇਆ ਜਾ ਸਕਦਾ ਹੈ? ਅਸਾਧਾਰਣ ਵਿਵਹਾਰ ਦੀਆਂ ਕਈ ਕਿਸਮਾਂ ਨੂੰ ਮਾਨਸਿਕ ਬੀਮਾਰੀਆਂ ਕਿਹਾ ਜਾਂਦਾ ਹੈ। ਅਸਾਧਾਰਣ ਮਨੋਵਿਗਿਆਨ 'ਚ ਮਾਨਸਿਕ ਬੀਮਾਰੀਆਂ ਦੀਆਂ ਕਿਸਮਾਂ ਜਾਣਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਹਰ ਬੀਮਾਰੀ ਦੇ ਕੁਝ ਲੱਛਣ ਹੁੰਦੇ ਹਨ। ਮਾਨਸਿਕ ਬੀਮਾਰੀਆਂ ਦਾ ਇਲਾਜ ਕਰਨ ਲਈ ਬੀਮਾਰੀ ਦੇ ਲੱਛਣਾਂ ਨੂੰ ਲੱਭਣਾ ਜ਼ਰੂਰੀ ਹੈ। ਇਨ੍ਹਾਂ ਬੀਮਾਰੀਆਂ ਦੇ ਇਲਾਜ ਲਈ ਕਈ ਤਰੀਕੇ ਵਰਤੇ ਗਏ ਹਨ ਜਿਨ੍ਹਾਂ ਵਿਚ ਮਾਨਸਿਕ ਚਿਕਿਤਸਾ ਵੀ ਸ਼ਾਮਲ ਹੈ।

## 1.1.3.3 ਸਮਾਜਿਕ ਮਨੋਵਿਗਿਆਨ (Social Psychology) :

ਮਨੁੱਖੀ ਵਿਵਹਾਰ ਦਾ ਅਧਿਐਨ ਕਰਦੇ ਸਮੇਂ ਅਸੀਂ ਇਹ ਦੇਖਿਆ ਕਿ ਵਿਅਕਤੀ ਜਦੋਂ ਇਕੱਲਾ ਹੁੰਦਾ ਹੈ ਤਾਂ ਉਸ ਦੇ ਸੋਚਣ, ਮਹਿਸੂਸ ਅਤੇ ਕੰਮ ਕਰਨ ਦਾ ਤਰੀਕਾ ਅਲੱਗ ਹੁੰਦਾ ਹੈ। ਕੁਝ ਵਿਅਕਤੀ ਅਜਿਹੇ ਹੁੰਦੇ ਹਨ ਜੋ ਇਕ ਸਥਿਤੀ ਵਿਚ ਕੁਝ ਹੋਰ ਤੇ ਦੂਸਰੀ ਸਥਿਤੀ ਵਿਚ ਬਿਲਕੁਲ ਉਸ ਦੇ ਉਲਟ ਵਿਵਹਾਰ ਕਰਦੇ ਹਨ। ਉਦਾਹਰਣ ਦੇ ਤੌਰ ਤੇ ਇਕ ਵਿਅਕਤੀ ਅਖਬਾਰ ਰਾਹੀਂ ਲੋਕਾਂ ਨੂੰ ਮਨੁੱਖੀ ਜ਼ਿੰਦਗੀ ਦੀ ਅਹਿਮੀਅਤ ਬਾਰੇ ਦੱਸਦਾ ਹੈ ਉਹੀ ਵਿਅਕਤੀ ਜਦੋਂ ਜਾਤੀਵਾਦ ਦੇ ਨਾਮ ਤੇ ਦੰਗੇ ਹੁੰਦੇ ਹਨ, ਲੋਕਾਂ ਨੂੰ ਉਕਸਾਉਂਦਾ ਹੈ ਕਿ ਦੂਸਰੀ ਜਾਤੀ ਦੇ ਮਰਦ ਅਤੇ ਇਸਤਰੀਆਂ ਮਾਰ ਦਿਓ। ਜਾਂ ਤੁਸੀਂ ਇਕ ਅਜਿਹੇ ਡਾਕਟਰ ਜਾਣਦੇ ਹੋ ਜੋ ਬੀਮਾਰੀਆਂ ਦੇ ਸਰੀਰਕ ਕਾਰਨਾਂ ਅਤੇ ਇਲਾਜ ਲਈ ਹਮੇਸ਼ਾਂ ਚਿਕਿਤਸਕ ਅਤੇ ਉਨ੍ਹਾਂ ਦੀਆਂ ਖੋਜਾਂ ਉੱਪਰ ਅਮਲ ਕਰਨ ਲਈ ਕਹੇਗਾ, ਪਰ ਉਹੀ ਡਾਕਟਰ ਆਪਣੇ ਬੱਚੇ ਦੀ ਬੀਮਾਰੀ ਲਈ ਕੁਝ ਹਕੀਮਾਂ-ਵੈਦਾਂ ਦੀ ਸਹਾਇਤਾ ਲੈਂਦਾ ਹੈ। ਸਮਾਜਿਕ ਮਨੋਵਿਗਿਆਨ ਵਿਚ ਅਸੀਂ ਵਿਅਕਤੀ ਦੇ ਸਮਾਜਿਕ ਵਿਵਹਾਰ ਦੀਆਂ ਅਜਿਹੀਆਂ ਹੀ ਕੁਝ ਸਮੱਸਿਆਵਾਂ ਬਾਰੇ ਅਧਿਐਨ ਕਰਦੇ ਹਾਂ। ਸਮਾਜਿਕ ਮਨੋਵਿਗਿਆਨ ਬੱਚੇ ਉਪਰ ਉਸ ਸਮਾਜ ਦੇ ਪ੍ਰਭਵ ਦਾ ਅਧਿਐਨ ਕਰਦਾ ਹੈ ਜਿਸ ਵਿਚ ਬੱਚਾ ਰਹਿੰਦਾ ਹੈ, ਜਿਥੇ ਉਸ ਦੀਆਂ ਆਦਤਾਂ, ਉਸ ਦੇ ਵਿਚਾਰ, ਵਿਸ਼ਵਾਸ, ਪਸੰਦ-ਨਾਪਸੰਦ, ਉਸ ਦੇ ਆਦਰਸ਼ ਅਤੇ ਉਦੇਸ਼ ਵਿਕਸਿਤ ਹੁੰਦੇ ਹਨ। ਇਹ ਪਤਾ ਲਗਦਾ ਹੈ ਕਿ ਕਿਸੇ ਖਾਸ ਵਿਸ਼ੇ ਬਾਰੇ ਲੋਕ ਆਪਣੀ ਰਾਏ ਕਿਸ ਤਰ੍ਹਾਂ ਬਣਾਉਂਦੇ ਹਨ। ਲੋਕ ਇਕ ਦੂਸਰੇ ਵਿਰੁੱਧ ਲੜਦੇ ਕਿਉਂ ਹਨ ਜਦ ਕਿ ਉਨ੍ਹਾਂ ਨੂੰ ਪਤਾ ਹੁੰਦਾ ਹੈ ਕਿ ਇਸ ਦੇ ਨਤੀਜੇ ਬੁਰੇ ਹੀ ਨਿਕਲਣਗੇ। ਕੁਝ ਵਿਅਕਤੀ ਲੀਡਰ ਅਤੇ ਕੁਝ ਅਨੁਯਾਈ ਦੀ ਤਰ੍ਹਾਂ ਵਿਵਹਾਰ ਕਿਉਂ ਕਰਦੇ ਹਨ? ਲੋਕ ਇਕ ਦੂਸਰੇ ਵਲ ਆਕਰਸ਼ਿਤ ਕਿਸ ਤਰ੍ਹਾਂ ਹੁੰਦੇ ਹਨ ਤੇ ਗਰੁੱਪ ਕਿਸ ਤਰ੍ਹਾਂ ਬਣਦੇ ਹਨ? ਸਮਾਜਿਕ ਮਨੋਵਿਗਿਆਨ ਅਜਿਹੇ ਸਭ ਪ੍ਰਸ਼ਨਾਂ ਦੇ ਉੱਤਰ ਦਿੰਦਾ ਹੈ।

## 1.1.3.4 ਤੁਲਨਾਤਮਕ ਅਤੇ ਪਸ਼ੂ ਮਨੋਵਿਗਿਆਨ (Comparative and Animal Psychology) :

ਮਨੁੱਖੀ ਵਿਵਹਾਰ ਨੂੰ ਸਮਝਣ ਲਈ ਅਸੀਂ ਮਨੁੱਖੀ ਵਿਵਹਾਰ ਦੀ ਤੁਲਨਾ ਦੂਸਰੇ ਜੀਵਤ ਪ੍ਰਾਣੀਆਂ ਨਾਲ ਕਰਦੇ ਹਾਂ। ਅਸੀਂ ਜਾਣਦੇ ਹਾਂ ਕਿ ਵਿਅਕਤੀ ਵੀ ਦੂਸਰੇ ਜਾਨਵਰਾਂ ਦੀ ਤਰ੍ਹਾਂ ਇਕ ਸਮਾਜਿਕ ਜੀਵ ਹੈ। ਉਸ ਦੀਆਂ ਆਦਤਾਂ ਦੂਸਰੇ ਜਾਨਵਰਾਂ ਦੀ ਤਰ੍ਹਾਂ ਹੁੰਦੀਆਂ ਹਨ। ਵਿਅਕਤੀ ਨੂੰ ਵੀ ਭੋਜਨ, ਸਹਾਰੇ ਅਤੇ ਆਰਾਮ ਦੀ ਜ਼ਰੂਰਤ ਹੁੰਦੀ ਹੈ। ਦੂਸਰੇ ਜਾਨਵਰ, ਖਾਸ ਤੌਰ ਤੇ ਜੋ ਮਨੁੱਖ ਦੀ ਜ਼ਿੰਦਗੀ ਦੇ ਬਹੁਤ ਨਜ਼ਦੀਕ ਹੁੰਦੇ ਹਨ, ਵੀ ਕੁਝ ਨਵੀਆਂ ਚੀਜ਼ਾਂ ਸਿਖਦੇ ਹਨ। ਉਹ ਵੀ ਪ੍ਰਤੱਖੀਕਰਣ ਅਤੇ ਯਾਦ ਸ਼ਕਤੀ ਵਰਗੀਆਂ ਕ੍ਰਿਆਵਾਂ ਦੇ ਸੰਕੇਤ ਦਿੰਦੇ ਹਨ। ਮਨੁੱਖੀ ਵਿਵਹਾਰ ਦੂਸਰੇ ਜਾਨਵਰਾਂ ਦੇ ਵਿਵਹਾਰ ਨਾਲ ਕਿੰਨਾ ਕੁ ਮੇਲ ਖਾਂਦਾ ਹੈ? ਕਿੰਨ੍ਹਾਂ ਗੱਲਾਂ ਵਿਚ ਮਨੁੱਖੀ ਵਿਵਹਾਰ, ਜਾਨਵਰਾਂ ਦੇ ਵਿਵਹਾਰ ਤੋਂ ਭਿੰਨ ਹੁੰਦਾ ਹੈ? ਇਨ੍ਹਾਂ ਸਭ ਪ੍ਰਸ਼ਨਾਂ ਦਾ ਉੱਤਰ ਤਾਂ ਹੀ ਮਿਲ ਸਕਦਾ ਹੈ ਜੇ ਅਸੀਂ ਜਾਨਵਰਾਂ ਦੇ ਵਿਵਹਾਰ ਦਾ ਅਧਿਐਨ ਕਰੀਏ। ਅਜਿਹੀਆਂ ਖੋਜਾਂ ਤੁਲਨਾਤਮਕ ਮਨੋਵਿਗਿਆਨ ਵਿਚ ਕੀਤੀਆਂ ਜਾਂਦੀਆਂ ਹਨ। ਜ਼ਿਆਦਾ ਖੋਜਾਂ ਜਾਨਵਰਾਂ ਦੇ ਸਮਾਜਿਕ ਅਤੇ ਭਾਵਨਾਤਮਕ ਵਿਵਹਾਰ, ਉਨ੍ਹਾਂ ਦੇ ਬੱਧੀ ਤੇ ਸਰੀਰ ਦੀ ਸਮਰਥਾ ਅਤੇ ਸਿੱਖਣ ਦੇ ਸਾਧਨਾਂ ਬਾਰੇ ਹੋਈ ਹੈ।

ਮਨੁੱਖ ਦੇ ਸਿੱਖਣ ਬਾਰੇ ਕੁਝ ਤੱਥ ਜਾਨਵਰਾਂ ਦੇ ਸਿੱਖਣ ਦੇ ਪ੍ਰਯੋਗਾਤਮਕ ਅਧਿਐਨ ਤੋਂ ਖੋਜ ਕੀਤੇ ਗਏ। ਜਾਨਵਰਾਂ ਤੇ ਪ੍ਰਯੋਗ ਕਰਨਾ ਆਸਾਨ ਹੈ ਕਿਉਂਕਿ ਉਨ੍ਹਾਂ ਨੂੰ ਕਿਸੇ ਵੀ ਸਥਿਤੀ ਵਿੱਚ ਰੱਖਿਆ ਜਾ ਸਕਦਾ ਹੈ। ਅਸੀਂ ਆਪਣੇ ਪ੍ਰਯੋਗ ਦੇ ਅਨੁਸਾਰ ਉਨ੍ਹਾਂ ਨਾਲ ਕੁਝ ਵੀ ਕਰ ਸਕਦੇ ਹਾਂ। ਇਹ ਸਭ ਆਜ਼ਾਦੀ ਮਨੁੱਖੀ ਪ੍ਰਯੋਗ ਕਰਨ ਤੇ ਨਹੀਂ

ਮਿਲਦੀ। ਉਦਾਹਰਣ ਦੇ ਤੌਰ ਤੇ ਜਾਨਵਰਾਂ ਦੇ ਵਿਵਹਾਰ ਤੇ ਭੁੱਖ ਦਾ ਅਸਰ ਦੇਖਣ ਲਈ ਉਨ੍ਹਾਂ ਨੂੰ ਕਿੰਨ੍ਹੇ ਲੰਬੇ ਸਮੇਂ ਤਕ ਭੁੱਖਾ ਰੱਖ ਸਕਦੇ ਹਾਂ। ਕਈ ਵਾਰ ਅਸੀਂ ਸਿਰਫ ਇਹ ਪਤਾ ਕਰਨ ਲਈ ਕਿ ਬਿਜਲੀ ਦੇ ਝਟਕੇ ਦਾ ਦਿਮਾਗ ਦੇ ਕਿਹੜੇ ਹਿੱਸੇ ਤੇ ਕਿਵੇਂ ਅਸਰ ਪੈਂਦਾ ਹੈ ਅਸੀਂ ਜਾਨਵਰਾਂ ਦੀ ਖੋਪੜੀ ਵੀ ਖੋਲ੍ਹ ਲੈਂਦੇ ਹਾਂ ਪਰ ਇਹ ਸਭ ਪ੍ਰਯੋਗ ਮਨੁੱਖ ਨਾਲ ਨਹੀਂ ਕਰ ਸਕਦੇ। ਤੁਲਨਾਤਮਕ ਅਤੇ ਪਸ਼ੂ ਮਨੋਵਿਗਿਆਨ ਇਹਨਾਂ ਸਭ ਪ੍ਰਸ਼ਨਾਂ ਦਾ ਉੱਤਰ ਦਿੰਦਾ ਹੈ।

### 1.1.3.5 ਸਰੀਰਕ ਮਨੋਵਿਗਿਆਨ (Physiological Psychology) :

ਮਨੋਵਿਗਿਆਨ ਮਨੁੱਖੀ ਵਿਵਹਾਰ ਦਾ ਵਿਗਿਆਨ ਹੈ। ਮਨੁੱਖੀ ਵਿਵਹਾਰ ਵਿਚ ਸਰੀਰਕ ਅਤੇ ਮਾਨਸਿਕ ਦੋਵੇਂ ਕ੍ਰਿਆਵਾਂ ਹੁੰਦੀਆਂ ਹਨ। ਸਰੀਰਕ ਕ੍ਰਿਆਵਾਂ ਸਰੀਰ ਦੇ ਅਲੱਗ-ਅਲੱਗ ਹਿੱਸਿਆਂ ਵਿਚ ਹੁੰਦੀਆਂ ਹਨ। ਮਨੁੱਖੀ ਸਰੀਰ ਦੇ ਹਿੱਸਿਆਂ ਨੂੰ ਇੰਦਰੀਆਂ (Organs) ਕਿਹਾ ਜਾਂਦਾ ਹੈ। ਮਨੁੱਖੀ ਸਰੀਰ ਦੇ ਅੰਗ (Organs) ਬਹੁਤ ਗੁੰਝਲਦਾਰ ਹਨ ਅਤੇ ਇਹਨਾਂ ਦੀ ਬਣਤਰ ਤੇ ਕਾਰਜ ਪ੍ਰਣਾਲੀ ਵੀ ਬਹੁਤ ਗੁੰਝਲਦਾਰ ਹੈ। ਹਰ ਇਕ ਅੰਗ ਦੀ ਕਾਰਜ ਪ੍ਰਣਾਲੀ, ਦੂਸਰੇ ਅੰਗਾਂ ਅਤੇ ਪੂਰੇ ਸਰੀਰ ਦੀ ਕਾਰਜ ਪ੍ਰਣਾਲੀ ਨਾਲ ਸੰਬੰਧਿਤ ਹੁੰਦੀ ਹੈ। ਸਰੀਰ ਵਿਗਿਆਨ ਇਕ ਅੰਗ ਦਾ ਦੂਸਰੇ ਅੰਗਾਂ ਨਾਲ ਸੰਬੰਧਾਂ, ਉਹਨਾਂ ਦੀ ਬਣਤਰ ਅਤੇ ਕਾਰਜ ਪ੍ਰਣਾਲੀ ਬਾਰੇ ਅਧਿਐਨ ਕਰਦਾ ਹੈ। ਵਿਅਕਤੀ ਦੀਆਂ ਸਰੀਰਕ ਕ੍ਰਿਆਵਾਂ ਨੂੰ ਸਮਝਣ ਲਈ ਇਹ ਜ਼ਰੂਰੀ ਹੈ ਕਿ ਮਨੁੱਖੀ ਸਰੀਰ ਦੇ ਸਾਰੇ ਅੰਗਾਂ ਦੀ ਬਣਤਰ ਅਤੇ ਕਾਰਜ ਪ੍ਰਣਾਲੀ ਦੀ ਜਾਣਕਾਰੀ ਹੋਵੇ। ਸਰੀਰਕ ਮਨੋਵਿਗਿਆਨ ਵਿਅਕਤੀ ਦੇ ਸਰੀਰਕ ਵਿਵਹਾਰ ਦਾ ਅਧਿਐਨ ਕਰਦਾ ਹੈ। ਇਹ ਸਾਨੂੰ ਵੱਖ-ਵੱਖ ਪ੍ਰਕਾਰ ਦੀਆਂ ਗਿਆਨ ਇੰਦਰੀਆਂ ਦੀ ਬਣਤਰ ਅਤੇ ਕਾਰਜ ਪ੍ਰਣਾਲੀ ਬਾਰੇ ਦੱਸਦਾ ਹੈ ਜੋ ਸਾਡੇ ਦੇਖਣ, ਸੁੰਣਨ ਅਤੇ ਸੁਆਦ ਦੀ ਪ੍ਰਕ੍ਰਿਆ ਵਿਚ ਸ਼ਾਮਲ ਹੁੰਦੀਆਂ ਹਨ। ਇਹ ਮਨੁੱਖੀ ਦਿਮਾਗ ਅਤੇ ਉਸ ਦੇ ਹਿੱਸਿਆਂ ਦੀ ਬਣਤਰ ਅਤੇ ਕੰਮ ਕਰਨ ਦੀ ਪ੍ਰਕ੍ਰਿਆ ਬਾਰੇ ਵੀ ਦੱਸਦਾ ਹੈ। ਸਰੀਰਕ ਮਨੋਵਿਗਿਆਨ ਤੋਂ ਇਹ ਪਤਾ ਲਗਦਾ ਹੈ ਕਿ ਜਦੋਂ ਅਸੀਂ ਆਪਣੇ ਸਰੀਰ ਅਤੇ ਉਸ ਦੇ ਹਿੱਸਿਆਂ ਨੂੰ ਹਿਲਾਉਂਦੇ ਹਾਂ ਤਾਂ ਉਸ ਵਿਚ ਕਿਹੜੀਆਂ-ਕਿਹੜੀਆਂ ਗਿਆਨ ਇੰਦਰੀਆਂ ਸ਼ਾਮਲ ਹੁੰਦੀਆਂ ਹਨ। ਇਸ ਦੁਆਰਾ ਸਾਨੂੰ ਸਾਹ ਲੈਣਾ, ਖ਼ੂਨ ਦਾ ਦੌਰਾ, ਹਜ਼ਮ ਕਰਨ ਦੀ ਪ੍ਰਕ੍ਰਿਆ ਵਿਚ ਸ਼ਾਮਲ ਇੰਦਰੀਆਂ ਦੀ ਬਣਤਰ ਅਤੇ ਕਾਰਜ ਪ੍ਰਣਾਲੀ ਬਾਰੇ ਵੀ ਜਾਣਕਾਰੀ ਮਿਲਦੀ ਹੈ। ਇਹ ਸਾਰੀ ਜਾਣਕਾਰੀ ਮਨੁੱਖੀ ਵਿਵਹਾਰ ਨੂੰ ਚੰਗੀ ਤਰ੍ਹਾਂ ਸਮਝਣ ਵਿਚ ਬਹੁਤ ਸਹਾਈ ਸਿੱਧ ਹੁੰਦੀ ਹੈ।

### 1.1.3.6 ਪ੍ਰਯੋਗਾਤਮਕ ਮਨੋਵਿਗਿਆਨ (Applied Psychology) :

ਮਨੋਵਿਗਿਆਨ ਵਿਚ ਮਨੁੱਖੀ ਪ੍ਰਕ੍ਰਿਤੀ ਦੀ ਸਮਝ ਨੂੰ ਜੇ ਉਸ ਵਾਤਾਵਰਣ ਵਿਚ ਲਾਗੂ ਕੀਤਾ ਜਾਵੇ ਜਿਸ ਵਾਤਾਵਰਣ ਵਿਚ ਮਨੁੱਖ ਰਹਿੰਦਾ ਹੈ ਤਾਂ ਮਨੁੱਖੀ ਜੀਵਨ ਨੂੰ ਜ਼ਿਆਦਾ ਬੇਹਤਰ ਅਤੇ ਪ੍ਰਭਾਵਸ਼ਾਲੀ ਬਣਾਇਆ ਜਾ ਸਕਦਾ ਹੈ। ਮਨੁੱਖੀ ਵਿਵਹਾਰ ਦੇ ਸਿਧਾਂਤ, ਜੋ ਮਨੋਵਿਗਿਆਨ ਦੁਆਰਾ ਖੋਜੇ ਜਾਂਦੇ ਹਨ, ਵਿਅਕਤੀ ਵਿਚ ਇੱਛਾ ਅਨੁਸਾਰ ਵਿਵਹਾਰ ਪੈਦਾ ਕਰਨ ਲਈ ਵਰਤੇ ਜਾਂਦੇ ਹਨ। ਮਨੋਵਿਗਿਆਨ ਦੀਆਂ ਉਹ ਸ਼ਾਖਾਵਾਂ ਜੋ ਮਨੁੱਖੀ ਵਿਵਹਾਰ ਦੇ ਸੁਧਾਰ ਲਈ ਉਸ ਦੇ ਸਿਧਾਂਤ ਲਾਗੂ ਕਰਦੀਆਂ ਹਨ, ਉਹ ਸਭ (Applied Psychology) ਵਿਚ ਆਉਂਦੀਆਂ ਹਨ।

### 1.1.3.7 ਨਿਦਾਨਿਕ ਮਨੋਵਿਗਿਆਨ (Clinical Psychology) :

ਕੁਝ ਵਿਅਕਤੀ ਅਜਿਹੇ ਹੁੰਦੇ ਹਨ ਜਿਨ੍ਹਾਂ ਨੂੰ ਇਹ ਨਹੀਂ ਪਤਾ ਹੁੰਦਾ ਕਿ ਉਹਨਾਂ ਨੇ ਕਿਸੇ ਖਾਸ ਸਥਿਤੀ ਵਿਚ ਕਿਸ ਤਰ੍ਹਾਂ ਵਿਵਹਾਰ ਕਰਨਾ ਹੈ। ਕੁਝ ਵਿਅਕਤੀ ਕਿਸੇ ਖਾਸ ਤਰੀਕੇ ਨਾਲ ਕੰਮ ਕਰਦੇ ਹਨ, ਪਰੰਤੂ ਉਨ੍ਹਾਂ ਨੂੰ ਆਪਣੀ ਇੱਛਾ ਅਨੁਸਾਰ ਨਤੀਜੇ ਨਹੀਂ ਮਿਲਦੇ। ਉਹ ਸ਼ਾਇਦ ਬਹੁਤ ਜ਼ਿਆਦਾ ਚਿੰਤਤ ਹੁੰਦੇ ਹਨ। ਕੁਝ ਵਿਅਕਤੀ ਸ਼ਾਇਦ ਆਮ ਜਿਹੇ ਤਰੀਕੇ ਨਾਲ ਕੰਮ ਕਰਦੇ ਹਨ ਪਰੰਤੂ ਉਨ੍ਹਾਂ ਦੇ ਕੰਮ ਨਾਲ ਦੂਸਰੇ ਲੋਕਾਂ ਨੂੰ ਤਕਲੀਫ ਹੁੰਦੀ ਹੈ ਜੋ ਉਸ ਦੇ ਕੰਮ ਨਾਲ ਸੰਬੰਧਿਤ ਹੁੰਦੇ ਹਨ। ਅਜਿਹੇ ਸਾਰੇ ਲੋਕਾਂ ਨੂੰ ਵਿਵਹਾਰ ਦੀ ਸਮੱਸਿਆ ਹੁੰਦੀ ਹੈ। ਉਹ ਮੁਸੀਬਤ ਵਿਚ ਹੁੰਦੇ ਹਨ। ਉਹਨਾਂ ਨੂੰ ਇਸ ਮੁਸ਼ਕਲ ਤੋਂ ਬਚਣ ਲਈ ਕਿਸੀ ਮਦਦ ਦੀ ਜ਼ਰੂਰਤ ਹੁੰਦੀ ਹੈ। ਨਿਦਾਨਿਕ ਮਨੋਵਿਗਿਆਨ ਦੱਸਦੇ ਹਨ ਕਿ ਵਿਅਕਤੀ ਦੀ ਅਜਿਹੀਆਂ ਵਿਵਹਾਰਿਕ ਸਮੱਸਿਆ ਵਿਚ ਕਿਵੇਂ ਮੱਦਦ ਕੀਤੀ ਜਾ ਸਕਦੀ ਹੈ।

ਨਿਦਾਨਿਕ ਮਨੋਵਿਗਿਆਨ ਕਈ ਤਰ੍ਹਾਂ ਦੇ ਮਨੋਵਿਗਿਆਨਕ ਟੈਸਟਾਂ ਦੀ ਵਰਤੋਂ ਕਰਦੇ ਹਨ। ਇਹ ਟੈਸਟ ਦੱਸਣ ਵਿਚ ਮਦਦ ਕਰਦੇ ਹਨ ਕਿ ਇਕ ਵਿਅਕਤੀ ਕਿੰਨਾ ਹੁਸ਼ਿਆਰ ਹੈ? ਉਸ ਦੀ ਸਿੱਖਣ ਦੀ ਸਮਰੱਥਾ ਕੀ ਹੈ? ਉਸ ਦੀਆਂ ਪਸੰਦ-ਨਾਪਸੰਦ ਚੀਜ਼ਾਂ ਕਿਹੜੀਆਂ ਹਨ? ਦੂਸਰੇ ਲੋਕਾਂ ਨਾਲ ਕੰਮ ਕਰਨ ਦਾ ਤਰੀਕਾ ਕੀ ਹੈ? ਉਹ ਆਪਣੇ ਬਾਰੇ ਵਿਚ ਕਿਸ ਤਰ੍ਹਾਂ ਸੋਚਦਾ ਹੈ ਆਦਿ ਨਿਦਾਨਿਕ ਮਨੋਵਿਗਿਆਨੀ ਉਸ ਵਿਅਕਤੀ ਅਤੇ ਉਸ ਵਿਅਕਤੀ ਦੀ ਕੇਸ ਹਿਸਟਰੀ ਤਿਆਰ ਕਰਦਾ ਹੈ। ਕੇਸ ਹਿਸਟਰੀ ਦੀ ਮਦਦ ਨਾਲ ਉਹ ਵਿਅਕਤੀ ਦੀ ਮੁਸ਼ਕਿਲ ਦੀ ਜੜ੍ਹ ਤਕ ਪਹੁੰਚ ਸਕਦਾ ਹੈ ਅਤੇ ਉਸ ਦੀ ਅਸਲੀ ਬੀਮਾਰੀ ਬਾਰੇ ਪਤਾ ਲਗਾਉਣ ਦੀ ਕੋਸ਼ਿਸ਼ ਕਰਦਾ ਹੈ। ਵਿਅਕਤੀ ਦੀ ਸਹਾਇਤਾ ਲਈ ਨਿਦਾਨਿਕ ਮਨੋਵਿਗਿਆਨੀ ਉਹ ਸਾਰੇ ਤਰੀਕੇ ਵਰਤਦਾ ਹੈ ਜਿਸਨੂੰ ਵਰਤਣ ਨਾਲ ਉਹ ਸਮਝਦਾ ਹੈ ਕਿ ਵਿਅਕਤੀ ਦਾ ਵਿਵਹਾਰ ਬਦਲਿਆ ਜਾਂ ਸੁਧਾਰਿਆ ਜਾ ਸਕਦਾ ਹੈ। ਉਹ ਵਿਅਕਤੀ ਵਿਚ ਕੁਝ ਅਜਿਹੀਆਂ ਮਾਨਸਿਕ ਸਥਿਤੀਆਂ ਪੈਦਾ ਕਰਦਾ ਹੈ ਜਿਸ ਨਾਲ ਉਸ ਦੀਆਂ ਭਾਵਨਾਵਾਂ, ਉਸ ਦੇ ਸੋਚਣ ਦਾ ਤਰੀਕਾ ਅਤੇ ਜ਼ਿੰਦਗੀ ਪ੍ਰਤੀ ਉਸ ਦਾ ਨਜ਼ਰੀਆ ਬਦਲ ਜਾਂਦਾ ਹੈ।

### 1.1.3.8 ਸਿੱਖਿਆ ਮਨੋਵਿਗਿਆਨ (Learning Psychology) :

ਜਦੋਂ ਬੱਚੇ ਦਾ ਵਿਕਾਸ ਹੁੰਦਾ ਹੈ ਤਾਂ ਉਹ ਬੱਚੇ ਤੋਂ ਅਲੱਗ ਬਣ ਜਾਂਦਾ ਹੈ। ਵਿਕਾਸ ਦੇ ਸਮੇਂ ਦੌਰਾਨ ਬੱਚੇ ਕਾਫੀ ਕ੍ਰਿਆਵਾਂ ਸਿੱਖਦੇ ਹਨ ਅਤੇ ਬਹੁਤ ਸਾਰੇ ਨਵੇਂ ਵਿਚਾਰਾਂ ਅਤੇ ਤੱਥਾਂ ਤੋਂ ਜਾਣੂ ਹੁੰਦੇ ਹਨ। ਪਰੰਤੂ ਬੱਚੇ ਇਹ ਸਭ ਕੁਝ ਸਿਰਫ਼ ਆਪਣੇ ਆਪ ਹੀ ਨਹੀਂ ਸਿੱਖਦੇ। ਸਮਾਜ ਨੇ ਸੰਸਥਾਵਾਂ ਬਣਾਈਆਂ ਹਨ ਜਿਥੇ ਬੱਚੇ ਦੀ ਸਿੱਖਣ ਤੇ ਕੰਟਰੋਲ ਕੀਤਾ ਜਾ ਸਕਦਾ ਹੈ ਅਤੇ ਉਸ ਨੂੰ ਸਹੀ ਅਗਵਾਈ ਦਿੱਤੀ ਜਾਂਦੀ ਹੈ। ਇਹ ਸੰਸਥਾਵਾਂ ਅਜਿਹੀਅ ਸਥਿਤੀਆਂ ਪੈਦਾ ਕਰਦੀਆਂ ਹਨ ਜੋ ਸਿੱਖਣ ਦੇ ਜ਼ਿਆਦਾ ਮੌਕੇ ਪੈਦਾ ਕਰਦੀਆਂ ਹਨ। ਸਿੱਖਣ ਦੀਆਂ ਸੰਸਥਾਵਾਂ ਸਕੂਲ, ਕਾਲਜ ਜਾਂ ਯੂਨੀਵਰਸਿਟੀ ਹੋ ਸਕਦੀਆਂ ਹਨ। ਉਹ ਪ੍ਰਕ੍ਰਿਆ, ਜਿਸ ਰਾਹੀਂ ਇਹਨਾਂ ਸੰਸਥਾਵਾਂ ਵਿਚ ਸਿੱਖਣ ਦੇ ਮੌਕੇ ਪੈਦਾ ਕੀਤੇ ਜਾਂਦੇ ਹਨ, ਸਿੱਖਿਆ ਕਹਿਲਾਉਂਦੀ ਹੈ। ਪ੍ਰਭਾਵਸ਼ਾਲੀ ਸਿੱਖਣਾ ਤਦ ਹੀ ਸੰਭਵ ਹੋ ਸਕਦਾ ਹੈ ਜੇਕਰ ਸਿੱਖਣ ਵਾਲੇ ਬਾਰੇ ਸਹੀ ਜਾਣਕਾਰੀ ਹੋਵੇ। ਸਿੱਖਣ ਵਾਲੇ ਦੀ ਸਮੱਰਥਾ ਅਲੱਗ-ਅਲੱਗ ਸਟੇਜਾਂ ਤੇ ਅਲੱਗ ਅਲੱਗ ਹੁੰਦੀ ਹੈ। ਇਹ ਪਤਾ ਹੋਣਾ ਚਾਹੀਦਾ ਹੈ ਕਿ ਸਿੱਖਣ ਵਾਲੇ ਦੀਆਂ ਲੋੜਾਂ ਕੀ ਹਨ ਤਾਂ ਜੋ ਸਿੱਖਣ ਵਾਲੇ ਕੰਮ ਨੂੰ ਉਸ ਦੀ ਲੋੜ ਨਾਲ ਜੋੜਿਆ ਜਾ ਸਕੇ। ਵਿਅਕਤੀ ਦੀ ਜ਼ਰੂਰਤ ਅਨੁਸਾਰ ਸਿੱਖਣਾ ਉਸ ਦੇ ਲਈ ਕਾਫੀ ਲੰਬੇ ਸਮੇਂ ਤਕ ਪ੍ਰਭਾਵਸ਼ਾਲੀ ਰਹਿੰਦਾ ਹੈ। ਸਿੱਖਣ ਦੀ ਪ੍ਰਕ੍ਰਿਆ ਨੂੰ ਰੋਚਕ ਬਨਾਉਣਾ ਚਾਹੀਦਾ ਹੈ।

ਸਿੱਖਿਅਕ ਮਨੋਵਿਗਿਆਨ ਸਾਨੂੰ ਇਕ ਵਧੀਆਂ ਟੀਚਰ ਜਾਂ ਅਧਿਆਪਕ ਦੀਆਂ ਵਿਸ਼ੇਸ਼ਤਾਵਾਂ ਬਾਰੇ ਦੱਸਦਾ ਹੈ ਅਤੇ ਇਹ ਕਾਮਯਾਬ ਅਧਿਆਪਕ ਬਣਨ ਲਈ ਸਿੱਖਣ ਦਾ ਕਿਹੜਾ ਢੰਗ ਅਪਨਾਉਣਾ ਚਾਹੀਦਾ ਹੈ ਤੇ ਇਕ ਕਾਮਯਾਬ ਅਧਿਆਪਕ ਦੀ ਚੋਣ ਕਿਸ ਤਰ੍ਹਾਂ ਹੋ ਸਕਦੀ ਹੈ ਆਦਿ ਬਾਰੇ ਵੀ ਦੱਸਦਾ ਹੈ। ਹਰ ਵਿਦਿਆਰਥੀ ਦੀ ਸਿੱਖਣ ਦੀ ਸਮਰੱਥਾ ਇੱਕ ਦੂਜੇ ਤੋਂ ਅਲੱਗ ਹੁੰਦੀ ਹੈ। ਕੁਝ ਬੱਚੇ ਸ੍ਰੇਸ਼ਠ, ਕੁਝ ਔਸਤ ਬੁੱਧੀ ਜਾਂ ਕੁਝ ਮੰਦ ਬੁੱਧੀ ਦੇ ਹੋ ਸਕਦੇ ਹਨ। ਸਿਖਿਅਕ ਮਨੋਵਿਗਿਆਨ ਦੱਸਦਾ ਹੈ ਕਿ ਸ਼੍ਰੇਸ਼ਠ ਵਿਦਿਆਰਥੀ ਨੂੰ ਪੜ੍ਹਾਉਣ ਲਈ ਕਿਹੜਾ ਢੰਗ ਵਰਤਣਾ ਚਾਹੀਦਾ ਹੈ ਅਤੇ ਔਸਤ ਬੁੱਧੀ ਵਾਲੇ ਵਿਦਿਆਰਥੀ ਲਈ ਕਿਹੜਾ ਢੰਗ ਅਪਨਾਉਣਾ ਚਾਹੀਦਾ ਹੈ। ਸਿੱਖਣ ਦੀ ਸਮਰੱਥਾ ਵਧਾਉਣ ਦੇ ਵੀ ਕਈ ਤਰੀਕੇ ਹਨ ਜੋ ਸਿੱਖਿਅਕ ਮਨੋਵਿਗਿਆਨ ਦੁਆਰਾ ਚੁਣੇ ਜਾ ਸਕਦੇ ਹਨ। ਬੱਚੇ ਦੀ ਅਕਾਦਮਿਕ ਪ੍ਰਾਪਤੀ ਨੂੰ ਟੈਸਟ ਕਰਨ ਲਈ ਵੀ ਕਈ ਤਰੀਕੇ ਹਨ। ਉਨ੍ਹਾਂ ਦੇ ਗੁਣ ਅਤੇ ਔਗੁਣ ਵੀ ਸਿੱਖਿਅਕ ਮਨੋਵਿਗਿਆਨ ਵਿਚ ਵਰਨਣ ਕੀਤੇ ਜਾਂਦੇ ਹਨ।

### 1.1.3.9 ਉਦਯੋਗਿਕ ਅਤੇ ਬਿਜਨਸ ਮਨੋਵਿਗਿਆਨ (Industrial and Business Psychology):

ਹਰ ਵਿਅਕਤੀ ਨੂੰ ਆਪਣੀ ਰੋਜ਼ੀ-ਰੋਟੀ ਕਮਾਉਣ ਲਈ ਮਿਹਨਤ ਕਰਨੀ ਪੈਂਦੀ ਹੈ। ਉਨ੍ਹਾਂ ਨੂੰ ਛੋਟੀਆਂ ਜਾਂ ਵੱਡੀਆਂ ਫੈਕਟਰੀਆਂ ਵਿਚ ਮਸ਼ੀਨਾਂ ਨਾਲ ਕੰਮ ਕਰਨਾ ਪੈਂਦਾ ਹੈ। ਉਨ੍ਹਾਂ ਨੂੰ ਅਜਿਹੀਆਂ ਕੰਪਨੀਆਂ ਜਾਂ ਦੁਕਾਨਾਂ ਵਿਚ ਕੰਮ ਕਰਨਾ ਪੈਂਦਾ ਹੈ ਜੋ ਬਣਿਆ ਹੋਇਆ ਮਾਲ ਵੇਚਦੇ ਹਨ। ਉਨ੍ਹਾਂ ਨੂੰ ਅਜਿਹੇ ਦਫ਼ਤਰਾਂ ਵਿਚ ਕੰਮ ਕਰਨਾ ਪੈ ਸਕਦਾ ਹੈ ਜੋ ਦੂਸਰਿਆਂ ਲੋਕਾਂ ਦੀ ਸੇਵਾ ਲਈ ਕੰਮ ਕਰਦੇ ਹਨ। ਹਰ ਵਿਅਕਤੀ ਲਈ, ਚਾਹੇ ਉਹ ਉਸ ਨੂੰ ਦਫ਼ਤਰ ਜਾਂ

ਬਿਜਨਸ ਫੈਕਟਰੀ ਵਿਚ ਕੰਮ ਕਰਨਾ ਪਵੇ, ਕੰਮ ਕਰਨ ਦੇ ਹਾਲਾਤ ਹਰ ਥਾਂ ਅਲੱਗ-ਅਲੱਗ ਹੁੰਦੇ ਹਨ। ਕੋਈ ਇਕ ਕਾਮਾ ਹਰ ਤਰ੍ਹਾਂ ਦੀ ਨੌਕਰੀ ਇਕੋ ਜਿਹੀ ਕਾਬਲੀਅਤ ਨਾਲ ਨਹੀਂ ਕਰ ਸਕਦਾ। ਕਈ ਨੌਕਰੀਆਂ ਅਜਿਹੀਆਂ ਹੁੰਦੀਆਂ ਹਨ ਜਿਹਨਾਂ ਨੂੰ ਕੁਝ ਵਿਅਕਤੀ ਬਿਲਕੁਲ ਹੀ ਨਹੀਂ ਕਰ ਸਕਦੇ। ਇਸ ਲਈ ਇਹ ਜ਼ਰੂਰੀ ਹੈ ਕਿ ਹਰ ਸਹੀ ਕੰਮ ਲਈ ਕਿਸੇ ਸਹੀ ਵਿਅਕਤੀ ਦੀ ਚੋਣ ਕੀਤੀ ਜਾਵੇ। ਇਹ ਵੀ ਪਤਾ ਹੋਣਾ ਚਾਹੀਦਾ ਹੈ ਕਿ ਉਹ ਕਿਹੜੇ ਕਾਰਣ ਹਨ ਜਿਨ੍ਹਾਂ ਨਾਲ ਕੰਮ ਕਰਨ ਦੀ ਸਮਰੱਥਾਂ ਘਟਦੀ ਹੈ ਤੇ ਕਿਹੜੇ ਕਾਰਨਾਂ ਜਾਂ ਸਾਧਨਾਂ ਰਾਹੀਂ ਇਸ ਨੂੰ ਵਧਾਇਆ ਜਾ ਸਕਦਾ ਹੈ। ਇਹ ਸਭ ਕੁਝ ਕਰਨ ਲਈ ਇਹ ਜ਼ਰੂਰੀ ਹੈ ਕਿ ਹਰ ਨੌਕਰੀ ਲਈ ਸਹੀ ਵਿਅਕਤੀ ਦੀ ਚੋਣ ਜ਼ਰੂਰੀ ਹੈ, ਕੰਮ ਕਰਨ ਦੇ ਹਾਲਾਤ ਸੁਧਾਰਨ ਅਤੇ ਐਕਸੀਡੈਂਟ ਘਟਾਉਣ ਦੇ ਤਰੀਕੇ ਜਾਨਣੇ ਜ਼ਰੂਰੀ ਹਨ।

ਉਦਯੋਗਿਕ ਮਨੋਵਿਗਿਆ ਇਹ ਸਭ ਕੁਝ ਦੱਸਦਾ ਹੈ ਕਿ ਕਿਸੇ ਖਾਸ ਕੰਮ ਜਾਂ ਨੌਕਰੀ ਲਈ ਕਾਮਿਆਂ ਦੀ ਚੋਣ ਦਾ ਕਿਹੜਾ ਢੰਗ ਹੈ, ਕਾਮਿਆਂ ਦੀ ਕਾਬਲੀਅਤ ਨੂੰ ਵਧਾਉਣ ਲਈ ਕੀ ਤਰੀਕੇ ਵਰਤਣੇ ਚਾਹੀਦੇ ਹਨ, ਕਾਮਿਆਂ ਵਿਚ ਥਕਾਨ ਘਟਾਉਣ ਲਈ ਤੇ ਐਕਸੀਡੈਂਟ ਖਤਮ ਕਰਨ ਲਈ ਕਿਹੜੀ ਨੀਤੀ ਅਪਨਾਉਣੀ ਚਾਹੀਦੀ ਹੈ?

ਉਦਯੋਗਿਕ ਮਨੋਵਿਗਿਆਨ ਕਾਮਿਆਂ ਅਤੇ ਅਫਸਰਾਂ ਵਿਚ ਵਧੀਆ ਸੰਬੰਧ ਬਨਾਉਣ ਦੇ ਤਰੀਕੇ ਦੱਸਦਾ ਹੈ। ਚੰਗਾ ਉਤਪਾਦਨ ਪੈਦਾ ਕਰਨ ਲਈ ਇਹ ਜ਼ਰੂਰੀ ਹੈ ਕਿ ਕਾਮਿਆਂ ਦੇ ਆਪਸੀ ਸੰਬੰਧ ਅਤੇ ਕਾਮਿਆਂ ਦੇ ਪ੍ਰਬੰਧਕਾਂ ਨਾਲ ਸੰਬੰਧ ਬਹੁਤ ਨਜ਼ਦੀਕ ਹੋਣੇ ਚਾਹੀਦੇ ਹਨ। ਫੈਕਟਰੀਆਂ ਵਿਚ ਕਈ ਵਾਰ ਪ੍ਰਬੰਧਕਾਂ ਅਤੇ ਕਾਮਿਆਂ ਵਿਚਕਾਰ ਮਤਭੇਦ ਹੋ ਜਾਂਦੇ ਹਨ, ਵਰਕਰ ਹੜਤਾਲ ਤੇ ਚਲੇ ਜਾਂਦੇ ਹਨ। ਉਦਯੋਗਿਕ ਮਨੋਵਿਗਿਆਨ ਅਜਿਹੀਆਂ ਸਮੱਸਿਆਵਾਂ ਨੂੰ ਸੁਲਝਾਉਣ ਦੇ ਤਰੀਕੇ ਦੱਸਦਾ ਹੈ।

## ਅਭਿਆਸ ਪ੍ਰਸ਼ਨਾਵਲੀ-I

**1. ਪ੍ਰਸ਼ਨ : ਮਨੋਵਿਗਿਆਨ ਕੀ ਹੈ? ਇਸ ਨੂੰ ਪਰਿਭਾਸ਼ਿਤ ਕਰੋ।**

**2. ਪ੍ਰਸ਼ਨ : ਮਨੋਵਿਗਿਆਨ ਦੀ ਪ੍ਰਮੁੱਖ ਸ਼ਾਖਾਵਾਂ ਦਾ ਸੰਖੇਪ ਵਿੱਚ ਵਰਨਣ ਕਰੋ।**

## 1.1.3.10 ਜ਼ੁਰਮ ਦਾ ਮਨੋਵਿਗਿਆਨ (Psychology of Crime) :

ਹਰ ਆਦਮੀ ਦੂਸਰੇ ਲੋਕਾਂ ਦੇ ਸਮਾਜ ਵਿਚ ਰਹਿੰਦਾ ਹੈ। ਪਰ ਸਮਾਜ ਵਿਚ ਕੁਝ ਨਿਯਮ ਬਣੇ ਹੁੰਦੇ ਹਨ ਜਿਨਾਂ ਅਨੁਸਾਰ ਹਰ ਵਿਅਕਤੀ ਵਿਵਹਾਰ ਕਰਦਾ ਹੈ। ਕੁਝ ਅਜਿਹੇ ਕਾਨੂੰਨ, ਜਿਵੇਂ ਜ਼ਮੀਨ ਦਾ ਕਾਨੂੰਨ ਜੋ ਲੋਕਾਂ ਦੀ ਜਾਇਦਾਦ ਤੇ ਜ਼ਿੰਦਗੀ ਨੂੰ ਸੁਰੱਖਿਅਤ ਬਨਾਉਣ ਲਈ ਬਣਾਏ ਗਏ ਹਨ, ਦੀ ਉਲੰਘਣਾ ਨੂੰ ਜ਼ੁਰਮ ਕਿਹਾ ਜਾਂਦਾ ਹੈ। ਜੋ ਨਿਯਮਾਂ ਦੀ ਉਲੰਘਣਾ ਕਰਦੇ ਹਨ, ਜ਼ਾਲਿਮ ਕਹਿਲਾਉਂਦੇ ਹਨ। ਇਸ ਨੂੰ (Delinquency) ਵੀ ਕਿਹਾ ਜਾਂਦਾ ਹੈ। ਉਨ੍ਹਾਂ ਦੇ ਵਿਵਹਾਰ ਨੂੰ ਸਮਾਜ ਵਿਰੋਧੀ ਵਿਵਹਾਰ ਕਿਹਾ ਜਾਂਦਾ ਹੈ। ਚੋਰੀ, ਕਤਲ ਆਦਿ ਸਮਾਜ ਵਿਰੋਧੀ ਵਿਵਹਾਰ ਦੀਆਂ ਉਦਾਹਰਣਾਂ ਹਨ। ਇਹਲਾਂ ਨੂੰ ਕਾਨੂੰਨ ਵੀ ਸਜ਼ਾ ਦੇ ਸਕਦਾ ਹੈ। ਇਹ ਜ਼ਰੂਰੀ ਨਹੀਂ ਕਿ ਸਿਰਫ਼ ਬਾਲਗ ਹੀ ਸਮਾਜ ਵਿਰੋਧੀ ਵਿਵਹਾਰ ਨਾਲ ਸੰਬੰਧਿਤ ਹੈ। ਜੁਰਮ ਮਨੋਵਿਗਿਆਨ ਦੀ ਅਸਲੀ ਤੇ ਮੁੱਖ ਉਦੇਸ਼ ਜ਼ੁਰਮ ਨੂੰ ਰੋਕਣਾ ਹੈ। ਜ਼ੁਰਮ ਨੂੰ ਰੋਕਣ ਲਈ ਇਹ ਜ਼ਰੂਰੀ ਹੈ ਕਿ ਜ਼ੁਰਮ ਦੇ ਕਾਰਣਾਂ ਨੂੰ ਜਾਣਿਆ ਜਾਵੇ ਕਿਉਂਕਿ ਸਿਰਫ਼ ਕਾਰਣ ਜਾਣਨ ਤੋਂ ਬਾਅਦ ਹੀ ਜੁਰਮ ਰੋਕਿਆ ਜਾ ਸਕਦਾ ਹੈ। ਜ਼ੁਰਮ ਕਰਨ ਵਾਲੇ ਲੋਕਾਂ ਦੇ ਕਈ ਕਾਰਨ ਸਮਝੇ ਜਾਂਦੇ ਹਨ ਜਿਵੇਂ ਕਿ ਵਿਰਾਸਤ, ਪ੍ਰਤਿਕੂਲ ਵਾਤਾਵਰਣ, ਮੂਰਖ ਲੋਕ, ਆਦਿ। ਇਹ ਮੰਨਿਆ ਜਾਂਦਾ ਹੈ ਕਿ ਮੁਜ਼ਰਿਮ, ਮੁਜ਼ਰਿਮ ਘਰਾਂ ਵਿਚੋਂ ਹੀ ਆਉਂਦੇ ਹਨ ਜਿਵੇਂ ਕਿ ਜੇ ਪਿਤਾ ਮੁਜਰਿਮ ਹੈ ਤਾਂ ਹੋ ਸਕਦਾ ਹੈ ਕਿ ਬੇਟਾ ਵੀ ਮੁਜ਼ਰਿਮ ਹੋਵੇ। ਪਰ ਇਹ ਕਾਰਨ ਹਰ ਮੁਜ਼ਰਿਮ ਦੇ ਕੇਸ ਵਿਚ ਲਾਗੂ ਨਹੀਂ ਹੁੰਦਾ। ਇਸੇ ਤਰ੍ਹਾਂ ਇਹ ਵੀ ਜ਼ਰੂਰੀ ਨਹੀਂ ਕਿ ਮੂਰਖ ਲੋਕ ਹੀ ਮੁਜਰਿਮ ਹੋਣ, ਦੇਖਣ ਵਿਚ ਆਇਆ ਹੈ ਕਿ ਕੁਝ ਮੁਜ਼ਰਿਮ ਅਜਿਹੇ ਹੁੰਦੇ ਹਨ ਜੋ ਬਹੁਤ ਹੀ ਚਲਾਕ ਅਤੇ ਹੁਸ਼ਿਆਰ ਹੁੰਦੇ ਹਨ। ਅਜਿਹੇ ਕੇਸਾਂ ਵਿਚ ਵਾਤਾਵਰਣ ਹੀ ਮੁੱਖ ਕਾਰਨ ਹੋ ਸਕਦਾ ਹੈ। ਗਰੀਬ ਘਰ ਜਾਂ ਟੁੱਟੇ-ਬਿਖਰੇ ਘਰਾਂ ਵਿਚੋਂ ਜ਼ਿਆਦਾ ਮੁਜ਼ਰਿਮ ਪੈਦਾ ਹੁੰਦੇ ਹਨ ਟੁੱਟੇ-ਬਿਖਰੇ ਘਰ ਉਹ ਹੁੰਦੇ ਹਨ ਜਿਨ੍ਹਾਂ ਵਿਚ ਮਾਂ ਜਾਂ ਪਿਓ ਦੀ ਮੌਤ ਹੋਈ ਹੋਵੇ, ਮਾਪੇ ਅਲੱਗ ਹੋਏ ਹੋਣ ਜਾਂ ਉਹ ਆਪਸ ਵਿਚ ਹਮੇਸ਼ਾ ਲੜਦੇ ਰਹਿੰਦੇ ਹੋਣ ਜਿਸ ਕਰਕੇ ਘਰ ਵਿਚ ਕਦੇ ਵੀ ਸ਼ਾਂਤੀ ਨਹੀਂ ਹੁੰਦੀ।

ਜ਼ੁਰਮ ਨੂੰ ਰੋਕਣ ਦਾ ਸਭ ਤੋਂ ਵਧੀਆ ਤਰੀਕਾ ਸਜ਼ਾ ਮੰਨਿਆ ਜਾਂਦਾ ਹੈ। ਕਤਲ ਕਰਨ ਵਾਲੇ ਨੂੰ, ਮੌਤ ਦੀ ਸਜ਼ਾ ਦਿੱਤੀ ਜਾਂਦੀ ਹੈ। ਇਸ ਤੋਂ ਕੁਝ ਘੱਟ ਗੰਭੀਰ ਕੇਸਾਂ ਜਿਵੇਂ, ਚੋਰੀ, ਡਾਕੇ ਆਦਿ ਵਿਚ ਕੈਦ ਦੀ ਸਜ਼ਾ ਸੁਣਾਈ ਜਾਂਦੀ ਹੈ। ਇਹ ਮੰਨਿਆ ਜਾਂਦਾ ਹੈ ਕਿ ਅਜਿਹੀ ਸਜ਼ਾ ਦਾ ਪ੍ਰਭਾਵ ਪੈਂਦਾ ਹੈ। ਸਜ਼ਾ ਦਾ ਡਰ ਅਜਿਹੇ ਵਿਅਕਤੀਆਂ ਨੂੰ ਜ਼ੁਰਮ ਕਰਨ ਤੋਂ ਰੋਕ ਸਕਦਾ ਹੈ ਜਿਨ੍ਹਾਂ ਵਿਚ ਜੁਰਮ ਕਰਨ ਦੀ ਇੱਛਾ ਤੀਬਰ ਹੁੰਦੀ ਹੈ। ਪਰੰਤੂ ਹੁਣ ਇਹ ਮੰਨਿਆ ਜਾਂਦਾ ਹੈ ਕਿ ਸਜ਼ਾ ਦੇਣ ਦੀ ਬਜਾਏ ਖਾਸ ਤੌਰ ਤੇ ਅਜਿਹੇ ਵਿਅਕਤੀ ਦੀਆਂ ਆਦਤਾਂ ਸੁਧਾਰਨ ਦੇ ਤਰੀਕੇ ਅਤੇ ਸਾਧਨ ਲੱਭਣੇ ਚਾਹੀਦੇ ਹਨ। ਉਨ੍ਹਾਂ ਨੂੰ ਸੁਧਾਰ ਕੇ ਸਿੱਧੇ ਰਸਤੇ ਤੇ ਲਿਆਇਆ ਜਾ ਸਕਦਾ ਹੈ ਤਾਂ ਜੋ ਉਹ ਸਮਾਜ ਦੇ ਇਕ ਚੰਗੇ ਮੈਂਬਰ ਬਣ ਸਕਣ। ਇਸ ਵਿਚਾਰ ਨੇ ਮਨੋਵਿਗਿਆਨ ਦਾ ਇਕ ਹੋਰ ਸ਼ਾਖਾ ਦਾ ਵਿਕਾਸ ਕੀਤਾ ਜਿਸ ਨੂੰ ਜੁਰਮ ਮਨੋਵਿਗਿਆਨ ਕਿਹਾ ਜਾਂਦਾ ਹੈ। ਜ਼ੁਰਮ ਮਨੋਵਿਗਿਆਨ ਦੀ ਜਾਣਕਾਰੀ ਅਸਲੀ ਮੁਜ਼ਰਿਮਾਂ ਦੀ ਭਾਲ ਕਰਨ ਵਿਚ ਵੀ ਮਦਦ ਕਰਦੀ ਹੈ। ਜਿਹਨਾਂ ਲੋਕਾਂ ਤੇ ਕਤਲ ਕਰਨ ਦਾ ਸ਼ੱਕ ਹੋਵੇ ਉਨ੍ਹਾਂ ਨੂੰ ਮਨੋਵਿਗਿਆਨਕ ਟੈਸਟ ਦੇਣੇ ਚਾਹੀਦੇ ਹਨ। ਉਸ ਟੈਸਟ ਵਿਚ ਦਿੱਤੇ ਪ੍ਰਸ਼ਨਾਂ ਦੇ ਉੱਤਰ ਜ਼ਰੂਰ ਇਕ ਸਾਧਾਰਣ ਵਿਅਕਤੀ ਦੇ ਉੱਤਰ ਤੋਂ ਭਿੰਨ ਹੋਣਗੇ। ਕੁਝ ਅਜਿਹੇ ਜ਼ੁਰਮ ਵੀ ਹੁੰਦੇ ਹਨ ਜੋ ਪਾਗਲਪਨ ਦੇ ਦੌਰੇ ਵਿਚ ਕੀਤੇ ਜਾਂਦੇ ਹਨ। ਜ਼ੁਰਮ ਵਿਗਿਆਨ ਦੀ ਸਹਾਇਤਾ ਨਾਲ ਇਹ ਪਤਾ ਲਗਾਇਆ ਜਾ ਸਕਦਾ ਹੈ ਕਿ ਜਿਸ ਵਿਅਕਤੀ ਨੇ ਜ਼ੁਰਮ ਕੀਤਾ ਹੈ, ਉਹ ਸਾਧਾਰਨ ਹੈ ਜਾਂ ਅਸਧਾਰਣ।

ਇਸ ਤਰ੍ਹਾਂ ਮਨੋਵਿਗਿਆਨ ਦੀਆਂ ਵੱਖ-ਵੱਖ ਸ਼ਾਖਾਵਾਂ ਜ਼ਿੰਦਗੀ ਦੇ ਵੱਖ-ਵੱਖ ਪਹਿਲੂਆਂ ਨਾਲ ਸੰਬੰਧਿਤ ਹਨ ਅਤੇ ਹਰ ਸ਼ਾਖਾ ਦਾ ਅਲੱਗ-ਅਲੱਗ ਮਹੱਤਵ ਹੈ।

## 1.1.4 ਸਾਰ

ਸੰਖੇਪ ਵਿੱਚ ਕਿਹਾ ਜਾ ਸਕਦਾ ਹੈ ਕਿ ਮਨੋਵਿਗਿਆਨ ਮਨੁੱਖੀ ਵਿਵਹਾਰ ਅਤੇ ਤਜਰਬੇ ਦਾ ਅਧਿਐਨ ਹੈ। ਮਨੋਵਿਗਿਆਨ ਦੀਆਂ ਵੱਖ-ਵੱਖ ਸ਼ਾਖਾਵਾਂ ਵੱਖ-ਵੱਖ ਪਹਿਲੂਆਂ ਨਾਲ ਸਬੰਧਿਤ ਹਨ ਅਤੇ ਹਰ ਸ਼ਾਖਾ ਦਾ ਅਲੱਗ-ਅਲੱਗ ਮਹੱਤਵ ਹੈ, ਜਿਸ ਕਰਕੇ ਮਨੋਵਿਗਿਆਨ ਦਾ ਖੇਤਰ ਬਹੁਤ ਵਿਸ਼ਾਲ ਹੈ।

## ਸ਼ਬਦਾਰਥ ਸੂਚੀ

| | | | |
|---|---|---|---|
| 1. | ਮਨੋਵਿਗਿਆਨ | : | ਮਨੋਵਿਗਿਆਨ ਤਜਰਬੇ ਅਤੇ ਵਿਵਹਾਰ ਦਾ ਕ੍ਰਮਬੱਧ ਅਧਿਐਨ ਹੈ। |
| 2. | ਬਾਲ ਮਨੋਵਿਗਿਆਨ | : | ਇਸ ਵਿੱਚ ਬਚਪਨ ਅਵਸਥਾ ਦਾ ਅਧਿਐਨ ਕੀਤਾ ਜਾਂਦਾ ਹੈ। ਇਸ ਰਾਹੀਂ ਬੱਚੇ ਦੇ ਮਾਨਸਿਕ ਅਤੇ ਸਰੀਰਕ ਵਿਕਾਸ ਬਾਰੇ ਜਾਣਕਾਰੀ ਪ੍ਰਾਪਤ ਹੁੰਦੀ ਹੈ। |
| 3. | ਅਸਾਧਾਰਣ ਮਨੋਵਿਗਿਆਨ | : | ਅਸਾਧਾਰਣ ਵਿਵਹਾਰ ਦੇ ਮਨੋਵਿਗਿਆਨ ਨੂੰ ਅਸਾਧਾਰਣ ਮਨੋਵਿਗਿਆਨ ਕਿਹਾ ਜਾਂਦਾ ਹੈ। |
| 4. | ਸਮਾਜਿਕ ਮਨੋਵਿਗਿਆਨ | : | ਮਨੋਵਿਗਿਆਨ ਦੀ ਉਹ ਸ਼ਾਖਾ ਜੋ ਵਿਸ਼ੇਸ਼ ਤੌਰ ਤੇ ਸਮਾਜਿਕ ਅੰਤਰ ਕਿਰਿਆ ਦੇ ਸਰੂਪ ਅਤੇ ਵਿਅਕਤੀਆਂ ਦਾ ਇੱਕ ਦੂਜੇ ਤੇ ਪੈਣ ਵਾਲੇ ਪ੍ਰਭਾਵਾਂ ਦਾ ਅਧਿਐਨ ਕਰਦੀ ਹੈ। |
| 5. | ਸਰੀਰਕ ਮਨੋਵਿਗਿਆਨ | : | ਸਰੀਰਕ ਮਨੋਵਿਗਿਆਨ ਮਨੁੱਖੀ ਸਰੀਰ ਦੇ ਸਾਰੇ ਅੰਗਾਂ ਦੀ ਬਣਤਰ ਅਤੇ ਕਾਰਜ ਪ੍ਰਣਾਲੀ ਦੀ ਜਾਣਕਾਰੀ ਦਿੰਦਾ ਹੈ। |

ਹਵਾਲਾ ਪੁਸਤਕਾਂ


1. Morgan : A Brief Introduction to Psychology.
2. Munn : Introduction to Psychology


Online Sources


1. http://docs.google.com
2. http://www.uni.edu (Introduction to Psychology)
3. http://academicearth.org (Introduction to Psychology)

ਪਾਠ ਨੰ: 1.2 ਲੇਖਿਕਾ : ਡਾ. ਮਮਤਾ ਸ਼ਰਮਾ

# ਮਨੋਵਿਗਿਆਨ ਦਾ ਇਤਿਹਾਸਕ ਪਿਛੋਕੜ
# (HISTORICAL BACKGROUND OF PSYCHOLOGY)

**ਪਾਠ ਬਣਤਰ**

1.2.0 ਉਦੇਸ਼
1.2.1 ਭੂਮਿਕਾ
1.2.2 ਮਨੋਵਿਗਿਆਨ ਦਾ ਇਤਿਹਾਸ
- 1.2.2.1 ਮਨੋਵਿਗਿਆਨ ਦੀ ਨੀਂਹ
- 1.2.2.2 ਪਲੈਟੋ ਦਾ ਯੋਗਦਾਨ
- 1.2.2.3 ਡੈਸਕਾਰਟ ਦੀ ਖੋਜ
- 1.2.2.4 ਹੋਬਸ ਅਤੇ ਸਪਾਈਨੋਜ਼ਾ ਦਾ ਯੋਗਦਾਨ
- 1.2.2.5 ਜਾਨ ਲੋਕੇ ਦਾ ਸਿਧਾਂਤ
- 1.2.2.6 ਡੇਵਿਡ ਹਾਰਟਲੇ ਦੀ ਵਿਚਾਰਧਾਰਾ
- 1.2.2.7 ਇਵਾਨ ਸੇਚੀਨੋਵ ਅਤੇ ਪੈਵਲਵ ਦਾ ਯੋਗਦਾਨ
- 1.2.2.8 ਆਧੁਨਿਕ ਮਨੋਵਿਗਿਆਨ ਦੀ ਹੋਂਦ

1.2.3 **ਸਾਰ**

## 1.2.0 ਉਦੇਸ਼

ਇਸ ਪਾਠ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਉਨ੍ਹਾਂ ਤੱਥਾਂ ਬਾਰੇ ਜਾਣਕਾਰੀ ਦੇਣਾ ਹੈ ਜਿਨ੍ਹਾਂ ਦਾ ਮਨੋਵਿਗਿਆਨ ਦੇ ਇਤਿਹਾਸਕ ਪਿਛੋਕੜ ਨੂੰ ਸਮਝਣ ਵਿੱਚ ਮਹੱਤਵਪੂਰਣ ਰੋਲ ਹੈ। ਇਸ ਪਾਠ ਨੂੰ ਪੜ੍ਹਨ ਤੋਂ ਬਾਅਦ ਵਿਦਿਆਰਥੀ ਇਹ ਸਮਝਣ ਦੇ ਯੋਗ ਹੋ ਜਾਣਗੇ ਕਿ :-

1. ਮਨੋਵਿਗਿਆਨ ਦੇ ਖੇਤਰ ਵਿੱਚ ਪਲੈਟੋ, ਅਰਾਸਤੂ ਦਾ ਕੀ ਯੋਗਦਾਨ ਹੈ?
2. ਮਨੋਵਿਗਿਆਨ ਕਿਸ ਤਰ੍ਹਾਂ ਆਤਮਾ ਦੇ ਗਿਆਨ ਤੋਂ ਸ਼ੁਰੂ ਹੋ ਕੇ ਵਿਵਹਾਰ ਦਾ ਵਿਗਿਆਨ ਬਣਿਆ।
3. ਆਧੁਨਿਕ ਵਿਗਿਆਨ ਕਦੋਂ ਅਤੇ ਕਿਵੇਂ ਹੋਂਦ ਵਿੱਚ ਆਇਆ?

## 1.2.1 ਭੂਮਿਕਾ

ਮਨੋਵਿਗਿਆਨ ਦੇ ਵਿਸ਼ਾ ਵਸਤੂ ਨੇ ਕਈ ਮਹਾਨ ਚਿੰਤਕਾਂ ਨੂੰ ਪ੍ਰਭਾਵਿਤ ਕੀਤਾ ਹੈ ਜਿਵੇਂ ਕਿ ਅਰਾਸਤੂ, ਪਲੈਟੋ, ਡੈਸਕਾਰਟਸ, ਹਾਰਟਲੇ ਆਦਿ। ਅਰਸਤੂ ਨੇ ਇਸਦੇ ਸਿਧਾਂਤਕ ਪਿਛੋਕੜ ਤੇ ਜੋਰ ਦਿੱਤਾ। ਸਿਧਾਂਤਕ ਵਿਚਾਰਾਂ ਅਨੁਸਾਰ ਸਾਵਧਾਨੀ ਪੂਰਵਕ ਕੀਤੇ ਤਰਕਸ਼ੀਲ ਚਿੰਤਨ ਅਤੇ ਨਿਰੀਖਣ ਦੇ ਆਧਾਰ ਤੇ ਗਿਆਨ ਹਾਸਿਲ ਕੀਤਾ ਜਾ ਸਕਦਾ ਹੈ। ਤਕਰੀਬਨ ਇੱਕ ਸਦੀ ਪਹਿਲਾਂ ਮਨੋਵਿਗਿਆਨ ਇੱਕ ਸਾਇੰਸ ਦੇ ਰੂਪ ਵਿੱਚ ਸਾਹਮਣੇ ਆਇਆ ਹੈ ਅਤੇ ਵਿਲਹੇਮ ਵੂੰਡ ਨੂੰ ਆਧੁਨਿਕ ਮਨੋਵਿਗਿਆਨ ਦਾ ਮੋਢੀ ਮੰਨਿਆ ਜਾਂਦਾ ਹੈ। ਜਿਸ ਨੇ ਸਭ ਤੋਂ ਪਹਿਲੀ ਪ੍ਰਯੋਗਸ਼ਾਲਾ ਸਥਾਪਿਤ ਕੀਤੀ ਅਤੇ ਪ੍ਰਯੋਗਤਾਮਕ ਮਨੋਵਿਗਿਆਨ ਦੀ ਪਹਿਲੀ ਕਿਤਾਬ ਲਿਖੀ। ਮਨੋਵਿਗਿਆਨ ਦਾ ਇਤਿਹਾਸਕ ਪਿਛੋਕੜ ਕਿਸ ਕਿਸ ਦੌਰ ਵਿੱਚੋਂ ਗੁਜ਼ਰਿਆ ਹੈ, ਇਸ ਦਾ ਵਰਨਣ ਵਿਦਿਆਰਥੀ ਇਸ ਪਾਠ ਸਮੱਗਰੀ ਵਿੱਚ ਪੜ੍ਹਨਗੇ।

## 1.2.2 ਮਨੋਵਿਗਿਆਨ ਦਾ ਇਤਿਹਾਸ

ਪੁਰਾਤਨ ਸਮੇਂ ਤੋਂ ਸਮਾਜਿਕ ਜ਼ਿੰਦਗੀ ਦੀਆਂ ਅਸਲੀਅਤਾਂ ਨੇ ਮਨੁੱਖ ਦੀ ਆਪਣੇ ਆਲੇ-ਦੁਆਲੇ ਰਹਿਣ ਵਾਲੇ ਲੋਕਾਂ ਦੇ ਮਾਨਸਿਕ ਗੁਣਾਂ ਅਤੇ ਉਹਨਾਂ ਦੇ ਕੰਮ ਕਰਨ ਦੇ ਢੰਗ ਨੂੰ ਸਮਝਣ ਦੀ ਜ਼ਰੂਰਤ ਨੂੰ ਪ੍ਰਭਾਵਿਤ ਕੀਤਾ ਹੈ। ਆਰੰਭ ਵਿਚ ਇਹਨਾਂ ਗੁਣਾਂ ਨੂੰ ਆਤਮਾ ਦੀ ਹਲਚਲ ਸਮਝਿਆ ਜਾਂਦਾ ਸੀ। ਆਤਮਾ ਦਾ ਖਿਆਲ ਆਦਿਵਾਸੀ ਲੋਕਾਂ ਦੇ ਅਧਿਆਤਮਵਾਦ ਸੰਬੰਧੀ ਵਿਚਾਰਾਂ ਦੀ ਉਪਜ ਹੈ। ਆਦਿਵਾਸੀ ਲੋਕ ਸਪਸ਼ਟ ਤੌਰ ਤੇ 'ਆਤਮਾ' ਅਤੇ 'ਸਰੀਰ' ਵਿਚ ਭਿੰਨਤਾ ਨਹੀਂ ਕਰ ਸਕੇ। ਜ਼ਿੰਦਗੀ ਅਤੇ ਚੇਤਨਤਾ ਜਿਵੇਂ ਕਿ ਨੀਂਦ, ਮੌਤ, ਬੇਹੋਸ਼ੀ ਆਦਿ ਸੰਬੰਧੀ ਉਨ੍ਹਾਂ ਦੇ ਵਿਚਾਰ ਵਿਗਿਆਨਕ ਅਤੇ ਪਦਾਰਥਵਾਦੀ ਵਿਆਖਿਆ ਦਾ ਨਤੀਜਾ ਹਨ। ਆਦਿਵਾਸੀ ਲੋਕ ਅਜਿਹੇ ਫਲਸਫਿਆ ਦੇ ਪੈਦਾ ਕਰਨ ਅਤੇ ਉਸ ਦੇ ਪਰਿਣਾਮ ਦੇ ਸੰਬੰਧਾਂ ਨੂੰ ਸਮਝਣ ਵਿਚ ਅਸਫਲ ਰਹੇ ਹਨ। ਇਸ ਕਰਕੇ ਇਹ ਸਮਝਿਆ ਗਿਆ ਕਿ ਸੁਪਨੇ ਆਤਮਾ ਦੇ ਉਹ ਚਿੰਨ੍ਹ ਜਾਂ ਵਿਚਾਰ ਹਨ ਜੋ ਕਿ ਨੀਂਦ ਵਿਚ ਸਰੀਰ ਨੂੰ ਛੱਡ ਕੇ ਸੰਸਾਰ ਵਿਚ ਘੁੰਮਦੇ ਰਹਿੰਦੇ ਹਨ। ਪੁਰਾਣੇ ਲੋਕ ਮੌਤ ਨੂੰ ਜ਼ਿੰਦਗੀ ਦਾ ਅੰਤ ਨਹੀਂ ਸੀ ਸਮਝਦੇ, ਉਨ੍ਹਾਂ ਅਨੁਸਾਰ ਮੌਤ ਇਕ ਪ੍ਰਕਾਰ ਦੀ ਨੀਂਦ ਹੈ ਜਿਸ ਵਿਚ ਆਤਮਾ ਸਰੀਰ ਤੋਂ ਕਿਸੇ ਕਾਰਣ ਦੂਰ ਚਲੀ ਜਾਂਦੀ ਹੈ। ਉਹ ਆਤਮਾ ਨੂੰ ਮਨੁੱਖ ਦਾ ਦੂਸਰਾ ਰੂਪ ਸਮਝਦੇ ਸਨ ਜਿਸ ਦੀਆਂ ਜ਼ਰੂਰਤਾਂ, ਆਦਤਾਂ ਅਤੇ ਰਹਿਣ ਦੀਆਂ ਸਥਿਤੀਆਂ ਬਿਲਕੁਲ ਜੀਵਤ ਵਿਅਕਤੀਆਂ ਵਰਗੀਆਂ ਹੁੰਦੀਆਂ ਹਨ। ਮਰੇ ਹੋਏ ਲੋਕਾਂ ਦੀਆਂ ਆਤਮਾਵਾਂ ਵੀ ਜੀਵਤ ਲੋਕਾਂ ਦੀ ਤਰ੍ਹਾਂ ਗਰੁੱਪ ਜਾਂ ਸਮੂਹ ਬਣਾਉਂਦੀਆਂ ਹਨ ਜਿਨ੍ਹਾਂ ਦਾ ਸਮਾਜਿਕ ਢਾਂਚਾ ਅਤੇ ਕੰਮ ਕਾਜ ਜੀਵ ਲੋਕਾਂ ਦੇ ਸਮੂਹ ਦੀ ਤਰ੍ਹਾਂ ਹੁੰਦਾ ਹੈ। ਜੀਵਤ ਵਿਅਕਤੀ ਅਤੇ ਆਤਮਾਵਾਂ ਇਕ ਦੂਸਰੇ ਤੇ ਨਿਰਭਰ ਹੁੰਦੇ ਹਨ ਜਿਨ੍ਹਾਂ ਦਾ ਸੰਬੰਧ ਜ਼ਰੂਰੀ ਤੌਰ ਤੇ ਆਰਥਿਕ ਅਤੇ ਭੌਤਿਕਵਾਦੀ ਹੁੰਦਾ ਹੈ। ਪ੍ਰਕ੍ਰਿਤੀ ਪੱਖੋਂ ਪੂਰਨ ਤੌਰ ਤੇ ਆਤਮਾ ਅਤੇ ਨਿਰੰਤਰਤਾ ਦਾ ਵਿਚਾਰ ਇਕ ਵਿਅਕਤੀ ਅਤੇ ਸਮਾਜ ਦੀ ਅਸ਼ਿਸ਼ਟਤਾ ਦਾ ਅਸੁਰੱਖਿਅਤ ਪ੍ਰਤੀਬਿੰਬ ਹੈ। ਇਹ 'ਪ੍ਰਤੀਬਿੰਬ' ਆਤਮਾ ਦੀ ਪੂਜਾ ਕਰਨ ਦਾ ਵਿਚਾਰ ਪੈਦਾ ਕਰਦਾ ਹੈ ਜੋ ਕਿ ਧਰਮ ਦਾ ਇਕ ਰੂਪ ਹੈ।

ਕੁਝ ਦੇਰ ਬਾਅਦ ਸਮਾਜ ਦੇ ਵਿਕਾਸ ਨੇ, ਜਿਸ ਵਿਚ ਵਿਉਂਤਬੰਦੀ ਅਤੇ ਉਸ ਦੀ ਪੂਰਤੀ ਦੇ ਕੰਮਾਂ ਵਿਚ ਭਿੰਨਤਾ, ਸਰੀਰਕ ਮਜ਼ਬੂਰੀ, ਪੈਦਾਵਾਰ ਦੀਆਂ ਆਤਮਿਕ ਸ਼ਕਤੀਆਂ ਅਤੇ ਵਿਅਕਤੀ ਦੀ ਸੂਖਮ ਚਿੰਤਨ ਦੀ ਸਮਰਥਾ ਵਿਚ ਸੁਧਾਰ ਆਦਿ ਸ਼ਾਮਲ ਹਨ, ਆਤਮਾ ਦੇ ਅਭੌਤਿਕਵਾਦੀ ਵਿਚਾਰ ਦੀ ਨੀਂਹ ਪ੍ਰਦਾਨ ਕੀਤੀ। ਨਵੀਆਂ ਸਮਾਜਿਕ ਜ਼ਰੂਰਤਾਂ ਨੇ ਨਵੇਂ ਸਿਧਾਂਤਕ ਸਕੂਲਾਂ ਦੀ ਸ਼ੁਰੂਆਤ ਕੀਤੀ ਜਿਨ੍ਹਾਂ ਵਿਚ ਵਿਅਕਤੀ ਦੀ ਹੋਂਦ ਅਤੇ ਸੰਸਜਰ ਨੂੰ ਇਕ ਰੂਪ ਵਿਚ ਦੇਖਣ ਲਈ ਉਸ ਦੇ ਰਵੱਈਏ ਆਦਿ ਦੇ ਮੂਲ ਪ੍ਰਸ਼ਨਾਂ ਨੂੰ ਵਿਚਾਰਿਆ ਗਿਆ। ਇਹ ਸਕੂਲ ਪਹਿਲਾਂ ਤੋਂ ਹੀ ਚਲ ਰਹੀਆਂ ਵਿਚਾਰਧਾਰਾਵਾਂ ਨਾਲ ਅੱਗੇ ਵਧੇ ਜਿਨ੍ਹਾਂ ਵਿਚ ਨਵੀਆ ਸਿਧਾਂਤਕ ਮੰਗਾਂ ਵੀ ਸ਼ਾਮਲ ਹਨ। ਵੇਦਾਂ ਦੀਆਂ ਕਿਤਾਬਾਂ ਇਸ ਨਵੇਂ ਦੌਰ ਦੀਆਂ ਉਦਾਹਰਣਾਂ ਹਨ ਜੋ ਕਿ ਭਾਰਤ ਵਿਚ ਈਸਾ ਤੋਂ ਪੂਰਵ ਦੂਸਰੇ ਸਤਯੁਗ ਵਿਚ ਪ੍ਰਗਟ ਹੋਈਆਂ। ਇਨ੍ਹਾਂ ਵਿਚ ਆਤਮਾ ਨੂੰ ਨੈਤਿਕਤਾ ਦੇ ਸਬੰਧ ਵਿਚ ਵਿਚਾਰਿਆ ਗਿਆ ਜਿਸ ਵਿਚ ਨਿਆਂਪੂਰਕ ਵਿਵਹਾਰ ਦੇ ਨਿਯਮ, ਸਵੈ-ਸੁਧਾਰ ਅਤੇ ਖੁਸ਼ੀ ਦੀ ਪ੍ਰਾਪਤੀ ਸ਼ਾਮਲ ਸਨ। ਯੋਗਾਂ ਦੇ ਅਨੁਸਾਰ ਖੁੱਲੀ ਆਤਮਾ ਨੂੰ ਸਰੀਰਕ ਸਰੀਰ ਨਾਲ ਜੋੜਿਆ ਜਾਂਦਾ ਹੈ। ਅਧਿਆਤਮਕ ਵਾਦੀ ਅਤੇ ਮਿਥਿਹਾਸਕ ਵਿਚਾਰਾਂ ਨੇ ਆਤਮਾ ਨੂੰ ਕੁਦਰਤੀ ਫਿਲਾਸਫੀ ਦੇ ਮਿਆਰ ਵਜੋਂ ਸਮਝਣ ਦੀ ਕੋਸ਼ਿਸ਼ ਸ਼ੁਰੂ ਕਰ ਦਿੱਤੀ।

### 1.2.2.1 ਮਨੋਵਿਗਿਆਨ ਦੀ ਨੀਂਹ

ਇਨੀਅਨ ਦੀ ਨੀਂਹ ਪ੍ਰਕ੍ਰਿਤਕ ਫ਼ਿਲਾਸਫਰ - ਥੇਲਜ਼ (th-6th ਈ: ਪੂ: ਸਦੀ) ਐਨਾਕਸੀਮੀਨਜ਼ (Anaximenes, 5ਵੀਂ ਸਦੀ ਈ: ਪੂ:) ਅਤੇ ਹੇਰਾਕਲਿਟਸ 5ਵੀਂ-6ਵੀਂ ਸਦੀ ਈ: ਪੂ: (Heraclitus, 6th-7th Centuries B.C.) ਨੇ ਮਨੁੱਖ ਅਤੇ ਜਾਨਵਰਾਂ ਦੀਆਂ ਆਤਮਾਵਾਂ ਨੂੰ ਜ਼ਿੰਦਗੀ ਦੇਣ ਦਾ ਇਕ ਤੱਤ ਮੰਨਿਆ ਜਿਸ ਵਿਚ ਸੰਸਜਰ ਦੀਆਂ ਮੁੱਢਲੀਆਂ ਲੋੜਾਂ ਜਿਵੇਂ ਪਾਣੀ, ਹਵਾ, ਅੱਗ ਸ਼ਾਮਲ ਹਨ। ਇਸ ਵਿਚਾਰ ਦੀ ਅਟੱਲ ਪੈਰਵੀ ਨੇ ਉਹਨਾਂ ਨੂੰ ਹਿਲੋਜੋਆਜਿਮ (Hylozoism) ਵਲ ਮੋੜ ਦਿੱਤਾ। ਹਿਲੋਜੋਆਜਿਮ ਵਿਸ਼ੇ-ਵਸਤੂ ਦੇ ਵਿਆਪਕ ਅਧਿਆਤਮਿਕਤਾ ਦਾ ਮਾਰਗ ਹੈ ਜੋ ਪਦਾਰਥਵਾਦਿਕਤਾ ਦਾ ਇਕ ਹਿੱਸਾ ਹੈ। ਪਦਾਰਣਵਾਦੀ ਵਿਚਾਰਧਾਰ ਨੂੰ ਅੱਗੇ ਲਿਜਾਂਦੇ ਹੋਏ ਪੁਰਾਣੇ ਸੂਖਮਵਾਦੀਆਂ ਡੈਮੋਕਰਿਟਸ (Democritus, 5th-4th Centuries B.C.) ਐਪੀਕੀਉਰਸ (Epicrus,

4th-3th Centuries B.C.) ਅਤੇ ਲੁਕਾਰੀਟੀਅਸ (Lucretius, Ist Century B.C.) ਨੇ ਆਤਮਾ ਨੂੰ ਪਦਾਰਥਕ ਸਰੀਰਕ ਜੀਵਨ ਦਾ ਇਕ ਅੰਗ ਮੰਨਆ ਜਿਸ ਨੂੰ ਜੀਵ-ਆਤਮਾ ਜਾਂ ਚਿੰਤਨ ਦੁਆਰਾ ਕਾਬੂ ਕੀਤਾ ਜਾਂਦਾ ਹੈ। ਕਿਉਂਕਿ ਆਤਮਾ ਅਤੇ ਜੀਵ ਆਤਮਾ ਜਾਂ ਚਿੰਤਨ ਦੁਆਰਾ ਕਾਬੂ ਕੀਤਾ ਜਾਂਦਾ ਹੈ, ਕਿਉਂਕਿ ਆਤਮ ਅਤੇ ਜੀਵ ਆਤਮਾ ਇਕ ਸਰੀਰਕ ਅੰਗ ਦਰਸਾਉਂਦੀਆਂ ਸਨ, ਇਸ ਲਈ ਸੂਖਮਵਾਦੀਆਂ ਦੇ ਅਨੁਸਾਰ ਇਹ ਸਥੂਲ, ਅਟੱਲ ਅਤੇ ਗਤੀਸ਼ੀਲ ਸੂਖਮ-ਅੰਸ਼ ਹਨ। ਇਹ ਇਕ ਸਿੱਧਾ ਸਾਦਾ ਸਿਧਾਂਤ ਹੈ ਜੋ ਸਮਕਾਲੀਨ ਫਿਲਾਸਫੀ ਦਾ ਇਕ ਵਧਦਾ ਹੋਇਆ ਕਦਮ ਹੈ ਕਿਉਂਕਿ ਇਸ ਨੇ ਦਲੀਲ ਦਿੱਤੀ ਹੈ ਕਿ ਜੀਵਨ ਪ੍ਰਾਣੀ ਦੀਆਂ ਵਿਸ਼ੇਸ਼ਤਾਵਾਂ, ਜੋ ਕਿ ਸਰੀਰਕ ਕ੍ਰਿਆਵਾਂ ਤੋਂ ਮਾਨਸਿਕ ਤੇ ਚਿੰਤਨ ਫਲਸਫੇ ਤਕ ਹਨ, ਭੌਤਿਕ ਵਸਤੂ ਦੀਆਂ ਵਿਸ਼ੇਸ਼ਤਾਵਾਂ ਤੋਂ ਬਿਨਾਂ ਕੁਝ ਨਹੀਂ।

ਮਨ ਦੇ ਵਿਗਿਆਨਕ ਪੱਖ ਵਿਚ ਜੋ ਪ੍ਰਮੁੱਖ ਕਦਮ ਚੁੱਕੇ ਗਏ ਸਨ, ਉਹ ਸਰੀਰਕ ਸੰਸਾਰ ਦੇ ਨਿਯਮਾਂ ਦੇ ਅਨਿਖੜਵੇ ਅੰਗ ਬਣ ਗਏ। ਉਸ ਸਮੇਂ ਦੇ ਭੌਤਿਕਵਾਦੀ ਫਿਲਾਸਫਰਾਂ ਕੋਲ ਜੋ ਤੱਥ ਸਨ ਉਹਨਾਂ ਵਿਚ ਇਸ ਗੱਲ ਦਾ ਸੰਕੇ ਤ ਨਹੀਂ ਹੈ ਕਿ ਵਿਅਕਤੀ ਵਿਚ ਸੂਖਮ ਤਰਕਸ਼ੀਲ ਸੋਚਣ ਦੀ ਸਮਰੱਥਾ ਹੈ ਅਤੇ ਉਸ ਵਿਚ ਆਪਣੇ ਸਰੀਰ ਨੂੰ ਕੰਟਰੋਲ ਕਰਨ ਦੀ ਯੋਗਤਾ ਹੁੰਦੀ ਹੈ।

### 1.2.2.2 ਪਲੈਟੋ ਦਾ ਯੋਗਦਾਨ

ਪ੍ਰਮਾਣੂ ਦੀ ਹਲਚਲ ਤੋਂ ਜਾਂ ਦਿਮਾਗ ਦੇ ਪ੍ਰਤੱਖ ਢਾਂਚੇ ਤੋਂ ਹੀ ਸਿਰਫ਼ ਮਨੁੱਖੀ ਵਿਵਹਾਰ ਦੀਆਂ ਵਿਸ਼ੇਸ਼ਤਾਵਾਂ ਬਾਰੇ ਅਨੁਮਾਨ ਨਹੀਂ ਲਗਾਇਆ ਜਾ ਸਕਦਾ ਹੈ। ਸਾਕਾਰਾਤਮਕ ਗਿਆਨ ਦੀ ਘਾਟ ਨੇ ਮਨ ਦੇ ਸਿਧਾਂਤਕ ਪੱਖ ਦੇ ਵਿਕਾਸ ਦੀ ਜ਼ਰੂਰਤ ਨੂੰ ਪੈਦਾ ਕੀਤਾ ਜਿਸ ਨੂੰ ਇਸ ਗੁਲਾਮ ਸਮਾਜ ਦੇ ਸਿਧਾਂਤਵਾਦੀਆਂ ਨੇ ਅਗੇ ਵਧਾਇਆ। ਇਹਨਾਂ ਵਿਚੋਂ ਸਭ ਤੋਂ ਪ੍ਰਮੁੱਖ ਪਲੈਟੋ (Plato, 428-347 B.C.) ਸੀ। ਉਸ ਨੇ ਮਨੁੱਖੀ ਆਤਮਾ ਦੀ ਤਿੰਨ ਸ਼ਕਤੀਆਂ ਦੇ ਰੂਪ ਵਿਚ ਸ਼ੁਰੂਆਤ ਕੀਤੀ - ਤਰਕਸ਼ੀਲ, ਸ਼ਕਤੀਸ਼ਾਲੀ ਅਤੇ ਲਾਲਸਾਵਾਨ ਜੋ ਕਿ ਕ੍ਰਮਵਾਰ ਸਿਰ, ਛਾਤੀ ਅਤੇ ਪੇ ਟ ਵਿਚ ਰਹਿੰਦੇ ਹਨ। ਪਲੈਟੋ ਅਨੁਸਾਰ ਇਹਨਾਂ ਤਿੰਨਾਂ ਸ਼ਕਤੀਆਂ ਦਾ ਪ੍ਰਭਾਵ ਹਰ ਵਿਅਕਤੀ ਤੇ ਅਲੱਗ-ਅਲੱਗ ਹੁੰਦਾ ਹੈ ਅਤੇ ਉਨ੍ਹਾਂ ਦਾ ਸਮਾਜਿਕ ਰੁਤਬਾ ਇਸ ਗੱਲ ਤੇ ਨਿਰਭਰ ਕਰਦਾ ਹੈ ਕਿ ਉਸ ਵਿਅਕਤੀ ਵਿਚ ਕਿਹੜੀ ਸ਼ਕਤੀ ਪ੍ਰਧਾਂਨ ਹੈ। ਮਜ਼ਦੂਰ ਆਪਣੀ ਆਤਮਾ ਅਤੇ ਕਿਸਮਤ ਦੇ ਲਾਲਸਾਵਾਨ ਜਾਂ ਇੱਛਾਵਾਨ ਹਿੱਸੇ ਦੀ ਪ੍ਰਧਾਨਤਾ ਕਰਕੇ ਉਨ੍ਹਾਂ ਸ਼ਾਸਕਾਂ ਜਾਂ ਫਿਲਾਸਫਰਾਂ ਦੀ ਅਧੀਨਗੀ ਕਰਦੇ ਹਨ ਜੋ ਆਪਣੀ ਆਤਮਾ ਦੇ ਤਰਕਸ਼ੀਲ ਹਿੱਸੇ ਦੁਆਰਾ ਪ੍ਰਭਾਵਿਤ ਹੁੰਦੇ ਹਨ। ਆਤਮਾ ਦੇ ਮਨੁੱਖੀ ਸਰੀਰ ਵਿਚ ਪ੍ਰਵੇਸ਼ ਕਰਨ ਤੋਂ ਪਹਿਲਾਂ ਆਤਮਾ ਦੇ ਤਰਕਸ਼ੀਲਾਂ ਹਿੱਸੇ ਦਾ ਵਿਚਾਰਾਂ ਦੇ ਅਮਰ ਸੰਸਾਰ ਨਾਲ ਮਿਲਾਪ ਹੋ ਜਾਂਦਾ ਹੈ। ਆਦਮੀ ਦੇ ਰੂਪ ਵਿਚ ਜਨਮ ਲੈਣ ਸਮੇਂ ਆਤਮਾ ਉਨ੍ਹਾਂ ਵਿਚਾਰਾਂ ਨੂੰ ਇਕੱਠਾ ਕਰਨਾ ਸ਼ੁਰੂ ਕਰ ਦਿੰਦੀ ਹੈ ਜਿਨ੍ਹਾਂ ਦੀ ਉਸ ਨੇ ਦੂਸਰੇ ਸੰਸਾਰ ਵਿਚ ਕਲਪਨਾ ਕੀਤੀ ਹੁੰਦੀ ਹੈ।

ਪਲੈਟੋ ਨੂੰ ਮਨੋਵਿਗਿਆਨ ਵਿਚ ਦਵੈਤਵਾਦ ਦਾ ਪਿਤਾ ਮੰਨਿਆ ਜਾਂਦਾ ਹੈ ਕਿਉਂਕਿ ਉਸ ਨੇ ਭੌਤਿਕ ਅਤੇ ਆਤਮਿਕ ਤੱਤਾਂ, ਸਰੀਰ ਅਤੇ ਮਨ, ਨੂੰ ਦੋ ਅਲੱਗ-ਅਲੱਗ ਅਤੇ ਵਿਪਰੀਤ ਸਿਧਾਂਤ ਮੰਨਿਆ ਹੈ। ਪਲੈਟੋ ਨੇ ਮਨੋਵਿਗਿਆਨਕ ਵਿਚਾਰ ਨੂੰ ਕੁਦਰਤੀ ਅਧਿਐਨਾਂ ਨਾਲ ਜੋੜਿਆ ਅਤੇ ਚਿਕਿਤਸਾ ਦੇ ਕੰਮ ਨੇ ਇਹ ਸਿੱਧ ਕਰ ਦਿੱਤਾ ਕਿ ਮਨੋਵਿਗਿਆਨ, ਵਿਗਿਆਨ ਦੀ ਸ਼ਾਖਾ ਹੈ ਅਤੇ ਇਸ ਦੇ ਆਧਾਰ ਤੇ ਇਸ ਨੂੰ ਵਿਗਿਆਨ ਦੀ ਇਕ ਅਲਗ ਸ਼ਾਖਾ ਮੰਨਿਆ ਜਾਣ ਲੱਗਿਆ। ਉਸ ਨੇ ਆਪਣੀ ਇਸ ਸਫਲਤਾ ਦਾ ਸਿਹਰਾ ਵਿਅਕਤੀ ਅਤੇ ਜਾਨਵਰਾਂ ਦੀ ਜ਼ਿੰਦਗੀ ਦੇ ਨਿਰੀਖਣ ਵਿਵਰਣ ਅਤੇ ਪ੍ਰਕਾਰ ਦੇ ਵਿਸ਼ਲੇਸ਼ਣ ਨੂੰ ਦਿੱਤਾ। ਅਰਸਤੂ ਨੇ ਮਾਨਸਿਕ ਕ੍ਰਿਆਵਾਂ ਦੀ ਜਾਂਚ ਪੜਤਾਲ ਦੀਆਂ ਪ੍ਰਯੋਗਤਾਮਕ ਅਤੇ ਬਾਹਰਮੁੱਖੀ ਵਿਧੀਆਂ ਦਾ ਸਮਰਥਨ ਕੀਤਾ। ਫਿਲਾਸਫੀ ਦੇ ਇਤਿਹਾਸ ਵਿਚ ਅਰਸਤੂ ਪਹਿਲਾ ਚਿੰਤਕ ਸੀ ਜਿਸ ਨੇ ਜੀਵਤ ਸਰੀਰ ਅਤੇ ਆਤਮਾ ਦੀ ਅਨਿਖੜਤਾ ਦੇ ਵਿਚਾਰ ਨੂੰ ਪੇਸ਼ ਕੀਤਾ। ਉਸ ਅਨੁਸਾਰ ਆਤਮਾ ਅਲੱਗ-ਅਲੱਗ ਹਿੱਸਿਆਂ ਦਾ ਮਿਲਾਪ ਨਹੀਂ ਹੈ, ਸਗੋਂ ਆਪਣੇ ਆਪ ਨੂੰ ਵੱਖ-ਵੱਖ ਸਮਰਥਾ ਜਾਂ ਕੰਮਾਂ ਰਾਹੀਂ ਪੇਸ਼ ਕਰਦੀ ਹੈ ਜਿਵੇਂ ਕਿ :

(1) ਪੁਸ਼ਟੀਕਰਣ
(2) ਸੰਵੇਦਨਸ਼ੀਲਤਾ
(3) ਉਦੇਸ਼ ਅਤੇ
(4) ਤਰਕਸ਼ੀਲਤਾ।

ਪਹਿਲਾਂ ਸਮਰੱਥਾ ਪੌਦਿਆਂ ਦੀ ਵਿਸ਼ੇਸ਼ਤਾ ਦਰਸਾਉਂਦੀ ਹੈ, ਦੂਸਰੀ ਅਤੇ ਤੀਸਰੀ ਜਾਨਵਰਾਂ ਦੀ, ਅਤੇ ਚੌਥੀ ਸਮਰੱਥਾ ਆਦਮੀਆਂ ਦੀ ਵਿਸ਼ੇਸ਼ਤਾ ਹੈ।

ਵਿਅਦਤੀ ਨੇ ਜ਼ਿੰਦਗੀ ਅਤੇ ਮਨ ਦੇ ਵਿਕਾਸ ਦੀਆਂ ਆਰੰਭਿਕ ਅਤੇ ਉੱਤਰਕਾਲੀਨ ਸਟੇਜਾਂ ਦੇ ਸੰਜੋਗ ਨੂੰ ਪ੍ਰਸਤੁਤ ਕੀਤਾ। ਅਰਸਤੂ ਨੇ ਸਭ ਤੋਂ ਪਹਿਲੀ ਬੌਧਿਕ ਕ੍ਰਿਆ 'ਸੰਵੇਦਨਾ' ਨੂੰ ਦਰਸਾਇਆ। ਸੰਵੇਦਨਾ ਪ੍ਰਤੱਖੀਕਰਣ ਦੇ ਰੂਪ ਵਿਚ ਆਪਣੇ ਚਿੰਨ ਛੱਡ ਜਾਂਦੀ ਹੈ। ਅਰਸਤੂ ਨੇ ਖੋਜ ਕੀਤੀ ਕਿ ਪ੍ਰਤੱਖੀਕਰਣ ਯਾਦ ਦੇ ਰੂਪ ਵਿਚ ਰਹਿ ਸਕਦਾ ਹੈ। ਉਸ ਨੇ ਇਹ ਵੀ ਦਰਸਾਇਆ ਕਿ ਅਜਿਹੀਆਂ ਤਸਵੀਰਾਂ ਨੂੰ ਜੋ ਯਾਦ ਦੇ ਰੂਪ ਵਿਚ ਰਹਿ ਜਾਂਦੀਆਂ ਹਨ ਸਮਰੂਤਾ, ਨਿਕਟਤਾ ਅਤੇ ਅਸਮਾਨਤਾ ਦੇ ਸਿਧਾਂਤਾ ਦੇ ਮੇਲ ਵਿਚ ਜੋੜਿਆ ਜਾ ਸਕਦਾ ਹੈ। ਇਹ ਤਿੰਨ ਸਿਧਾਂਤ ਮਾਨਸਿਕ ਫਲਸਫਾ ਦੀਆਂ ਤਿੰਨ ਮੁੱਖ ਕੈਟਗਰੀਆਂ ਹਨ। ਇਹ ਮੰਨਿਆ ਜਾਂਦਾ ਹੈ ਕਿ ਅੰਦਰੂਨੀ ਯੋਗਤਾਵਾਂ ਆਪਣੇ ਹੀ ਕੰਮ ਦੁਆਰਾ ਅਨੁਭਵ ਕੀਤੀਆਂ ਜਾ ਸਕਦੀਆਂ ਹਨ। ਅਰਸਤੂ ਦੇ ਇਸ ਸਿਧਾਂਤ ਨੇ ਵੀ ਉੱਨਤੀ ਕੀਤੀ ਕਿ ਚਰਿੱਤਰ ਨੂੰ ਅਮਲੀ ਕ੍ਰਿਆਵਾਂ ਦੁਆਰਾ ਬਦਲਿਆ ਜਾ ਸਕਦਾ ਹੈ।

ਹੈਰਾਕਲਿਟਸ (Heraclitus), ਡੈਮੋਕਰਿਟਸ (Democritus), ਪਲੈਟੋ (Plato), ਅਤੇ ਅਰਿਸਟੋਟਲ (Aristotle) ਨੇ ਮਨੋਵਿਗਿਆਨਕ ਸੋਚ ਦੇ ਵਿਕਾਸ ਦੀ ਨੀਂਹ ਰੱਖੀ। ਹੌਲੀ-ਹੌਲੀ ਆਤਮਾ ਦਾ ਖਿਆਲ, ਜੋ ਅਸਲ ਵਿਚ ਜ਼ਿੰਦਗੀ ਦੇ ਸਾਰੇ ਖੇਤਰ ਵਿਚ ਵਰਤਿਆ ਜਾਂਦਾ ਸੀ, ਸਿਰਫ ਮਨ ਜਾਂ ਮਾਨਸਿਕ ਜੀਵਨ ਤਕ ਹੀ ਸੀਮਤ ਰਹਿ ਗਿਆ। ਵਿਅਕਤੀ ਨੇ ਮਹਿਸੂਸ ਕੀਤਾ ਕਿ ਉਹ ਸਿਰਫ਼ ਸੋਚ ਤੇ ਪ੍ਰਤੱਖੀਕਰਣ ਕਰਨ ਦੇ ਯੋਗ ਹੀ ਨਹੀਂ ਹੋ ਸਕਦਾ ਸਗੋਂ ਉਨਾਂ ਦਾ ਹੋਂਦਕਰਤਾ ਹੋਣ ਕਰਕੇ ਆਪਣੀਆਂ ਸਵੈ ਇੱਛਤ ਕ੍ਰਿਆਵਾਂ ਵੀ ਕਰ ਸਕਦਾ ਹੈ। ਜੀਵ ਦੀ ਸਰੀਰਕ ਰਚਨਾ ਅਤੇ ਕੰਮਾਂ ਦੇ ਪ੍ਰਯੋਗਾਤਮਕ ਅਧਿਐਨ ਦੇ ਵਿਕਾਸ ਅਤੇ ਸਮਾਜ ਦੀਆਂ ਵੱਧ ਰਹੀਆਂ ਜ਼ਰੂਰਤਾਂ ਨੇ ਆਤਮਾ ਦੇ ਪੂਰਵ ਧਾਰਣਾ ਦੀ ਵਿਲੱਖਣਤਾ ਅਤੇ ਸਪਸ਼ਟਤਾ ਦੀ ਇਕ ਪ੍ਰਕ੍ਰਿਆ ਸ਼ੁਰੂ ਕਰ ਦਿੱਤੀ। ਤੀਸਰੀ ਸਦੀ ਈ.ਪੂ. ਵਿਚ ਚਿਕਿਤਸਕ ਹੀਰੋਫੀਲਸ (Herophilus) ਅਤੇ ਇਰਾਸਿਸਟਰੇਟਸ (Erasistratus) ਨੇ ਨਾੜੀਆਂ ਦੀ ਖੋਜ ਕੀਤੀ ਅਤੇ ਉਨ੍ਹਾਂ ਨੂੰ ਪੱਠਿਆਂ ਅਤੇ ਨਸਾਂ ਤੋਂ ਵੱਧ ਦੱਸਿਆ। ਉਨ੍ਹਾਂ ਨੇ ਮਾਨਸਿਕ ਕ੍ਰਿਆਵਾਂ ਦੀ ਨਿਰਭਰਤਾ ਦਾ ਦਿਮਾਗ ਦੀ ਸੰਵੇਦਨਾ ਉਤੇ ਕ੍ਰਮਬੱਧ ਅਧਿਐਨ ਕੀਤਾ ਅਤੇ ਇਹ ਲੱਭਿਆ ਕਿ ਕੁਝ ਖਾਸ ਅੰਗ ਹੀ ਹਨ ਜੋ ਦਿਮਾਗ ਨਾਲ ਅਟੁੱਟ ਜੁੜੇ ਹੋਏ ਹਨ।

ਦੂਸਰੀ ਸਦੀ ਈ.ਪੂ. ਵਿਚ ਰੋਮਨ ਚਿਕਿਤਸਕ ਗੇਲਨ (Galen) ਨੇ ਚਿਕਿਤਸਾ ਅਤੇ ਸਰੀਰ ਵਿਗਿਆਨ ਦੀਆਂ ਪ੍ਰਾਪਤੀਆਂ ਦਾ ਵਰਨਣ ਕਰਦੇ ਹੋਏ ਮਾਨਸਿਕ ਫਲਸਫੇ ਦੇ ਸਰੀਰਕ ਆਧਾਰ ਦੇ ਗਿਆਨ ਵਿਚ ਵਾਧਾ ਕੀਤਾ। ਉਸ ਨੇ ਧਿਆਨ, ਯਾਦ, ਚਿੰਤਨ ਆਦਿ ਮਾਨਸਿਕ ਕ੍ਰਿਆਵਾਂ ਦੀ ਉਨਾਂ ਕ੍ਰਿਆਵਾਂ ਨਾਲ ਹੱਦਬੰਦੀ ਕਰ ਦਿੱਤੀ ਜੋ ਮਨੁੱਖ ਸੋਣ ਦੀ ਹਾਲਤ ਵਿਚ ਕਰਦਾ ਹੈ। ਦੋਵੇਂ ਪ੍ਰਕਾਰ ਦੀਆਂ ਮਾਨਸਿਕ ਕ੍ਰਿਆਵਾਂ ਆਤਮਾ ਦੁਆਰਾ ਨਿਯਮਤ ਕੀਤੀਆਂ ਜਾਂਦੀਆਂ ਹਨ ਪਰੰਤੂ ਪਹਿਲੀਆਂ ਮਾਨਸਿਕ ਕ੍ਰਿਆਵਾਂ ਜਿਵੇਂ ਧਿਆਨ, ਯਾਦ ਆਦਿ ਵਿਚ ਕੁਝ ਬਾਹਰਮੁਖੀ ਕਾਰਕ ਆ ਜਾਂਦੇ ਹਨ। ਪਹਿਲਾਂ ਪਲੋਟੀਨਸ (Plotinus, 3rd Century A.D.) ਅਤੇ ਅਗਸਤੂਸ (Augustus, 4th, th Century A.D.) ਨੇ ਚੇਤਨਤਾ ਦੀ ਧਾਰਣਾ ਨੂੰ ਇਕ ਸ਼ੁੱਧ ਅਧਿਆਤਮਕ ਰੂਪ ਪ੍ਰਦਾਨ ਕੀਤਾ। ਉਨ੍ਹਾਂ ਅਨੁਸਾਰ ਆਤਮਾ ਦਾ ਆਪਣੇ ਬਾਰੇ ਗਿਆਨ ਬਿਲਕੁਲ ਅੰਦਰੂਨੀ ਅਨੁਭਵ ਹੈ ਜੋ ਕਿ ਉਸ ਅਨੁਭਵ ਤੋਂ ਬਿਲਕੁਲ ਭਿੰਨ ਹੈ ਜੋ ਬਾਹਰਲੀਆਂ ਗਿਆਨ ਇੰਦਰੀਆਂ ਦੁਆਰਾ ਮਹਿਸੂਸ ਕੀਤਾ ਜਾਂਦਾ ਹੈ। ਬਾਅਦ ਵਿਚ ਇਹ ਵਿਚਾਰ ਅੰਤਰਦ੍ਰਿਸ਼ਟੀ (Introspectionism) ਦੇ ਨਾਂ ਨਾਲ ਜਾਣਿਆ ਜਾਣ ਲੱਗਾ।

ਧਰਮ ਦੀ ਪ੍ਰਮੁੱਖ ਵਿਚਾਰਧਾਰਾ ਨੇ ਸੰਸਾਰ ਪ੍ਰਤੀ ਵਿਰੋਧੀ ਰਵੱਈਏ ਦੀ ਪਾਲਣਾ ਕੀਤੀ ਤੇ ਸਰਬ ਸ਼ਕਤੀਮਾਨ ਨਾਲ

ਦੁਬਾਰਾ ਜੁੜਨ ਲਈ ਸਵੈ-ਧਿਆਨ ਦੀ ਜ਼ਰੂਰਤ ਤੇ ਜ਼ੋਰ ਦਿੱਤਾ। ਇਸ ਨਾਲ ਅਨੁਭਵਵਾਦੀ ਗਿਆਨ ਤੋਂ ਹੋਣ ਵਾਲੇ ਮਨੋਵਿਗਿਆਨ ਦੇ ਵਿਕਾਸ ਵਿਚ ਰੁਕਾਵਟ ਆ ਗਈ ਪਰੰਤੂ ਇਸ ਨੂੰ ਨਵੀਆਂ ਸਮਾਜਿਕ-ਇਤਿਹਾਸਕ ਹਾਲਤਾਂ ਵਿਚ ਵੀ ਪੁਨਰ-ਆਰੰਭ ਕੀਤਾ ਜਾ ਸਕਦਾ ਸੀ। ਇਹਨਾਂ ਨਵੇਂ ਹਾਲਤਾਂ ਨੂੰ ਨਵੇਂ ਸਮਾਜਿਕ ਰਿਸ਼ਤਿਆਂ ਦੇ ਵਿਕਾਸ ਅਤੇ ਉਤਪਾਦਿਕ ਸ਼ਕਤੀਆਂ ਦੀ ਮਦਦ ਨਾਲ ਪੈਦਾ ਕੀਤਾ ਜਾ ਸਕਦਾ ਸੀ। ਵਿਕਾਸਵਾਦੀ ਮਨੋਵਿਗਿਆਨਕ ਸਿੱਖਿਆਵਾਂ ਪਹਿਲਾਂ ਹੀ ਸਾਮੰਤਵਾਦੀ ਸਮਾਜ ਦੀਆਂ ਡੂੰਘਾਈਆਂ ਵਿਚੋਂ ਨਿਕਲਣੀਆਂ ਸ਼ੁਰੂ ਹੋ ਗਈਆਂ ਸਨ। ਉਨ੍ਹਾਂ ਦਿਨਾਂ ਵਿਚ ਯੂਨੀਵਰਸਿਟੀ ਦੇ ਵਿਦਿਆਰਥੀ ਕਿਸੇ ਨਵੇਂ ਪ੍ਰੋਫੈਸਰ ਨੂੰ ਉਸ ਦੇ ਪਹਿਲੇ ਲੈਕਚਰ ਵਾਲੇ ਦਿਨ ਸਿਰਫ਼ ਇਹ ਹੀ ਪੁੱਛਦੇ ਸਨ ਕਿ ਸਾਨੂੰ 'ਆਤਮਾ' ਬਾਰੇ ਦੱਸੋ।

### 1.2.2.3 ਡੇਸਕਾਰਟਸ ਦੀ ਖੋਜ

ਤਹਕੀਕਾਤ ਦਾ ਧੂੰਆਂ ਨਵੀਆਂ ਸਮਾਜਿਕ ਤਾਕਤਾਂ ਦੁਆਰਾ ਆਜ਼ਾਦੀ ਨਾਲ ਸੈੱਟ ਕੀਤੇ ਵਿਚਾਰ ਨੂੰ ਦਬਾਉਣ ਲਈ ਸ਼ਕਤੀਹੀਨ ਸੀ। ਮੱਧਵਰਗੀ ਕ੍ਰਾਂਤੀ ਸਭ ਤੋਂ ਪਹਿਲਾਂ ਨੀਦਰਲੈਂਡ ਅਤੇ ਫਿਰ ਗ੍ਰੇਟ ਬ੍ਰਿਟੇਨ ਵਿਚ ਆਈ ਜਿਸ ਨਾਲ ਇਕ ਨਵੇਂ ਯੁੱਗ ਦਾ ਆਰੰਭ ਹੋਇਆ। ਸਮਾਜ ਦੀਆਂ ਲੋੜਾਂ ਨੇ ਸੋਚਣ ਦੇ ਤਰੀਕੇ 'ਚ ਮੌਲਿਕ ਪਰਿਵਰਤਨ ਤੇ ਪ੍ਰਭਾਵ ਪਾਇਆ। ਵਿਗਿਆਨ ਨੇ ਅਤਿ-ਸੂਖਮ ਤੋਂ ਅਨੁਭਵਵਾਦੀ ਅਧਿਐਨ ਵੱਲ ਆਪਣਾ ਮੁੱਖ ਕੀਤਾ। 7ਵੀਂ ਸਦੀ ਨੇ ਜੀਵ-ਵਿਗਿਆਨਕ ਅਤੇ ਮਨੋਵਿਗਿਆਨਕ ਗਿਆਨ ਦੇ ਵਿਕਾਸ ਵਿਚ ਨਵਾਂ ਪੀਰੀਅਡ ਸ਼ੁਰੂ ਕੀਤਾ। ਸਰੀਰ ਅਤੇ ਆਤਮਾ ਦਾ ਵਿਚਾਰ ਇਕ ਨਾਜ਼ੁਕ ਪਰਿਵਰਤਨ ਦੇ ਦੌਰ ਵਿਚੋਂ ਗੁਜ਼ਰਨ ਲੱਗਾ। ਸਰੀਰ ਨੂੰ ਇਕ ਅਜਿਹੀ ਮਸ਼ੀਨ ਦੀ ਤਰ੍ਹਾਂ ਸਮਝਿਆ ਜਾਣ ਲੱਗਾ ਜੋ ਕਿ ਕੁਝ ਸਿਧਾਂਤਾਂ ਦੇ ਆਧਾਰਿਤ ਸੀ ਪਰ ਇਸ ਮਸ਼ੀਨ ਰੂਪੀ ਸਰੀਰ ਨੂੰ ਚਲਾਉਣ ਲਈ ਕਿਸੇ ਆਤਮਾ ਦੀ ਜ਼ਰੂਰਤ ਨਹੀਂ ਸੀ। ਇਸ ਵਿਚਾਰ ਨੂੰ ਡੇਸਕਾਰਟਸ (Descartes, 1596-1650) ਦੀ ਵਿਵਹਾਰ ਦੀ ਪਾਰਦਰਸ਼ੀ ਖੋਜ ਤੋਂ ਬਲ ਮਿਲਿਆ। ਇਸ ਮਹਾਨ ਫਰੈਂਚ ਚਿੰਤਕ ਨੇ ਅਨੁਮਾਨ ਲਗਾਇਆ ਕਿ ਜਿਸ ਤਰ੍ਹਾਂ ਦਿਲੀ ਤੰਤੂਆਂ ਨੂੰ ਖੂਨੀ ਦੌਰੇ ਦੇ ਅੰਦਰੂਨੀ ਯੰਤਰ ਵਿਧੀ ਦੁਆਰਾ ਕਾਬੂ ਕੀਤਾ ਜਾਂਦਾ ਸੀ, ਉਸੇ ਤਰ੍ਹਾਂ ਵਿਵਹਾਰ ਦੇ ਹਰ ਪੱਧਰ ਤੇ ਸਾਰੇ ਤੰਤੂ ਆਪਣੀ ਹੀ ਯੰਤਰ ਵਿਧੀ ਦੁਆਰਾ ਉਤੇਜਿਤ ਕੀਤੇ ਜਾ ਸਕਦੇ ਸਨ।

ਇਸ ਤਰ੍ਹਾਂ ਬਾਹਰਲੀਆਂ ਵਸਤੂਆਂ ਪ੍ਰਤੀ ਨਿਯਮਿਤ ਅਨੁਕ੍ਰਿਆ ਦੇ ਰੂਪ ਵਿਚ ਜੀਵ ਦੀ ਅੰਤਰਮੁਖੀ ਵਿਚਾਰ ਦੀ ਧਾਰਣਾ ਹੋਂਦ ਵਿਚ ਆਈ। ਡੇਸਕਾਰਟਸ ਨੇ ਬਹਿਸ ਕੀਤੀ ਕਿ ਇਕ ਤੰਤੂ ਹੀ ਆਪਣੇ ਅਨੁਸਾਰ ਬਾਹਰਲੀਆਂ ਵਸਤਆਂ ਦਾ ਜਵਾਬ ਦੇਣ ਦੇ ਯੋਗ ਹੈ। ਉਸ ਅਨੁਸਾਰ ਜਾਨਵਰ ਦੀ ਵਿਸ਼ੇਸ਼ ਰਚਨਾ ਤੇ ਦਿਮਾਗ ਤੋਂ ਪੱਠਿਆਂ ਤਕ ਨਾੜੀਆਂ ਵਿਚ ਹੋਣ ਵਾਲੀ ਕ੍ਰਿਆ ਬਿਲਕੁਲ ਇਕ ਹਲਕੀ ਕੜੀ ਵਰਗੀ ਹੈ। ਇਹ ਸੱਚਾ ਕ੍ਰਾਂਤੀਕਾਰੀ ਵਿਚਾਰ ਨਾੜੀ ਤੰਤੂ ਕ੍ਰਿਆ ਦੇ ਵਾਸਤਵਿਕ ਗਿਆਨ ਦੀ ਹੱਦ ਬਣ ਗਈ। ਜੀਵਤ ਪ੍ਰਾਣੀਆਂ ਦੇ ਮਾਡਲ ਰੂਪ ਵਿਚ ਆਪਣੇ ਵਿਚਾਰ 'ਨਰਵਸ-ਮਸ਼ੀਨ' (Nervous-Machine) ਦੀ ਪੈਰਵੀਂ ਕਰਦੇ ਹੋਏ Descartes ਨੇ ਜ਼ਿਆਦਾਤਰ ਮਾਨਸਿਕ ਫਲਸਫਿਆਂ ਦਾ ਹਿਸਾਬ ਰੱਖਣ ਦੀ ਕੋਸ਼ਿਸ਼ ਕੀਤੀ। ਆਪਣੀ ਹੀ ਰਫਲੈਕਟਰੀ ਸਕੀਮ (Reflectory Machine) ਦੇ ਆਧਾਰ ਤੇ ਉਸ ਨੇ ਸੰਵੇਦਨਾ ਮਨੋਵੇਗ ਦੇ ਹੋਂਦ ਵਿਆਖਿਆ ਕੀਤੀ ਪਰੰਤੂ ਉਹ ਇਸ ਨੂੰ ਸਾਰੇ ਮਾਨਸਿਕ ਫਲਸਫਿਆਂ ਤਕ ਵਧਾਉਣ ਵਿਚ ਅਸਫਲ ਰਿਹਾ। ਡੇਸਕਾਰਟਸ ਨੇ ਆਤਮਾ ਦੀ ਹੋਂਦ ਨੂੰ ਸਰੀਰ ਤੋਂ ਬਿਲਕੁਲ ਅਲੱਗ ਵਜ਼ੂਦ ਦੱਸਿਆ।

### 1.2.2.4 ਹੋਬਸ ਅਤੇ ਸਪਾਈਨੋਜ਼ਾ ਦਾ ਯੋਗਦਾਨ

ਡੇਸਕਾਰਟਸ ਦੇ ਦਵੈਤਵਾਦ ਨੂੰ 17ਵੀਂ ਸਦੀ ਦੇ ਦੂਜੇ ਮਹਾਨ ਵਿਚਾਰਕਾਂ ਨੈ ਅਸਵੀਕਾਰ ਕਰ ਦਿੱਤਾ ਕਿਉਂਕਿ ਕੁਝ ਪਦਾਰਥਵਾਦੀ ਪੱਖ ਤੋਂ ਅਤੇ ਕੁਝ ਅਧਿਆਤਮਕ ਪੱਖ ਤੋਂ ਬਹਿਸ ਕਰ ਰਹੇ ਸਨ। ਇਸ ਦੀ ਅੰਗਰੇਜ਼ੀ ਭੌਤਿਕਵਾਦੀ ਦੀ ਹੋਬਸ (Hobbes, 1588-1679) ਨੇ ਆਤਮਾ ਨੂੰ ਆਪਣੀ ਸਿੱਖਿਆ ਜਾਂ ਵਿਚਾਰ ਤੋਂ ਸਪਸ਼ਟ ਰੂਪ ਨਾਲ ਅਲੱਗ ਕਰ ਦਿੱਤਾ ਅਤੇ ਘੋਸ਼ਣਾ ਕੀਤੀ ਕਿ ਸਿਰਫ਼ ਮਸ਼ੀਨੀ ਕ੍ਰਿਆ ਹੀ ਅਸਲੀਅਤ ਹੈ, ਭਾਵੇਂ ਇਸ ਦੇ ਨਿਯਮ ਮਨੋਵਿਗਿਆਨ ਦੇ ਨਿਯਮ ਵੀ ਸਨ। ਇਤਿਹਾਸ ਵਿੱਚ ਪਹਿਲੀ ਵਾਰ ਮਨੋ-ਵਿਗਿਆਨ ਨੂੰ ਆਤਮਾ ਦਾ ਵਿਗਿਆਨ ਕਹਿਣਾ ਬੰਦ ਹੋਇਆ ਤੇ ਸਿਰਫ਼ ਮਾਨਸਿਕ ਫਲਸਫਿਆਂ ਉੱਤੇ ਹੀ ਫੋਕਸ ਕੀਤਾ ਗਿਆ। ਮਨ ਦੀ ਅਸਲੀਅਤ ਤੋਂ ਇਨਕਾਰ ਕਰਕੇ ਦੁਨੀਆਂ ਦੀ

ਏਕਤਾ ਨੂੰ ਇਕ ਭਾਰੀ ਮੁੱਲ ਚੁਕਾਉਣਾ ਪਿਆ। ਇਹ ਵਿਚਾਰਧਾਰਾ ਬਿਨਾਂ ਸ਼ੱਕ ਵਿਕਸਿਤ ਹੋ ਰਹੀ ਸੀ ਅਤੇ ਇਹ ਅਭੌਤਿਕ ਆਤਮਿਕ ਸ਼ਕਤੀਆਂ ਦੇ ਵਿਰੁੱਧ ਸੀ।

ਹੋਬਸ ਦੀ ਤਰ੍ਹਾਂ ਸਪਾਈਨੋਜ਼ਾ (Spinoza), ਜੋ ਇਕ ਭੌਤਿਕ ਫਿਲਾਸਫਰ ਸੀ, ਵੀ ਦੁਨੀਆਂ ਦੀ ਏਕਤਾ ਦੇ ਵਿਚਾਰ ਦਾ ਪ੍ਰਬਲ ਸਮਰਥਕ ਸੀ ਪਰੰਤੂ ਉਸ ਨੂੰ ਚੇਤਨਤਾ ਦੀ ਅਸਲੀਅਤ ਨੂੰ ਵਸਤੂ ਦੀ ਅਸਲੀਅਤ ਤੋਂ ਘੱਟ ਨਹੀਂ ਮੰਨਿਆ। ਆਪਣੇ ਮੁੱਖ ਕੰਮ "Ethics" ਦੀ ਇਕ ਥਿਊਰਮ ਵਿਚ ਉਸ ਨੇ ਪੁਸ਼ਟੀ ਕੀਤੀ ਕਿ ਖਿਆਲਾਂ ਦਾ ਕ੍ਰਮ ਅਤੇ ਸੰਬੰਧ ਬਿਲਕੁਲ ਵਸਤੂਆਂ ਦੇ ਕ੍ਰਮ ਅਤੇ ਸੰਬੰਧ ਵਰਗਾ ਹੈ। ਸਰੀਰ ਅਤੇ ਉਨ੍ਹਾਂ ਦੇ ਵਿਚਾਰ ਦੋਵੇਂ ਹੀ ਪ੍ਰਕਿਤੀ ਦੇ ਇਕ ਹੁਕਮ ਅਤੇ ਕ੍ਰਮ ਵਿਚ ਬੰਨ੍ਹੇ ਹੋਏ ਹਨ। ਸਪਾਈਨੋਜ਼ਾ ਨੇ ਵਿਗਿਆਨਕ ਮਨੋਵਿਗਿਆਨ ਦੇ ਇਕ ਖਾਸ ਸਿਧਾਂਤ ਨਿਸ਼ਚੇਵਾਦ ਦੇ ਸਿਧਾਂਤ ਦਾ ਹਵਾਲਾ ਦਿੱਤਾ। ਇਸ ਸਿਧਾਂਤ ਅਨੁਸਾਰ ਸਾਰੇ ਫਲਸਫੇ ਭੌਤਿਕ ਕਾਰਨਾਂ ਅਤੇ ਨਿਯਮਾਂ ਦੀ ਵਰਤੋਂ ਦੇ- ਬਾਅਦ ਹੀ ਉਪਜਦੇ ਹਨ। ਉਸਨੇ ਦ੍ਰਿੜਤਾ ਨਾਲ ਕਿਹਾ ਕੇ ਮਨੁੱਖੀ ਵਿਚਾਰਾਂ, ਭਾਵਾਂ ਅਤੇ ਕੰਮਾਂ ਨੂੰ ਕਾਬੂ ਰੱਖਣ ਵਾਲੇ ਨਿਯਮ ਉਨੇ ਹੀ ਜ਼ਰੂਰੀ ਅਤੇ ਸਹੀ ਹਨ ਜਿੰਨੇ ਰੇਖਾ-ਗਣਿਤ ਦੇ ਮੰਨੇ-ਪਰਮੰਨੇ ਸਿਧਾਂਤ। ਰੇਖਾ-ਗਣਿਤ, ਮਸ਼ੀਨੀ ਸ਼ਾਸਤਰ ਅਤੇ ਦ੍ਰਿਸਟੀ-ਵਿਗਿਆਨ ਦੀਆ ਪ੍ਰਾਪਤੀਆਂ ਨੇ ਮਨੋਵਿਗਿਆਨਕ ਵਿਚਾਰ ਨੂੰ ਜ਼ਬਰਦਸਤ ਬਲ ਦਿੱਤਾ।

ਗਣਿਤ ਸ਼ਾਸਤਰ, ਖਾਸ ਤੌਰ ਤੇ ਪੂਰਨ ਅੰਕ ਤੇ ਵਿਤਰੇਕੀ ਕੈਲਕੂਲਸ, ਦੀ ਖੋਜ ਨੇ ਲਿਬਿੰਜ (Leibnitz, 1646-176) ਦੀਆਂ ਸਿਖਿਆਵਾਂ ਤੇ ਤਕੜਾ ਪ੍ਰਭਾਵ ਪਾਇਆ। ਲਿਬਿੰਜ, ਇਕ ਜਰਮਨ ਫਿਲਾਸਫਰ, ਵਿਗਿਆਨ ਦੇ ਇਤਿਹਾਸ ਵਿਚ ਪਹਿਲਾ ਫਿਲਾਸਫ਼ਰ ਸੀ ਜਿਸ ਨੇ ਅਚੇਤਨ ਮਨ ਦੇ ਖਿਆਲ ਨੂੰ ਅੱਗੇ ਵਧਾਇਆ। ਆਪਣੇ ਇਸ ਵਿਚਾਰ ਅਨੁਸਾਰ, ਕਿ ਵਸਤੂਆਂ ਇਕ ਦੂਜੇ ਵਿਚ ਛੋਟੀਆਂ-ਛੋਟੀਆਂ ਅਨੰਤ ਦਰਜੇਬੰਦੀਆਂ ਰਾਹੀਂ ਸਮਾ ਜਾਂਦੀਆਂ ਹਨ, ਲਿਬਿੰਜ ਨੇ ਅਚੇਤਨ ਪ੍ਰਤੱਖੀਕਰਣ, ਚੇਤਨ ਅਤੇ ਆਤਮ-ਦਰਸ਼ਨ ਵਿਚ ਭਿੰਨਤਾ ਕੀਤੀ। ਆਦਰਸ਼ਵਾਦੀ ਹੋਣ ਦੇ ਨਾਤੇ ਲਿਬਿੰਜ ਨੇ ਬ੍ਰਹਿਮੰਡ ਨੂੰ ਆਤਮਾਵਾਂ ਦਾ ਜਜਮਾਨ ਮੰਨਿਆ। ਫਿਰ ਵੀ ਉਸ ਨੇ ਮਨੋ-ਵਿਗਿਆਨ ਨੂੰ ਨਵੇਂ ਖਿਆਲਾਂ ਅਤੇ ਧਾਰਣਾ, ਮਨ ਦੀ ਲਗਾਤਾਰ ਤਰੱਕੀ ਤੇ ਪ੍ਰਕ੍ਰਿਤੀ, ਚੇਤਨ ਅਤੇ ਅਚੇਤਨ ਵਿਚਕਾਰ ਗੁੰਝਲਦਾਰ ਰਿਸ਼ਤੇ ਦੇ ਖਿਆਲਾਂ ਨਾਲ ਬਹੁਤ ਅਮੀਰ ਬਣਾ ਦਿੱਤਾ।

### 2.2.5 ਜਾਨ ਲੋਕੇ ਦਾ ਸਿਧਾਂਤ

17ਵੀਂ ਸਦੀ ਵਿਚ ਤਰਕ ਬੁੱਧੀਵਾਦ ਸਿਧਾਂਤਕ ਵਿਗਿਆਨ ਅਤੇ ਅਮਲੀ ਜ਼ਿੰਦਗੀ ਦੇ ਮੁਕਾਬਲੇ ਪ੍ਰਮੁੱਖ ਰਿਹਾ ਜਿਸ ਵਿਚ ਤਰਕ ਨੂੰ ਹੀ ਸੱਚੇ ਗਿਆਨ ਦਾ ਹਥਿਆਰ ਮੰਨਿਆ। 18ਵੀਂ ਸਦੀ ਵਿਚ ਪ੍ਰਗਤੀਸ਼ੀਲ ਦੇਸ਼ਾਂ ਵਿਚ ਵੱਧ ਰਹੀ ਆਰਥਿਕ ਤਬਦੀਲੀ, ਉਦਯੋਗਿਕ ਕ੍ਰਾਂਤੀ ਅਤੇ ਵਿਗਿਆਨਕ ਗਿਆਨ ਦੀ ਅਮਲੀ ਵਰਤੋਂ ਨੇ ਇੰਦਰੀ ਜਨਿਕਤਾ ਅਤੇ ਪ੍ਰਯੋਗਿਕਤਾ ਨੂੰ ਮੁੱਖ ਰੂਪ ਵਿਚ ਸਾਹਮਣੇ ਲਿਆਂਦਾ। ਅਨੁਭਵ ਅਤੇ ਇੰਦਰੀ ਜਨਿਤ ਗਿਆਨ ਦੀ ਸਿੱਖਿਆ, ਜੋ ਕਿ ਪੂਰਨ ਰੂਪ ਵਿਚ 'ਤਰਕ' ਤੇ ਆਧਾਰਿਤ ਸੀ, ਨੇ ਅੰਗਰੇਜ਼ੀ ਫਿਲਾਸਫਰ ਅਤੇ ਬਾਲ ਅਧਿਆਪਕ ਜਾਨ ਲੋਕੇ (John Locke, 1633-1704) ਰਾਹੀਂ ਆਪਣਾ ਰਸਤਾ ਲੱਭਿਆ, ਜਿਸ ਨੂੰ ਕਿ ਪ੍ਰਯੋਗ ਮਨੋਵਿਗਿਆਨ ਦਾ ਪਿਤਾ ਮੰਨਿਆ ਜਾਂਦਾ ਹੈ। ਮਨੋਵਿਗਿਆਨ ਲਈ ਨਾਜ਼ੁਕ ਮਹੀਤਤਾ ਦਾ ਮੁੱਖ ਸਿਧਾਂਤ ਅਨੁਭਵ ਤੋਂ ਆਉਣ ਵਾਲਾ ਗਿਆਨ ਸੀ। ਇਸ ਸਿਧਾਂਤ ਨੇ ਠੋਸ ਮਾਨਸਿਕ ਫਲਸਫਾ ਅਤੇ ਸਾਧਾਰਣ ਨੂੰ ਗੁੰਝਲਦਾਰ ਫਲਸਫਿਆਂ ਵਿਚ ਬਦਲਣ ਦੇ ਤਰੀਕਿਆਂ ਨੂੰ ਅਧਿਐਨ ਕਰਨ ਤੇ ਜ਼ੋਰ ਦਿੱਤਾ। ਲੋਕੇ ਅਨੁਸਾਰ ਅਨੁਭਵ ਦੇ ਦੋ ਸੋਮੇ ਹਨ :

(1) ਗਿਆਨ ਤੇ ਇੰਦਰੀਆਂ ਦੀ ਕ੍ਰਿਆ (ਬਾਹਰਮੁਖੀ ਅਨੁਭਵ); ਅਤੇ

(2) ਮਨ ਦੀ ਕ੍ਰਿਆ ਜੋ ਆਪਣੇ ਕੰਮ ਦਾ ਆਪ ਹੀ ਪ੍ਰਤੀਬਿੰਬ ਹੈ (ਅੰਤਰਮੁਖੀ ਅਨੁਭਵ)

ਇਕ ਆਦਮੀ ਬਿਨਾਂ ਕਿਸੇ ਅਨੁਭਵ ਦੇ ਪੈਦਾ ਹੁੰਦਾ ਹੈ। ਉਸ ਦੀ ਆਤਮਾ ਇਕ ਕੋਰੇ ਕਾਗਜ਼ ਦੀ ਤਰ੍ਹਾਂ ਖਾਲੀ ਹੁੰਦੀ ਹੈ ਜੋ ਕਿ ਅਨੁਭਵ ਦੁਆਰਾ ਪ੍ਰਾਪਤ ਕੀਤੇ ਵਿਚਾਰਾਂ ਨਾਲ ਭਰੀ ਜਾਂਦੀ ਹੈ। ਅਨੁਭਵ ਸਾਧਾਰਣ ਅਤੇ ਗੁੰਝਲਦਾਰ ਵਿਚਾਰਾਂ ਦੇ ਹੋ ਸਕਦੇ ਹਨ। ਇਹ ਉਤੇਜਨਾ ਦੁਆਰਾ ਵੀ ਪ੍ਰਾਪਤ ਹੋ ਸਕਦੇ ਹਨ ਤੇ ਅੰਦਰੂਨੀ ਪ੍ਰਤੱਖੀਕਰਣ ਦੁਆਰਾ ਵੀ। ਲੋਕੇ ਦੀ ਚਿੰਤਨ ਦੀ ਧਾਰਣਾ ਇਸ ਕਲਪਨਾ ਤੇ ਆਧਾਰਿਤ ਸੀ ਕਿ ਮਨੋਵਿਗਿਆਨ ਤੱਥਾਂ ਦਾ ਮਨੁੱਖੀ ਗਿਆਨ ਚਿੰਤਨਾਤਮਕ ਹੋਣਾ ਚਾਹੀਦਾ ਹੈ। ਚੇਤਨਾ ਅਤੇ ਬਾਹਰਮੁਖੀ ਸੰਸਾਰ ਨੂੰ ਇਸ ਆਧਾਰ ਤੇ ਜਵਾਬੀ ਪ੍ਰਸ਼ਨ ਕੀਤੇ ਗਏ

ਕਿ ਉਨ੍ਹਾਂ ਨੂੰ ਸਿਰਫ਼ ਜ਼ਰੂਰੀ ਬਾਹਰੀ ਤਰੀਕਿਆਂ ਦੁਆਰਾ ਜਾਣਿਆ ਜਾ ਸਕਦਾ ਹੈ।

ਅੰਦਰੂਨੀ ਤੇ ਬਾਹਰੀ ਅਨੁਭਵਾਂ ਬਾਰੇ ਲੋਕ (Locke) ਦੇ ਉਪਦੇਸ਼ਾਂ ਦੇ ਦੂਹਰੇ ਚਰਿੱਤਰ ਨੇ ਇਸ ਸੱਚਾਈ ਨੂੰ ਮੰਨਿਆ ਕਿ ਇਸ ਨੇ ਭੌਤਿਕਵਾਦ ਅਤੇ ਅਧਿਆਤਮਕ ਸਿਧਾਂਤਾਂ ਦੇ ਵਿਕਾਸ ਨੂੰ ਪ੍ਰੇਰਿਤ ਕੀਤਾ। ਅੰਗਰੇਜ਼ੀ-ਫਰਾਂਸੀਸੀ ਅਤੇ ਰੂਸੀ ਭੌਤਿਕਵਾਦੀਆਂ ਨੇ ਹਜਰਟਲੇ (Hartley, 1705-1757), ਡਾਈਡੈਰਟ (Diderot, 1713-1784) ਨਾਲ ਮਿਲਕੇ ਬਾਹਰਮੁੱਖੀ ਅਨੁਭਵਾਂ ਦੀ ਧਾਰਨਾ ਦਾ ਕਾਰਜਵਿਧੀ ਬਣਾਈ ਜਿਸ ਨਾਲ ਉਹ ਇਸ ਨਤੀਜੇ ਤੇ ਪਹੁੰਚੇ ਕਿ ਬਾਹਰਲੇ ਸੰਸਾਰ ਨਾਲ ਵਿਅਕਤੀ ਦੇ ਸੰਬੰਧਾਂ ਤੋਂ ਉਸ ਦੀ ਅੰਦਰੂਨੀ ਸੰਤੁਸ਼ਟੀ ਪ੍ਰਾਪਤ ਕੀਤੀ ਜਾ ਸਕਦੀ ਹੈ। ਇਸ ਤੋਂ ਉਲਟ ਬਾਰਕਲੇ (Berkeley) ਦੁਆਰਾ ਅਗਵਾਈ ਕੀਤੇ ਹੋਏ ਆਦਰਸ਼ਵਾਦੀ ਮਨੁੱਖਾਂ ਨੇ ਇਸ ਸੰਤੁਸ਼ਟੀ ਨੂੰ ਬਾਹਰੀ ਅਨੁਭਵ ਤੋਂ ਆਜ਼ਾਦ ਮੰਨਿਆ। ਵਿਅਕਤੀ ਦੀ ਗੁੰਝਲਦਾਰ ਮਾਨਸਿਕ ਜ਼ਿੰਦਗੀ ਵਿਚ ਸਾਰੇ ਵਿਚਾਰ ਇਕ ਰੂਪ ਵਿਚ ਇਕੱਠੇ ਹੋ ਜਾਂਦੇ ਹਨ। ਮਨੋਵਿਗਿਆਨ ਦਾ ਮੁੱਖ ਕਾਨੂੰਨ ਵਿਚਾਰਾਂ ਦਾ ਮੇਲ ਮਿਲਾਪ ਹੈ। ਇਸ ਵਿਚਾਰ ਨੂੰ ਲੋਕੇ ਦੇ ਉਪਦੇਸ਼ਾਂ ਨੇ ਹੋਰ ਪੱਕਾ ਕਰ ਦਿੱਤਾ। ਲੋਕ (Locke) ਤੋਂ ਬਾਅਦ ਮੇਲ-ਮਿਲਾਪ ਹੀ ਮਨੋਵਿਗਿਆਨਕ ਵਿਚਾਰ ਵਿਚ ਪ੍ਰਮੁੱਖ ਝੁਕਾਅ ਬਣ ਗਿਆ। ਇਸ ਝੁਕਾਅ ਦੌਰਾਨ ਭੌਤਿਕਵਾਦ ਅਤੇ ਆਦਰਸ਼ਵਾਦ ਵਿਚਾਰਾਂ ਵਿਚਕਾਰ ਲੜਾਈ ਨੇ ਮਨ ਦੇ ਵਿਚਾਰ ਉੱਪਰ ਹੀ ਧਿਆਨ ਦਿੱਤਾ।

### 1.2.2.6 ਡੇਵਿਡ ਹਾਰਟਲੇ ਦੀ ਵਿਚਾਰਧਾਰਾ

18ਵੀਂ ਸਦੀ ਦੇ ਸਹਾਇਕ ਮਨੋਵਿਗਿਆਨ ਵਿਚ ਭੌਤਿਕਵਾਦੀ ਵਿਚਾਰਧਾਰਾ ਦਾ ਸਭ ਤੋਂ ਪ੍ਰਮੁੱਖ ਸਮਰਥਕ ਡੇਵਿਡ ਹਾਰਟਲੇ (David Hartley) ਸੀ। ਉਸ ਨੇ ਆਪਣੇ ਆਪ ਨੂੰ ਨਿਊਟਨ ਦੇ ਸਰੀਰਕ ਸਿਧਾਂਤਾਂ ਤੇ ਆਧਾਰਿਤ ਕੀਤਾ। ਚਿਕਿਤਸਾ ਤੇ ਸਰੀਰ ਵਿਗਿਆਨ ਦੀਆਂ ਪ੍ਰਾਪਤੀਆਂ ਦੇ ਆਧਾਰ ਤੇ ਹਾਰਟਲੇ ਨੇ ਪ੍ਰਤਿਕ੍ਰਿਆਤਮਕ ਜਾਂ ਅੰਤਰਮੁਖੀ ਦੀ ਧਾਰਨਾ ਤੇ ਮੇਲ-ਮਿਲਾਪ ਦੀ ਧਾਰਨਾ ਨੂੰ ਇਕੱਠਾ ਕਰ ਦਿੱਤਾ। ਉਸ ਨੇ ਦਾਅਵਾ ਕੀਤਾ ਕਿ ਸਾਰੇ ਮਾਨਸਿਕ ਤੱਥ ਨਰਵਸ ਸਿਸਟਮ ਦੇ ਬਾਹਰੀ ਅਸਰ ਦੁਆਰਾ ਉਤਪੰਨ ਹੁੰਦੇ ਹਨ ਜੋ ਉਨ੍ਹਾਂ ਨੂੰ ਗਿਆਨ ਇੰਦਰੀਆਂ ਤੋਂ ਦਿਮਾਗ਼ ਤੱਕ ਅਤੇ ਦਿਮਾਗ਼ ਤੋਂ ਮਾਸ ਪੇਸ਼ੀਆਂ ਵਿਚ ਲੈ ਜਾਂਦੇ ਹਨ। ਇਸ ਅਸਰ ਨੂੰ ਇੰਦਰੀ ਗਿਆਨ ਕਿਹਾ ਜਾਂਦਾ ਹੈ। ਹਾਰਟਲੇ ਦੇ ਉਪਦੇਸ਼ਾਂ ਨੂੰ ਸਮਰੂਪਤਾ ਦੁਆਰਾ ਭਿੰਨ ਕੀਤਾ ਜਾਂਦਾ ਸੀ। ਇਹ ਨੀਤੀਵਾਦ ਦੇ ਸਿਧਾਂਤ ਦੇ ਆਧਾਰਿਤ ਸੀ। ਮੇਲ ਮਿਲਾਪ ਦਾ ਨਿਯਮ ਮਨੁੱਖੀ ਜ਼ਿੰਦਗੀ ਦੇ ਹਰ ਪੱਖ ਨੂੰ ਸਮਝਣ ਲਈ ਵਰਤਿਆ ਗਿਆ। ਸਹਿਯੋਗਿਕ ਜਾਂ ਸਹਾਇਕ ਮਨੋਵਿਗਿਆਨ ਨੂੰ ਇਕ ਸਿਧਾਂਤ ਮੰਨਿਆ ਜਾਂਦਾ ਹੈ ਜਿਸ ਵਿਚ ਵਿਅਕਤੀ ਦੇ ਵਰਤਮਾਨ ਗੁਣਾਂ ਨੂੰ ਨਰਵਸ ਸਿਸਟਮ ਦੁਆਰਾ ਉਹਨਾਂ ਦੇ ਵਿਵਹਾਰ ਤੇ ਕੰਟਰੋਲ ਕਰਨ ਦੀ ਛੋਟ ਦਿੱਤੀ ਗਈ ਹੈ।

ਇਸ ਸਿਧਾਂਤ ਦਾ 18ਵੀਂ ਸਦੀ ਦੇ ਇਕ ਹੋਰ ਮਨੋਵਿਗਿਆਨਕ ਵਿਚਾਰ ਯੋਗਤਾਵਾਂ ਦੇ ਮਨੋਵਿਗਿਆਨ ਨੇ ਵਿਰੋਧ ਕੀਤਾ ਇਸ ਵਿਚਾਰ ਦੇ ਸਮਰਥਕਾਂ ਨੇ ਬਹਿਸ ਕੀਤੀ ਕਿ ਆਤਮਾ ਕਈ ਅੰਦਰੂਨੀ ਸ਼ਕਤੀਆਂ ਨਾਲ ਸੰਪੰਨ ਹੈ। ਉਹਨਾਂ ਨੇ ਇਹਨਾਂ ਸ਼ਕਤੀਆਂ ਲਈ ਕੋਈ ਖਾਸ ਵਿਆਖਿਆ ਨਹੀਂ ਕੀਤੀ। ਨਾੜੀ ਪ੍ਰਣਾਲੀ ਵਿਚ ਖੋਜ ਦੀਆਂ ਨਵੀਆਂ ਉਪਲਬੱਧੀਆਂ ਨੇ 18ਵੀਂ ਸਦੀ ਨੂੰ ਯਾਦਗਾਰ ਬਣਾ ਦਿੱਤਾ ਅਤੇ ਇਕਿਸਵੀਂ ਸਦੀ ਨੇ ਇਸ ਵਿਚਾਰ ਲਈ ਰਸਤਾ ਲੱਭਿਆ ਕਿ ਮਨ ਦੀ ਕਾਰਜਵਿਧੀ ਨੂੰ ਪ੍ਰਾਣੀ ਦੇ ਮਹੱਤਵਪੂਰਣ ਕੰਮਾਂ ਵਾਂਗ ਹੀ ਸਮਝਣਾ ਚਾਹੀਦਾ ਹੈ। ਇਹ ਦਿਮਾਗ਼ ਦੇ ਕੰਮ ਦੇ ਰੂਪ ਵਿਚ ਮਨ ਦੇ ਸਿਧਾਂਤ ਲਈ ਇਕ ਮੁੱਢਲੀ ਸ਼ਰਤ ਸੀ। ਇਸ ਸਿਧਾਂਤ ਨੂੰ 18ਵੀਂ ਸਦੀ ਦੇ ਫਰੈਂਚ ਭੌਤਿਕਵਾਦੀ ਨੇ ਅੱਗੇ ਵਧਾਇਆ ਜਿਸ ਨੇ ਇਹ ਪ੍ਰੋੜਤਾ ਕੀਤੀ ਕਿ ਸੋਚਣ ਦੀ ਪ੍ਰਕ੍ਰਿਆ ਬਾਹਰਲੇ ਪ੍ਰਭਾਵ ਦੁਆਰਾ ਸ਼ੁਰੂ ਹੁੰਦੀ ਹੈ, ਜੋ ਕਿ ਬਾਅਦ ਵਿਚ ਵਿਚਾਰ ਦੁਆਰਾ ਅਤੇ ਦਿਮਾਗ਼ ਵਿਚ ਚਲ ਰਹੇ ਅਣਜਾਣੇ ਨਾੜੀ ਪ੍ਰਕ੍ਰਿਆ ਦੁਆਰਾ ਪ੍ਰਗਟ ਹੁੰਦੀ ਹੈ। ਇਸ ਤਰ੍ਹਾਂ ਸੋਚਣ ਦੀ ਪ੍ਰਕ੍ਰਿਆ ਦੀ ਆਮ ਸਕੀਮ ਪ੍ਰਤੀਕ੍ਰਿਆਤਮਕ ਕਾਰਜ-ਵਿਧੀ ਦੀ ਸਮਰਣਸ਼ੀਲ ਸੀ। ਇਹ 'ਪ੍ਰਤੀਕ੍ਰਿਆਤਮਕ' ਸ਼ਬਦ ਸਿਰਫ਼ ਭੌਤਿਕਵਾਦੀ ਦੁਆਰਾ ਇਕ ਅਚੇਤਨ ਮੋਟਰ ਕਿਰਿਆ ਦੇ ਰੂਪ ਵਿਚ ਵਰਤਿਆ ਗਿਆ ਹੈ।

### 1.2.2.7 ਸੇਚੀਨੋਵ ਅਤੇ ਪੈਵਲਵ ਦਾ ਯੋਗਦਾਨ

19ਵੀਂ ਸਦੀ ਵਿਚ ਇਹ ਵਿਚਾਰ ਆਮ ਜਾਣਕਾਰੀ ਦਾ ਸੋਮਾ ਬਣ ਗਿਆ ਕਿ ਪ੍ਰਾਣੀ ਦੀ ਹਰਕਤ ਦੋ ਭਾਗਾਂ ਵਿਚ ਵੰਡੀ ਜਾਂਦੀ ਹੈ, ਸਵੈ-ਇੱਛਤ (ਚੇਤਨ) ਅਤੇ ਇੱਛਾ-ਵਿਰੋਧੀ (ਅਚੇਤਨ)। 19ਵੀਂ ਸਦੀ ਦੇ ਅੰਤ ਵਿਚ, ਰੂਸੀ

ਵਿਗਿਆਨੀ ਇਵਾਨ ਸੇਚੀਨੋਵ (Ivan Sachenov, 1820-1905) ਨੇ ਆਪਣੇ ਇਕ ਲੇਖ 'ਦਿਮਾਗ ਦੀਆਂ ਪ੍ਰਤੀਕ੍ਰਿਆਵਾਂ' (Reflexes of brain, 1863) ਵਿਚ ਲਿਖਿਆ ਕਿ ਜ਼ਿੰਦਗੀ ਦੇ ਸਾਰੇ ਕੰਮ ਚੇਤਨ ਅਤੇ ਅਚੇਤਨ ਦੀ ਹੋਂਦ ਦੁਆਰਾ ਪ੍ਰਗਟ ਹੁੰਦੇ ਹਨ। ਇਸ ਲਈ ਚੇਤੰਨਤਾ ਦਾ ਹਰ ਕੰਮ ਅਭੌਤਿਕ ਹਸਤੀ ਦੇ ਰੂਪ ਵਿਚ ਆਤਮਾ ਦਾ ਹਿੱਸਾ ਨਹੀਂ ਸਮਝਣਾ ਚਾਹੀਦਾ ਪਰੰਤੂ ਬਣਤਰ ਅਤੇ ਕ੍ਰਿਆ ਦੇ ਰੂਪ ਵਿਚ ਪ੍ਰਤੀਕ੍ਰਿਆਤਮਕ ਰੂਪੀ ਕ੍ਰਿਆ ਸਮਝਣਾ ਚਾਹੀਦਾ ਹੈ। ਪਹਿਲੇ ਸਿਧਾਂਤਾਂ ਨੇ ਮਨੋਵਿਗਿਆਨ ਦੇ ਖੇਤਰ ਨੂੰ ਚੇਤਨਤਾ ਤੱਕ ਹੀ ਸੀਮਤ ਕੀਤਾ ਹੈ ਜਿਸ ਵਿਚ ਵਿਚਾਰ, ਧਾਰਣਾ ਅਤੇ ਕਲਪਨਾ ਆਦਿ ਸ਼ਾਮਲ ਹਨ। ਸੇਚੀਨੋਵ ਦੇ ਅਨੁਸਾਰ ਇਹ ਸਮੁੱਚੇ ਮਾਨਸਿਕ ਪ੍ਰਕ੍ਰਿਆ ਦਾ ਸਿਰਫ਼ ਇਕ ਟੁਕੜਾ ਹੈ, ਜੋ ਜੀਵ ਅਤੇ ਉਸ ਦੇ ਵਾਤਾਵਰਣ ਦੇ ਆਪਸੀ ਪ੍ਰਭਾਵ ਦੇ ਇਕ ਖਾਸ ਰੂਪ ਨੂੰ ਪੇਸ਼ ਕਰਦਾ ਹੈ। ਇਸ ਵਿਚਾਰ ਨੂੰ ਸੇਚੀਨੋਵ ਨੇ ਬਹੁਤ ਵੱਡੀ ਗਲਤੀ ਮੰਨਿਆ ਕਿ ਮਾਨਸਿਕ ਪ੍ਰਕ੍ਰਿਆਵਾਂ ਚੇਤੰਨਤਾ ਵਿਚ ਹੀ ਸ਼ੁਰੂ ਅਤੇ ਖਤਮ ਹੁੰਦੀਆਂ ਹਨ। ਉਸ ਨੇ ਕਿਹਾ ਕਿ ਪ੍ਰਤੀਕ੍ਰਿਆਤਮਕਤਾ ਦੇ ਦਿਮਾਗੀ ਹਿੱਸੇ ਨੂੰ ਉਸ ਦੀ ਕੁਦਰਤੀ ਸ਼ੁਰੂਆਤ ਤੇ ਅੰਤ ਤੋਂ ਵੱਖ ਕਰਨਾ ਬਿਲਕੁਲ ਗਲਤ ਹੈ।

ਮਾਨਸਿਕ ਪ੍ਰਕ੍ਰਿਆਵਾਂ ਦਾ ਕੀ ਰੋਲ ਹੈ? ਇਹ ਨਿਯੰਤਰਨ ਦਾ ਕੰਮ ਕਰਦੀਆਂ ਹਨ ਜੋ ਕ੍ਰਿਆ ਨੂੰ ਬਦਲਦੇ ਵਾਤਾਵਰਣ ਨਾਲ ਇਹ ਵਿਸ਼ਵਾਸ ਨਾਲ ਜੋੜਦੀਆਂ ਹਨ ਕਿ ਕ੍ਰਿਆ ਵਿਚ ਵਾਤਾਵਰਣ ਦੇ ਅਨੁਕੂਲ ਬਨਣ ਦੀ ਯੋਗਤਾ ਹੈ। ਇਸ ਤਰ੍ਹਾਂ ਰੀਫਲੈਕਟਰੀ ਕੰਮ ਵਿਚ ਵਿਅਕਤੀ ਦਾ ਗਿਆਨ ਅਤੇ ਆਲੇ-ਦੁਆਲੇ ਸੰਸਾਰ ਬਾਰੇ ਵਿਚਾਰ, ਜੋ ਕਿ ਵਿਅਕਤੀ ਦੀ ਸਾਰੀ ਪੂੰਜੀ ਹੈ, ਸ਼ਾਮਲ ਹੁੰਦੇ ਹਨ । ਮਾਨਸਿਕ ਤੱਥ ਦਿਮਾਗ਼ ਦੇ ਬਾਹਰਲੇ ਅਤੇ ਅੰਦਰਲੇ ਉਤੇਜਕਾਂ ਪ੍ਰਤੀ ਪ੍ਰਤੀਕ੍ਰਿਆਵਾਂ ਹਨ। ਸੇਚੀਨੋਵ (Sachinov) ਨੇ ਦਿਮਾਗ ਦੇ ਰੀਫਲੈਕਟਰੀ ਸਰੂਪ ਅਤੇ ਕ੍ਰਿਆ ਦੀ ਮਾਨਸਿਕ ਨਿਯੰਤਰਣਾ ਦੇ ਖਿਆਲ ਨੂੰ ਅੱਗੇ ਪੇਸ਼ ਕੀਤਾ ਹੈ। ਇਹਨਾਂ ਮਹੱਤਵਪੂਰਣ ਨਿਰਣਾਇਕ ਸਿਧਾਂਤਕ ਪ੍ਰਸਤਾਵਾਂ ਨੂੰ ਸੋਵੀਅਤ ਸਰੀਰਕ ਵਿਗਿਆਨੀ ਇਵਾਨ ਪੈਵਲਵ (Ivan Pavlov) ਨੇ ਪ੍ਰਯੋਗਾਤਮਕ ਤੌਰ ਤੇ ਪੱਕਾ ਕੀਤਾ। ਉਸ ਨੇ ਜਾਨਵਰਾਂ ਅਤੇ ਮਨੁੱਖਾਂ ਤੇ ਵਾਤਾਵਰਣ ਦੇ ਪ੍ਰਭਾਵ ਰਾਹੀਂ ਨਿਯੰਤਰਣ ਦੇ ਨਿਯਮਾਂ ਦੀ ਖੋਜ ਕੀਤੀ। ਇਹਨਾਂ ਨਿਯਮਾਂ ਦੇ ਆਧਾਰ ਤੇ ਪੈਵਲਵ ਦੇ ਵਿਚਾਰਾਂ ਨੂੰ 'ਦੋ ਨਿਯੰਤਰਕ ਸਿਸਟਮ ਦੀ ਸਿੱਖਿਆ' ਦੇ ਰੂਪ ਵਿਚ ਜਾਣਿਆ ਜਾਂਦਾ ਸੀ।

ਜਾਨਵਰਾਂ ਦਾ ਵਿਵਹਾਰ ਪੈਵਲਵ ਦੇ ਪਹਿਲੇ ਨਿਯੰਤਰਕ ਸਿਸਟਮ ਦੁਆਰਾ ਨਿਯੰਤਰਿਤ ਕੀਤਾ ਜਾਂਦਾ ਹੈ। ਜਾਨਵਰਾਂ ਦੀ ਮਾਨਸਿਕ ਕ੍ਰਿਆ 'ਪਹਿਲੇ ਨਿਯੰਤਰਕ ਸਿਸਟਮ' ਦੇ ਪੱਧਰ ਤੋਂ ਅੱਗੇ ਨਹੀਂ ਜਾ ਸਕਦੀ। ਵਿਅਕਤੀ ਦੇ ਵਿਵਹਾਰ ਨੂੰ ਵੀ ਪਹਿਲੇ ਨਿਯੰਤਰਕ ਸਿਸਟਮ ਦੇ ਸੰਕੇਤ ਰਾਹੀਂ ਨਿਯੰਤਰਣ ਅਤੇ ਗਾਈਡ ਕੀਤਾ ਜਾਂਦਾ ਹੈ। ਜਿਵੇਂ ਲਾਲ ਟਰੈਫਿਕ ਬੱਤੀ ਡਰਾਈਵਰ ਨੂੰ ਗੱਡੀ ਰੋਕਣ ਲਈ ਇਕ ਸੰਕੇਤ ਦਿੰਦੀ ਹੈ। ਜਿਸ ਰਾਹੀਂ ਉਹ ਆਪਣੀ ਗੱਡੀ ਦੇ ਬਰੇਕ ਲਗਾਉਂਦਾ ਹੈ। ਇਹਨਾਂ ਸੰਕੇਤਾਂ ਦੀ ਦਿਮਾਗ ਵਿਚ ਅਜਿਹੀ ਵਿਚ ਅਜਿਹੀ ਧਾਰਣਾ ਬਣੀ ਹੁੰਦੀ ਹੈ ਜੋ ਆਪਣੇ ਆਪ ਹੀ ਡਰਾਈਵਰ ਦੇ ਵਿਵਹਾਰ ਨੂੰ ਨਿਯੰਤਰਣ ਕਰਦੀ ਹੈ।

ਜਾਨਵਰ ਜਿਨ੍ਹਾਂ ਵਿਚ ਸਿਰਫ਼ 'ਪਹਿਲਾ ਨਿਯੰਤਰਕ ਸਿਸਟਮ' ਹੁੰਦਾ ਹੈ, ਦੇ ਵਿਪਰੀਤ, ਵਿਅਕਤੀ ਵਿਚ 'ਦੂਸਰਾ ਨਿਯੰਤਰਿਕ ਸਿਸਟਮ' ਵੀ ਹੁੰਦਾ ਹੈ ਜੋ ਉਸ ਲਈ ਲਾਭਦਾਇਕ ਹੁੰਦਾ ਹੈ। 'ਦੂਸਰੇ ਨਿਯੰਤਰਕ ਸਿਸਟਮ' ਦੇ ਸੰਕੇਤ ਸ਼ਬਦ ਹੁੰਦੇ ਹਨ ਜੋ ਉਚਾਰਣ ਕੀਤੇ ਜਾਂਦੇ ਹਨ, ਸੁਣੇ ਜਾਂ ਪੜ੍ਹੇ ਜਾਂਦੇ ਹਨ। ਸ਼ਬਦ 'ਪਹਿਲੇ ਨਿਯੰਤਰਕ ਸਿਸਟਮ' ਦੇ ਖਿਆਲੀ ਸੰਕੇਤ ਦੀ ਥਾਂ ਲੈ ਸਕਦੇ ਹਾਂ। ਇਹ ਜ਼ਰੂਰੀ ਹੈ ਕਿ ਪਹਿਲੇ ਨਿਯੰਤਰਕ ਸਿਸਟਮ ਤੇ ਦੂਜੇ ਨਿਯੰਤਰਕ ਸਿਸਟਮ ਵਿਚ ਫਰਕ ਪਤਾ ਹੋਣਾ ਚਾਹੀਦਾ ਹੈ। ਜੇਕਰ ਕੋਈ ਸ਼ਬਦ ਸੰਕੇਤ ਦੇ ਤੌਰ ਤੇ ਸਮਝ ਨਾ ਆਉਣ, ਫਿਰ ਉਨ੍ਹਾਂ ਸੰਕੇਤਾਂ ਨੂੰ 'ਪਹਿਲੇ ਨਿਯੰਤਰਕ ਸਿਸਟਮ' ਰੂਪ ਵਿਚ ਸਮਝਣਾ ਚਾਹੀਦਾ ਹੈ।

ਲੈਨਿਨ (Lenin) ਅਨੁਸਾਰ ਸਾਡੀਆਂ ਸੰਵੇਦਨਾਵਾਂ ਅਤੇ ਸਾਡੀ ਚੇਤਨਤਾ ਬਾਹਰੀ ਸੰਸਾਰ ਦੇ ਕਾਲਪਨਿਕ ਵਿਚਾਰ ਤੋਂ ਬਿਨਾਂ ਕੁਝ ਨਹੀਂ। ਪਰੰਤੂ ਪ੍ਰਤੀਬਿੰਬ ਲੇਨਿਨ ਸਿਧਾਂਤ ਵਿਗਿਆਨਕ ਮਨੋਵਿਗਿਆਨ ਦਾ ਆਰੰਭ ਹੈ।

ਮਨ ਉੱਪਰ ਪ੍ਰੇਰਣਾ ਦੀ ਪ੍ਰਭਾਵਸ਼ੀਲਤਾ ਨੂੰ ਸਭ ਤੋਂ ਵਧੀਆ ਹਲ ਦੀ ਭਾਲ ਅਤੇ ਸੰਭਵ ਵਿਵਹਾਰ ਦੀ ਚੋਣ ਦੁਆਰਾ

ਦਰਸਾਇਆ ਜਾਂਦਾ ਹੈ। ਮਾਨਸਿਕ ਪ੍ਰਤੀਬਿੰਬ ਆਲੇ ਦੁਆਲੇ ਦੇ ਵਾਤਾਵਰਣ ਜਾਂ ਸੰਸਾਰ ਦਾ ਇਕ ਬੇਜਾਨ ਪ੍ਰਤੀਬਿੰਬ ਨਹੀਂ ਹੈ ਸਗੋਂ ਵਿਅਕਤੀ ਦੀ ਕ੍ਰਿਆ ਦਾ ਇਕ ਮਹੱਤਵਪੂਰਨ ਤੱਥ ਹੈ। ਵਿਵਹਾਰ ਦੀ ਪ੍ਰਭਾਵਸ਼ਾਲੀ ਨਿਯੰਤਰਣਤਾ ਫੀਡਬੈਕ ਅਪਰੇਟਸ ਤੋਂ ਬਿਨਾਂ ਅਸੰਭਵ ਹੈ। ਫੀਡਬੈਕ (Feedback) ਅਪਰੇਟਸ ਇਕ ਅਜਿਹਾ ਅਪਰੇਟਸ ਹੈ ਜਿਸ ਦੁਆਰਾ ਵਿਅਕਤੀ ਦੇ ਵਿਵਹਾਰ ਨੂੰ ਕੰਟਰੋਲ ਕੀਤਾ ਜਾਂਦਾ ਹੈ ਅਤੇ ਉਸ ਦੇ ਨਤੀਜਿਆਂ ਦੁਆਰਾ ਵਿਵਹਾਰ ਨੂੰ ਸੁਧਾਰਿਆ ਜਾ ਸਕਦਾ ਹੈ। ਫੀਡਬੈਕ ਦੀ ਧਾਰਣਾ, ਮਨੋਵਿਗਿਆਨ ਅਤੇ ਸਰੀਰ ਵਿਗਿਆਨ ਵਿਚ ਬਹੁਤ ਵਰਤੀ ਜਾਂਦੀ ਹੈ। ਮਨੋਵਿਗਿਆਨ ਵਿਚ ਹਰ ਕ੍ਰਿਆ ਦੀ ਦਿਮਾਗ਼ ਦੁਆਰਾ ਵਿਆਖਿਆ ਕੀਤੀ ਜਾਂਦੀ ਹੈ ਤਾਂ ਜੋ ਹੋਰ ਸਮੱਸਿਆ ਨੂੰ ਹੱਲ ਕੀਤਾ ਜਾ ਸਕੇ। ਫੀਡਬੈਕ ਅਪਰੇਟਸ ਦੁਆਰਾ ਕ੍ਰਿਆ ਦੇ ਨਤੀਜਿਆਂ ਦੀ ਖਿਆਲੀ ਨਤੀਜਿਆਂ ਨਾਲ ਤੁਲਨਾ ਕੀਤੀ ਜਾ ਸਕਦੀ ਹੈ। ਮਨ ਵਿਅਕਤੀ ਨੂੰ ਕੁਝ ਕੰਮ ਕਰਨ ਲਈ ਅਤੇ ਉਸ ਕੰਮ ਕਰਨ ਲਈ ਅਤੇ ਉਸ ਕੰਮ ਦੇ ਹਰ ਸੰਭਵ ਨਤੀਜਿਆਂ ਦੀ ਚੋਣ ਲਈ ਮਦਦ ਕਰਦਾ ਹੈ। ਹਰ ਵਿਅਕਤੀ ਦਾ ਵਿਵਹਾਰ ਆਪਣੀਆਂ ਵਿਸ਼ੇਸ਼ਤਾਵਾਂ ਰਾਹੀਂ ਇਕ ਸ਼ਖਸੀਅਤ ਦੇ ਰੂਪ ਵਿਚ ਪੇਸ਼ ਹੋ ਜਾਂਦਾ ਹੈ।

### 1.2.2.8 ਆਧੁਨਿਕ ਮਨੋਵਿਗਿਆਨ

ਆਧੁਨਿਕ ਮਨੋਵਿਗਿਆਨ ਇੱਕ ਸਦੀ ਪੂਰਵ ਹੀ ਹੋਂਦ ਵਿੱਚ ਆਇਆ। ਇਸ ਦੀ ਸ਼ੁਰੂਆਤ ਤਿੰਨ ਪ੍ਰਮੁੱਖ ਖੇਤਰਾਂ ਦੇ ਵਿਕਾਸ ਤੋਂ ਉਤੇਜਿਤ ਹੋਈ :

(1) ਫਿਲਾਸਫੀਕਲ ਸਿਧਾਂਤ : ਇਸ ਅਨੁਸਾਰ ਵਿਚਾਰ ਅੰਦਰੂਨੀ ਸ਼ਕਤੀਆਂ ਨਹੀਂ ਹਨ, ਸਗੋਂ ਵਿਅਕਤੀ ਦੁਆਰਾ ਪ੍ਰਾਪਤ ਜ਼ਿੰਦਗੀ ਦੇ ਅਨੁਭਵ ਹਨ। (2) ਡਾਰਵਿਨ ਦੀ ਸੋਚ : ਇਸ ਨੇ ਕੁਦਰਤੀ ਖੋਜ ਦੀ ਮਹੱਤਤਾ ਤੇ ਜੋਰ ਦਿੱਤਾ ਅਤੇ ਮਨੁੱਖੀ ਤੇ ਜੀਵ ਵਿਵਹਾਰ ਵਿੱਚ ਆਪਣੀ ਰੁੱਚੀ ਦਿਖਾਈ। (3) ਫਿਜੀਕਸ ਵਿੱਚ ਪ੍ਰਯੋਗਤਾਮਕ ਵਿਧੀਆਂ : ਇਨ੍ਹਾਂ ਵਿਧੀਆਂ ਅਨੁਸਾਰ ਉਤੇਜਕ ਅਤੇ ਪ੍ਰਤੀਕਿਰਿਆਵਾਂ ਦੇ ਸਬੰਧਾਂ ਨੂੰ ਮਾਪਿਆ ਜਾ ਸਕਦਾ ਹੈ।

ਵਿਲਹੇਮ ਵੂੰਡ ਨੂੰ ਆਧੁਨਿਕ ਮਨੋਵਿਗਿਆਨ ਦਾ ਮੋਢੀ ਮੰਨਿਆ ਜਾਂਦਾ ਹੈ। ਜਿਸ ਨੇ ਪ੍ਰਯੋਗਤਾਮਕ ਮਨੋਵਿਗਿਆਨ ਤੇ ਪਹਿਲੀ ਕਿਤਾਬ ਲਿਖੀ ਅਤੇ ਪਹਿਲੀ ਪ੍ਰਯੋਗਤਾਮਕ ਪ੍ਰਯੋਗਸ਼ਾਲਾ ਵੀ ਸਥਾਪਿਤ ਕੀਤੀ। ਉਸ ਨੇ ਭਾਵਨਾਵਾਂ ਤੇ ਸੰਵੇਦਨਾਵਾਂ ਦੇ ਅਧਿਐਨ ਵਿੱਚ ਆਪਣੀ ਰੁੱਚੀ ਦਿਖਾਈ ਅਤੇ ਵੁਸ ਦੇ ਵਿਦਿਆਰਥੀਆਂ ਨੇ ਦਿਮਾਗ ਦੇ ਢਾਂਚੇ ਦੇ ਅਧਿਐਲ ਲਈ ਇੱਕ ਵਿਚਾਰਧਾਰਾ ਬਣਾਈ, ਜਿਸ ਨੂੰ Structuralism ਕਿਹਾ ਜਾਂਦਾ ਹੈ।

ਵਿਲੀਅਮ ਜੇਮਸ, ਜਿਸ ਨੂੰ ਅਮਰੀਕਨ ਮਨੋਵਿਗਿਆਨ ਦਾ ਮੋਢੀ ਮੰਨਿਆ ਜਾਂਦਾ ਹੈ, ਨੇ ਆਪਣੀ ਕਿਰਿਆਤਮਕ ਸੋਚ ਅਤੇ ਲਿਖਤਾਂ ਦੁਆਰਾ ਇੱਕ ਨਵੀਂ ਲਹਿਰ ਸ਼ੁਰੂ ਕੀਤੀ ਜਿਸ ਵਿੱਚ ਉਸ ਨੇ ਮਾਨਸਿਕ ਜਿੰਦਗੀ ਦੇ ਢਾਂਚੇ ਦੀ ਬਜਾਇ ਉਸ ਦੀ ਕਿਰਿਆ ਤੇ ਜੋਰ ਦਿੱਤਾ। ਇਸ ਲਹਿਰ ਨੂੰ "Functionalism" ਵਜੋਂ ਜਾਣਿਆ ਜਾਂਦਾ ਹੈ।

ਮਨੋਵਿਗਿਆਨ ਤੱਕ ਪਹੁੰਚ (Approaches) :

ਪਹੁੰਚ ਕੁਝ ਧਾਰਨਾਵਾਂ ਦੇ ਅਧਾਰ ਤੇ ਬਣਿਆ ਇਕ ਨਜਰੀਆ ਹੈ ਜਿਸ ਨਾਲ ਵਰਤਾਓ ਦਾ ਮੁੱਢ ਸਮਝਿਆ ਜਾ ਸਕਦਾ ਹੈ। ਜਿਵੇਂ ਕਿ ਦਿਮਾਗ ਦੇ ਕੰਮ ਕਰਨ ਦਾ ਤਰੀਕਾ, ਵਰਤਾਓ ਦਾ ਕਿਹੜਾ ਹਿੱਸਾ ਪੜ੍ਹਨਾ ਚਾਹੀਦਾ ਹੈ। ਕਿਹੜਾ ਖੋਜ ਤਰੀਕਾ ਵਰਤਿਆ ਜਾਵੇ ਇਹ ਸਭ ਪਹੁੰਚ ਦਾ ਹੀ ਹਿੱਸਾ ਹੁੰਦਾ ਹੈ।

ਇਕ ਅਪਰੋਚ ਦੇ ਅੰਦਰ ਕਈ ਸਿਧਾਂਤ (ਥਿਊਰੀ) ਹੋ ਸਕਦੇ ਹਨ ਪਰ ਸਭ ਦੀਆਂ ਧਾਰਨਾਵਾਂ ਇਕ ਹੀ ਹਨ। ਵਿਲਹੇਮ ਵੂੰਡ ਦੁਆਰਾ 1879 ਈ. ਵਿਚ ਸਭ ਤੋਂ ਪਹਿਲੀ ਮਨੋਵਿਗਿਆਨ ਦੀ ਲੈਬ ਖੋਲਣ ਤੋਂ ਬਾਅਦ ਮਨੋਵਿਗਿਆਨਿਕਾਂ ਨੇ ਵਰਤਾਓ ਦੇ ਅਨੇਕ ਪਹਿਲੂਆਂ ਦੀ ਖੋਜ ਕੀਤੀ। ਜਿਵੇਂ ਕਿ ਪਰਸਨੈਲਟੀ, ਦਿਮਾਗ ਦੇ ਕੰਮ ਤੇ ਸਮਾਜਿਕ-ਸਭਿਆਚਾਰਕ ਪ੍ਰਭਾਵ ਆਦਿ। ਜਿਵੇਂ-ਜਿਵੇਂ ਇਹ ਖੋਜ ਤਰੱਕੀ ਕਰਦੀ ਗਈ, ਇਹ ਸਵਾਲ ਕਿ ਅਸੀਂ ਕੋਈ ਕੰਮ ਕਿਉਂ ਕਰਦੇ ਹਾਂ ਨੂੰ ਅਲੱਗ-ਅਲੱਗ ਪੱਖ ਤੋਂ ਜਾਂਚਣਾ ਸੁਰੂ ਕਰ ਦਿੱਤਾ ਗਿਆ। ਇਹਨਾਂ ਵਿਚੋਂ ਕੁਝ ਪੱਖ ਹਨ : ਬਾਇਓਲਾਜਿਕਲ, ਸਾਇਕੋਡਾਈਨੈਮਿਕਸ, ਬਿਹੇਵਰਲ, ਕੋਗਨਿਟਿਵ ਤੇ ਹਿਊਮਨਿਸਟਿਕ।

ਹਰ ਪੱਖ ਦੀ ਆਪਣੀ ਖਾਸੀਅਤ ਤੇ ਕਮੀ ਹੈ। ਹਰ ਪੱਖ ਕੁਝ ਨਵਾਂ ਨਜਰੀਆ ਦਿੰਦਾ ਹੈ ਵਰਤਾਉ ਨੂੰ ਸਮਝਣ ਦਾ ਇਸ ਲਈ ਮਨੋਵਿਗਿਆਨ ਚ ਵੀ ਕਈ ਪੱਖ ਨੇ ਮਨੁੱਖ ਦੇ ਵਰਤਾਉ ਨੂੰ ਸਮਝਣ ਲਈ।

**ਬਾਇਓਲੋਜਿਕਲ ਅਪਰੋਚ :**

ਦੱਸਦੇ ਹਨ ਕਿ ਇਸ ਅਪਰੋਚ ਦੇ ਸਿਧਾਂਤਕਾਰ ਜੀਨਜ਼ ਕਿਸ ਤਰ੍ਹਾਂ ਵਰਤਾਉ ਤੇ ਅਸਰ ਪਾਉਂਦੇ ਹਨ। ਡੀ.ਐਨ.ਏ ਦਾ ਪ੍ਰਭਾਵ ਮਨੁੱਖ ਦੇ ਵਰਤਾਉ ਤੇ ਕਿਸ ਪ੍ਰਕਾਰ ਅਸਰ ਹੁੰਦਾ ਹੈ ਇਹ ਸਮਝਣਾ ਹੁਣ ਔਖਾ ਨਹੀਂ। ਬਾਇਉਲੋਜਿਕਲ ਫੈਕਟਰਜ਼ ਜਿਵੇਂ ਕਿ ਕ੍ਰੋਮੋਸੋਮਸ, ਹਾਰਮੋਨਜ਼ ਤੇ ਦਿਮਾਗ ਦਾ ਬਹੁਤ ਗਹਿਰਾ ਪ੍ਰਭਾਵ ਹੈ ਵਰਤਾਉ ਨੂੰ ਸਮਝਣ ਵਿੱਚ ਬਾਇਉ ਸਾਇਕਲੋਜਿਸਟ ਵਿਚਾਰ, ਸੋਚ ਮੂਡ ਤੇ ਵਰਤਾਉ ਨੂੰ ਸਮਝਣ ਲਈ ਦਿਮਾਗ ਦੀ ਸਥਿਤੀ ਤੇ ਦਿਮਾਗ, ਨਰਵਜ਼ ਤੇ ਹਾਰਮੋਨਜ਼ ਤੇ ਵਿਚਕਾਰ ਸਬੰਧ ਹੀ ਪੜਚੋਲ ਕਰਦੀ ਹੈ।

ਇਹ ਅਪਰੋਚ ਜੋਰ ਦਿੰਦੀ ਹੈ ਕਿ ਇਨਸਾਨ ਵੱਖ-ਵੱਖ ਹਿੱਸਿਆਂ ਦਾ ਇਕ ਜੋੜ ਹੈ। ਦਿਮਾਗ ਦੀ ਬਣਤਰ ਅਜਿਹੀ ਹੈ ਕਿ ਜਿਸ ਤਰ੍ਹਾਂ ਦੀ ਸੋਚ ਉਸ ਤਰ੍ਹਾਂ ਦਾ ਹੀ ਵਰਤਾਓ ਸਾਹਮਣੇ ਆਉਂਦਾ ਹੈ। ਮਨੁੱਖ ਦੇ ਸਾਰੇ ਵਿਕਲਪ ਉਸਦੇ ਸਰੀਰ ਤੇ ਅਧਾਰਿਤ ਹਨ। ਜਿਸ ਤਰ੍ਹਾਂ ਦੀ ਸਰੀਰ ਦੀ ਲੋੜ ਉਸ ਤਰ੍ਹਾਂ ਦੇ ਵਿਚਾਰ ਫਿਰ ਉਸ ਤਰ੍ਹਾਂ ਦਾ ਹੀ ਵਰਤਾਓ। ਇਹ ਅਪਰੋਚ ਇਕ ਤੰਦਰੁਸਤ ਦਿਮਾਗ ਦੇ ਗੁਣਾਂ ਤੇ ਕੰਮਾਂ ਨੂੰ ਸਮਝਣ ਦੇ ਨਾਲ ਡਿਸਓਰਡਰਜ਼ ਜਿਵੇ ਸਕੀਜ਼ੋਫਰੇਨੀਆ ਦਾ ਜੀਨਜ਼ ਨਾਲ ਸੰਬੰਧ ਜਾਣਨ ਲਈ ਮਨ ਤੇ ਸਰੀਰ ਦਾ ਵੀ ਅਧਿਐਨ ਕਰਦੀ ਹੈ।

ਇਹ ਅਪਰੋਚ ਮੰਨਦੀ ਹੈ ਕਿ ਸਾਡਾ ਜ਼ਿਆਦਾਤਰ ਵਰਤਾਓ ਵਿਰਾਸਤ ਵਿਚ ਮਿਲਿਆ ਹੈ ਤੇ ਇਹ ਵਿਕਾਸਵਾਦ ਦੇ ਅਨੁਕੂਲ ਹੈ। ਜਿਵੇਂ ਕਿ ਬੱਚੇ ਦੇ ਜਨਮ ਤੇ ਕੁਝ ਹਫ਼ਤਿਆਂ ਬਾਅਦ ਹੀ ਪਿਤਾ ਦੇ ਟੈਸਟਸਟਰੀਨ ਦਾ ਪੱਧਰ 30× ਤੱਕ ਘੱਟ ਜਾਂਦਾ ਹੈ ਇਹ ਪ੍ਰਕਿਰਿਆ ਵੀ ਵਿਕਾਸਵਾਦ ਦੇ ਅਨੁਕੂਲ ਹੈ। ਟੈਸਟੋਸਟਰੀਨ ਦਾ ਘਟਿਆ ਪੱਧਰ ਆਦਮੀ ਨੂੰ ਨਵੇਂ ਸਾਥੀ ਦੀ ਖੋਜ ਤੋਂ ਰੋਕਦਾ ਹੈ ਤੇ ਗੁੱਸੇ ਦਾ ਪੱਧਰ ਵੀ ਘੱਟ ਕਰਦਾ ਹੈ ਜੋ ਕਿ ਨਵ ਜੰਮੇ ਬੱਚੇ ਦੇ ਨੇੜੇ ਰਹਿੰਦੇ ਹੋਏ ਜਰੂਰੀ ਵੀ ਹੈ।

ਬਾਇਓਲੋਜੀਕਲ ਮਨੋਵਿਗਿਆਨਿਕ ਅਬਨੋਰਮਲ ਵਰਤਾਓ ਵੱਲ ਵੀ ਧਿਆਨ ਕੇਂਦਰਿਤ ਕਰਦੇ ਹਨ ਤੇ ਇਸ ਨੂੰ ਵਖਿਆਨ ਕਰਨ ਦੀ ਕੋਸ਼ਿਸ਼ ਕਰਦੇ ਹਨ। ਇਹਨਾਂ ਦਾ ਮੰਨਣਾ ਹੈ ਕਿ ਸਕੀਜ਼ੋਫਰੇਨੀਆ ਹੋਣ ਦਾ ਕਾਰਨ 'ਡੋਪਾਮਾਈਨ' ਦਾ ਪੱਧਰ ਹੈ। ਇਹ ਖੋਜ ਦਵਾਈ ਦੀ ਮਦਦ ਨਾਲ ਕਿਸੇ ਬਿਮਾਰੀ ਦੇ ਲੱਛਣਾਂ ਨੂੰ ਸਮਝ ਕੇ ਪਹਿਚਾਣ ਕੇ ਖਤਮ ਕਰਨ ਵਿਚ ਮਦਦ ਕਰਦੀ ਹੈ ਪਰ ਫਰਾਇਡ ਤੇ ਉਸਦੇ ਚੇਲੇ ਤਰਕ ਕਰਦੇ ਹਨ ਕਿ ਇਹ ਪੱਖ ਸਿਰਫ਼ ਲੱਛਣ ਹੀ ਖ਼ਤਮ ਕਰ ਸਕਦਾ ਹੈ ਪਰ ਬਿਮਾਰੀ ਦਾ ਕਾਰਨ ਨਹੀਂ।

**ਬਿਹੇਵਰਿਸਟਿਕ ਅਪਰੋਚ : (ਵਿਵਹਾਰਵਾਦੀ)**

ਬਿਹੇਵਰਿਜਮ ਮੰਨਦਾ ਹੈ ਕਿ ਵਾਤਾਵਰਣ ਦਾ ਮਨੁੱਖ ਜਾਂ ਜਾਨਵਰ ਨੂੰ ਕਾਬੂ ਪਾਉਣ ਵਿਚ ਬਹੁਤ ਅਹਿਮ ਰੋਲ ਹੈ ਤੇ ਖਾਸ ਤੌਰ ਤੇ ਜੋ ਵੀ ਵਾਤਾਵਰਣ ਤੋਂ ਸਿੱਖਿਆ ਜਾਂਦਾ ਹੈ। ਦੂਜੇ ਸ਼ਬਦਾਂ ਵਿਚ ਲਰਨਿੰਗ (ਸਿੱਖਣ) ਦਾ ਵਰਤਾਓ ਨੂੰ ਸਿਰਜਣ 'ਚ ਮੁੱਖ ਹਿੱਸਾ ਹੈ। ਇਹ ਪੱਖ ਦੱਸਦਾ ਹੈ ਕਿਸ ਤਰ੍ਹਾਂ ਵਾਤਾਵਰਣ ਵਿਚ ਮੌਜੂਦ ਉਤੇਜਨਾ (ਸਟੀਮੁਲਸ) ਅਸਰ ਪਾਉਂਦਾ ਹੈ ਦੇਖ ਸਕਣ ਯੋਗ ਵਰਤਾਓ ਤੇ (ਰਿਸਪੋਂਸ)।

ਇਹ ਪੱਖ ਦੋ ਮੁੱਖ ਕਿਰਿਆਵਾਂ ਨੂੰ ਸਾਹਮਣੇ ਰੱਖਦਾ ਹੈ ਜਿੱਥੇ ਲੋਕ ਵਾਤਾਵਰਣ ਤੋਂ ਸਿੱਖਣ ਦੀ ਪ੍ਰਕਿਰਿਆ ਨਿਭਾਉਂਦੇ ਹਨ ਜੋ ਕਿ ਹਨ: ਕਲਾਸੀਕਲ ਕੰਡੀਸ਼ਨਿੰਗ ਤੇ ਓਪਰੈਂਟ ਕੰਡੀਸ਼ਨਿੰਗ। ਕਲਾਸੀਕਲ ਕੰਡੀਸ਼ਨਿੰਗ 'ਚ ਸਿੱਖਣ ਲਈ ਐਸੋਸੀਏਸ਼ਨ ਦਾ ਪ੍ਰਯੋਗ ਹੁੰਦਾ ਹੈ ਤੇ ਓਪਰੈਂਟ ਕੰਡੀਸ਼ਨਿੰਗ ਵਿੱਚ ਸਿੱਖਣ ਲਈ ਵਰਤਾਓ ਦੇ ਨਤੀਜੇ (ਕੋਨਸੀਕੁਐਂਸਿਜ ਆਫ਼ ਬਿਹੇਵੀਅਰ) ਦਾ ਪ੍ਰਯੋਗ ਹੁੰਦਾ ਹੈ।

**ਕਲਾਸੀਕਲ ਕੰਡੀਸ਼ਨਿੰਗ :**

ਇਸ ਦੀ ਖੋਜ ਰਸ਼ੀਆ ਦੇ ਮਨੋਵਿਗਿਆਨਿਕ ਇਵਾਨ ਪੈਵਲਵ ਨੇ ਕੀਤੀ ਸੀ। ਇਸ ਲਈ ਉਸਨੇ ਭੋਜਨ ਤੇ ਬੈੱਲ ਦੇ ਵਾਰ-ਵਾਰ ਸੁਮੇਲ ਨਾਲ ਕੁੱਤਿਆਂ ਵਿਚ ਕੁਦਰਤੀ ਤੌਰ ਤੇ ਲਾਰਾਂ ਗਿਰਨ ਦੀ ਪ੍ਰਕਿਰਿਆ ਨੂੰ ਪਛਾਣਿਆ। ਬੈੱਲ ਵੱਜਣ ਤੇ ਭੋਜਨ ਮਿਲਣ ਦੇ ਲਗਾਤਾਰ ਸੁਮੇਲ ਨਾਲ ਕੁੱਤੇ ਬੈੱਲ ਵਜਦੇ ਹੀ ਲਾਰਾਂ ਗੇਰਨ ਲੱਗਦੇ ਸਨ। ਇਸ ਪ੍ਰਯੋਗ ਦੇ ਉਦੇਸ਼ ਕਈ ਥਾਵਾਂ ਤੇ ਲਾਗੂ ਕੀਤੇ ਗਏ ਸਨ। ਜਿਸ ਤਰ੍ਹਾਂ ਕੇ ਫੋਬੀਆ ਦੇ ਇਲਾਜ ਲਈ, ਅਵਰਜ਼ਨ ਥੈਰਪੀ ਸ਼ਰਾਬ ਦੀ ਆਦਤ ਛੁਡਾਉਣ ਲਈ।

ਬੀ.ਐਫ. ਸਕਿਨਰ ਨੇ ਵਰਤਾਓ ਨੂੰ ਸਮਝਣ ਲਈ ਇਨਾਮ ਤੇ ਸਜਾ ਦਾ ਰੋਲ ਦੱਸਿਆ ਤੇ ਇਸਨੂੰ ਓਪੇਰੈਂਟ

ਕੰਡੀਸ਼ਨਿੰਗ ਦਾ ਨਾਮ ਦਿੱਤਾ। ਸਕਿਨਰ ਦਾ ਮੰਨਣਾ ਹੈ ਕਿ ਵਰਤਾਓ ਦੇ ਪਿੱਛੇ ਕੋਈ ਕਾਰਨ ਹੁੰਦਾ ਹੈ। ਉਸਨੇ ਵਰਤਾਓ ਨੂੰ ਬਦਲਣ ਦੇ ਤਿੰਨ ਤਰੀਕੇ ਵੀ ਦਿੱਤੇ ਜੋ ਕਿ ਹਨ :

1. ਪੋਜ਼ਟਿਵ ਰਿਇਨਫੋਰਸਮੈਂਟ
2. ਨੈਗਟਿਵ ਰਿਇਨਫੋਰਸਮੈਂਟ
3. ਸਜ਼ਾ ਜਾਂ ਪਨਿਸ਼ਮੈਂਟ

ਬਿਹੇਵਿਅਰਿਸਟ ਮੰਨਦੇ ਹਨ ਕਿ ਕੇਵਲ ਦੇਖ ਸਕਣ ਯੋਗ ਵਰਤਾਓ ਹੀ ਪੜ੍ਹਿਆ ਜਾਂ ਸਮਝਿਆ ਜਾ ਸਕਦਾ ਹੈ ਕਿਉਂਕਿ ਸਿਰਫ਼ ਇਹੀ ਨਿਸ਼ਚਿਤ ਤੌਰ ਤੇ ਮਾਪਿਆ ਜਾ ਸਕਦਾ ਹੈ। ਇਹਨਾਂ ਦਾ ਮੰਨਣਾ ਹੈ ਕਿ ਮਨੁੱਖ ਆਪਣੀ ਮਰਜੀ ਨਾਲ ਕੁਝ ਨਹੀਂ ਕਰਦਾ ਬਲਕਿ ਵਾਤਾਵਰਣ ਹੀ ਮਨੁੱਖ ਦਾ ਵਰਤਾਓ ਸਿਰਜਦਾ ਹੈ।

ਇਸ ਪੱਖ ਦੀ ਆਲੋਚਨਾ ਦਾ ਮੁੱਖ ਕਾਰਨ ਇਸਦਾ ਮਨੁੱਖ ਦੇ ਵਰਤਾਓ ਦੀ ਗੁੰਝਲਤਾ ਨੂੰ ਅਣਦੇਖਾ ਕਰਨਾ ਹੈ। ਇਸ ਦੇ ਪ੍ਰਯੋਗ ਲਈ ਅਕਸਰ ਜਾਨਵਰ ਦਾ ਇਸਤੇਮਾਲ ਹੁੰਦਾ ਹੈ ਤੇ ਉਹ ਮਨੁੱਖ ਉੱਪਰ ਪੂਰੀ ਤਰ੍ਹਾਂ ਲਾਗੂ ਕਰਨਾ ਸਹੀ ਨਹੀਂ। ਉਦਾਹਰਨ ਵਜੋਂ ਮਨੁੱਖ ਦੀ ਭਾਸ਼ਾ ਨੂੰ ਸਮਝਣ ਤੇ ਸਿੱਖਣ ਦੀ ਗਤੀ ਜਾਨਵਰ ਨਾਲੋਂ ਵੱਖਰੀ ਹੈ।

**ਕੋਗਨਿਟਿਵ ਅਪਰੋਚ :**

ਮਨੋਵਿਗਿਆਨ ਨੂੰ ਸਾਇੰਸ ਦਾ ਦਰਜਾ ਵਿਲਹੇਮ ਵੂੰਡ ਦੇ 1879 'ਚ ਲੈਬੋਰਟਰੀ ਖੋਲਣ ਤੋਂ ਬਾਅਦ ਮਿਲਿਆ। ਵੂੰਡ ਦੀ ਇਸ ਪਹਿਲ ਨੂੰ ਕਈ ਅਮਰੀਕੀ ਤੇ ਯੂਰੋਪੀਅਨ ਵਿਸ਼ਵਵਿਦਿਆਲਿਆ ਨੇ ਵੀ ਅਜਮਾਇਆ। ਇਹ ਸ਼ੁਰੂਆਤੀ ਲੈਬੋਰਟਰੀਆਂ ਵਿਚ ਯਾਦ ਤੇ ਸੈਂਸਰੀ ਪਰਸੈਪਸ਼ਨ (ਸੰਵੇਦੀ ਧਾਰਨਾ) ਦੀ ਪੜਚੋਲ ਕੀਤੀ ਗਈ। ਇਹ ਦੋਵੇਂ ਹੀ ਵੂੰਡ ਦੇ ਵਿਸ਼ਵਾਸ ਅਨੁਸਾਰ ਦਿਮਾਗ ਦੀ ਅੰਦਰੂਨੀ ਪ੍ਰਕਿਰਿਆ ਨਾਲ ਨੇੜੇ ਦਾ ਸੰਬੰਧ ਰੱਖਦੇ ਹਨ। ਇਹ ਸਾਰੀ ਲਹਿਰ ਕੁਝ ਪੁਰਾਣੇ ਦਾਰਸ਼ਨਿਕ ਅਰਿਸਟੋਟਲ ਤੇ ਪਲਾਟੋ ਤੋਂ ਵਿਕਸਿਤ ਹੋਈ ਹੈ। ਅੱਜ ਇਸ ਨੂੰ ਕੋਗਨਿਟਿਵ ਮਨੋਵਿਗਿਆਨ ਆਖਿਆ ਜਾਂਦਾ ਹੈ।

ਇਸ ਪੱਖ 'ਚ ਦਿਮਾਗ ਦੇ ਅੰਦਰ ਚੱਲ ਰਹੀਆਂ ਪ੍ਰਕਿਰਿਆਵਾਂ ਦਾ ਅਹਿਮ ਹਿੱਸਾ ਹੈ। ਜਿਵੇਂ ਕਿ ਜਾਣਨਾ ਹੋਵੇ ਮਨੁੱਖ ਨੂੰ ਸੋਚਣ ਲਈ ਕਿਹੜੀ ਚੀਜ਼ ਮਜ਼ਬੂਰ ਕਰਦੀ ਹੈ ਤਾਂ ਇਸ ਲਈ ਦਿਮਾਗ ਵਿਚ ਚੱਲ ਰਹੀਆਂ ਪ੍ਰਕਿਰਿਆਵਾਂ ਨੂੰ ਜਾਣਨਾ ਪਏਗਾ। ਦੂਜੇ ਸ਼ਬਦਾਂ ਵਿਚ ਇਸ ਦ੍ਰਿਸ਼ਟੀਕੋਣ ਹੇਠ ਮਨੋਵਿਗਿਆਨਿਕ ਕਾਗਨਿਸ਼ਨ (ਦਿਮਾਗ ਦੀ ਪ੍ਰਕਿਰਿਆ ਜਿਸ ਨਾਲ ਅਸੀਂ ਗਿਆਨ ਗ੍ਰਹਿਣ ਕਰਦੇ ਹਾਂ) ਦੀ ਪੜਚੋਲ ਕਰਦੇ ਹਾਂ।

ਮੈਮਰੀ, ਪਰਸੈਪਸ਼ਨ, ਅਟੈਂਸ਼ਨ, ਥਿੰਕਿੰਗ ਆਦਿ ਇਸ ਦ੍ਰਿਸ਼ਟੀਕੋਣ ਦਾ ਹੀ ਹਿੱਸਾ ਹਨ। ਇਸਦਾ ਆਖਣਾ ਹੈ ਕਿ ਦਿਮਾਗ ਤੇ ਕੰਪਿਊਟਰ ਦੋਵੇਂ ਇਕ ਸਮਾਨ ਹਨ। ਮਨੁੱਖ ਦੀ ਪ੍ਰਕਿਰਿਆ ਕਿਸੇ ਵੀ ਜਾਣਕਾਰੀ ਨੂੰ ਲੈ ਕੇ, ਯਾਦ ਰੱਖਣ ਤੇ ਮੁੜ ਪੇਸ਼ ਕਰਨ ਦੀ ਕੰਪਿਊਟਰ ਦੀ ਤਰ੍ਹਾਂ ਹੀ ਹੈ। (ਇਨਪੁਟ-ਪ੍ਰੋਸੈਸ-ਆਊਟਪੁਟ)

ਇਸ ਅਧਾਰ ਤੇ ਮਨੋਵਿਗਿਆਨੀ ਦੱਸਦੇ ਹਨ ਕਿ ਯਾਦ ਦੇ ਤਿੰਨ ਪੜਾਅ ਹਨ - ਇਨਕੋਡਿੰਗ (ਜਾਣਕਾਰੀ ਨੂੰ ਲੈਣਾ), ਸਟੋਰੇਜ (ਜਾਣਕਾਰੀ ਨੂੰ ਸਾਂਭਣਾ) ਤੇ ਰਿਟਰੀਵਲ (ਜਾਣਕਾਰੀ ਨੂੰ ਯਾਦ ਕਰਨਾ ਜਾਂ ਪੇਸ਼ ਕਰਨਾ)।

**ਐਵੋਲੂਸ਼ਨਰੀ ਅਪਰੋਚ :**

ਇਸ ਦ੍ਰਿਸ਼ਟੀਕੋਣ ਦੇ ਖੋਜਦਾਰ ਚਾਰਲਜ਼ ਡਾਰਵਿਨ ਸਨ। ਉਹਨਾਂ ਦੇ ਵਿਚਾਰਾਂ ਨੇ 19 ਵੀਂ ਤੇ 20 ਵੀਂ ਸਦੀ ਦੌਰਾਨ ਖੂਬ ਧਿਆਨ ਕੇਂਦਰਿਤ ਕੀਤਾ। ਉਹਨਾਂ ਤੋਂ ਪ੍ਰਭਾਵਿਤ ਹੋ ਕੇ ਹੋਰ ਵੀ ਕਈ ਮਨੋਵਿਗਿਆਨੀਆਂ ਨੇ ਨਵੇਂ ਆਦਰਸ਼ਾਂ ਦੀ ਖੋਜ ਕੀਤੀ। ਇਸ ਦ੍ਰਿਸ਼ਟੀਕੋਣ ਦਾ ਕੇਂਦਰੀ ਭਾਵ ਇਹ ਹੈ ਕਿ ਪੂਰਵਜ਼ਾਂ ਤੇ ਸ਼ਿਕਾਰੀ ਗਥ ਦੀਆਂ ਮੁਸ਼ਕਲਾਂ ਨੂੰ ਖ਼ਤਮ ਕਰਨ ਲਈ 10,000 ਸਾਲ ਪਹਿਲਾਂ ਵਿਕਸਿਤ ਹੋਇਆ। ਬਹੁਤ ਸਾਰੇ ਵਰਤਾਓ ਜੋ ਅਸੀਂ ਦੇਖਦੇ ਹਾਂ ਸਾਨੂੰ ਜ਼ਿੰਦਾ ਰੱਖਣ ਲਈ ਵਿਕਸਿਤ ਹੋਏ ਹਨ। ਇਸ ਵਿਚ ਵਿਕਾਸਵਾਦ ਅਨੁਕੂਲ ਵਾਤਾਵਰਣ ਦੀ ਅਹਿਮ ਭੂਮਿਕਾ ਹੈ। ਵਿਅਕਤੀਗਤ ਜੋ ਕਿ ਚੰਗੀ ਤਰ੍ਹਾਂ ਵਾਤਾਵਰਣ ਦੇ ਅਨੁਕੂਲ ਢਲ ਜਾਂਦੇ ਹਨ ਜਿੰਦਾ ਰਹਿੰਦੇ ਹਨ ਤੇ ਆਪਣੀ ਪਰਜਾਤੀ ਵਿਚ ਵਾਧਾ ਕਰਦੇ ਹਨ। ਇਹ ਵਰਤਾਓ ਜਿਨਸੀ ਤੌਰ ਤੇ ਵੀ ਚੁਣਿਆ ਜਾਂਦਾ ਹੈ। ਜਿਹੜੀ ਪਰਜਾਤੀ ਵਿਚ ਸਾਥੀਆਂ ਦੀ ਗਿਣਤੀ ਜ਼ਿਆਦਾ ਹੁੰਦੀ ਹੈ ਉਸ ਪਰਜਾਤੀ ਦੀ ਗਿਣਤੀ ਵਿਚ ਵੀ ਵਾਧਾ ਹੁੰਦਾ ਹੈ। ਸਾਡੇ ਪੂਰਵਜਾਂ ਦਾ ਮਨ ਜਮਾਂਤਰੂ ਸੂਝ ਨਾਲ ਲੈਸ ਸੀ ਜਿਸ ਕਰਕੇ ਉਹ ਵਾਤਾਵਰਣ ਦੇ ਅਨੁਕੂਲ ਢਲਦੇ ਰਹੇ, ਬਚੇ ਰਹੇ ਤੇ ਆਪਣੀ

ਪਰਜਾਤੀ ਵਿਚ ਵਾਧਾ ਕੀਤਾ। ਇਹ ਅਪਰੋਚ ਦੀ ਖਾਸੀਅਤ ਹੈ ਕਿ ਜੋ ਵਰਤਾਓ ਅਜੋਕੇ ਸਮੇਂ ਵਿਚ ਘੱਟ ਭਾਵਨਾਤਮਕ ਹਨ ਉਹਨਾਂ ਨੂੰ ਵੀ ਸਮਝਣ ਵਿਚ ਮਦਦਗਾਰ ਹੈ।

**ਸਾਇਕੋਡੈਨੇਮਿਕ ਅਪਰੋਚ :**

ਫਰਾਇਡ ਦਾ ਮੰਨਣਾ ਹੈ ਕਿ ਬਚਪਨ ਵਿਚ ਵਾਪਰੀ ਘਟਨਾ ਦਾ ਬਾਲਗ ਉਮਰ ਵਿਚ ਬਹੁਤ ਵੱਡਾ ਹਿੱਸਾ ਹੈ। ਉਹ ਕਹਿੰਦਾ ਹੈ ਕਿ ਮਨੁੱਖ ਦੀ ਜ਼ਿੰਦਗੀ ਵਿਚ ਬਹੁਤ ਘੱਟ ਮੌਕਾ ਹੈ ਕਿ ਉਹ ਖੁਦ ਦੀ ਮਰਜੀ ਨਾਲ ਕਿਸੇ ਵਿਕਲਪ ਦੀ ਚੋਣ ਕਰ ਸਕੇ। ਇਸ ਦੀ ਜਗ੍ਹਾਂ ਬਚਪਨ ਦੀਆਂ ਘਟਨਾਵਾਂ ਤੇ ਅਚੇਤ ਮਨ ਹੀ ਮਨੁੱਖੀ ਵਰਤਾਓ ਨੂੰ ਨਿਰਧਾਰਿਤ ਕਰਦਾ ਹੈ।

ਫਰਾਇਡ ਦਾ ਸਾਇਕੋਅਨੈਲਸਿਸ ਇਕ ਸਿਧਾਂਤ ਤੇ ਥੈਰੇਪੀ ਦੋਵੇਂ ਹੀ ਹਨ। ਇਸ ਤੋਂ ਪ੍ਰਭਾਵਿਤ ਹੋ ਕੇ ਹੋਰ ਮਨੋਵਿਗਿਆਨਿਕਾਂ ਜਿਵੇ 'ਐਰਿਕ ਐਰਿਕਸ਼ਨ' ਤੇ 'ਯੁੰਗ' ਨੇ ਆਪਣੇ ਨਵੇਂ ਸਿਧਾਂਤ ਘੜੇ। ਫਰਾਇਡ ਦੇ ਕੰਮ ਦਾ ਦਾਇਰਾ ਬਹੁਤ ਵਿਸ਼ਾਲ ਹੈ ਤੇ ਇਸ ਨੇ ਮਨੋਵਿਗਿਆਨ ਨੂੰ ਇਕ ਵਿਸ਼ੇ ਦਾ ਰੂਪ ਦੇਣ ਵਿਚ ਬਹੁਤ ਵੱਡਾ ਯੋਗਦਾਨ ਦਿੱਤਾ ਹੈ।

ਫਰਾਇਡ ਮਨੁੱਖੀ ਮਨ ਦੀ ਤੁਲਨਾ ਸਮੁੰਦਰ 'ਚ ਸਮਾਏ ਬਰਫ਼ ਦੇ ਪਹਾੜ ਨਾਲ ਕਰਦਾ ਹੈ ਜਿਸ ਦਾ ਬਹੁਤ ਛੋਟਾ ਜਿਹਾ ਹਿੱਸਾ ਹੀ ਦ੍ਰਿਸ਼ਟਮਾਨ ਹੁੰਦਾ ਹੈ ਜੋ ਕਿ ਮਨੁੱਖ ਦਾ ਦੇਖ ਸਕਣ ਯੋਗ ਵਰਤਾਓ ਦੇ ਸਮਾਨ ਹੈ। ਪਰ ਜਿਸ ਦਾ ਸਾਡੇ ਵਰਤਾਓ ਤੇ ਵਧੇਰੇ ਅਸਰ ਹੁੰਦਾ ਹੈ ਜਾ ਉਹ ਹਿੱਸਾ ਉਸ ਪਹਾੜ ਦੇ ਡੁੱਬੇ ਹੋਏ ਹਿੱਸੇ ਵਾਂਗ ਵਿਸ਼ਾਲ ਤੇ ਬਹੁਤ ਗਹਿਰਾ ਹੈ ਜੋ ਕਿ ਸਾਡਾ ਅਚੇਤ ਮਨ ਹੈ। ਅਚੇਤ ਮਨ ਤੱਕ ਪਹੁੰਚ ਲਈ ਫਰਾਇਡ ਨੇ ਜੋ ਤਰੀਕੇ ਦੱਸੇ ਹਨ ਉਹ ਨੇ- 'ਫਰੀ ਐਸੋਸੀਏਸ਼ਨ', 'ਡਰੀਮ ਅਨੈਲਸਿਸ' ਤੇ 'ਸਲਿਪ ਆਫ਼ ਟੰਗ'।

ਉਸਦਾ ਮੰਨਣਾ ਹੈ ਕਿ ਅਚੇਤ ਮਨ ਦੇ ਤਿੰਨ ਭਾਗ ਹਨ- ਇਡ, ਇਗੋ ਤੇ ਸੁਪਰ ਇਗੋ। ਇਡ ਵਿਚ ਦੋ ਮੁੱਖ ਹਿੱਸੇ ਹਨ- 'ਇਰੋਸ' (ਜ਼ਿੰਦਗੀ ਦੀ ਸੂਝ) ਜਿਸ ਵਿਚ ਸਵੈ-ਸੰਭਾਲ ਤੇ ਸਹਿਵਾਸ ਸ਼ਾਮਿਲ ਹਨ ਤੇ ਇਸ ਨੂੰ ਤਾਕਤ ਮਿਲਦੀ ਹੈ 'ਲਿਬਿਡੋ ਤੋਂ'। 'ਥੈਨਾਟੋਸ' (ਮੌਤ ਦੀ ਸੂਝ) ਇਸਦੀ ਤਾਕਤ ਇਰੋਸ ਤੋਂ ਘੱਟ ਹੁੰਦੀ ਹੈ ਤੇ ਇਹ ਦੂਜਿਆਂ ਪ੍ਰਤੀ ਗੁੱਸੇ ਦੀ ਭਾਵਨਾ ਨਾਲ ਜ਼ਾਹਿਰ ਹੁੰਦੀ ਹੈ।

ਇਡ ਤੇ ਸੁਪਰਇਗੋ ਲਗਾਤਾਰ ਟਕਰਾਅ ਵਿਚ ਰਹਿੰਦੇ ਹਨ ਤੇ ਇਗੋ ਇਸ ਟਕਰਾਅ ਨੂੰ ਖ਼ਤਮ ਕਰਨ ਦਾ ਯਤਨ ਕਰਦੀ ਹੈ। ਜੇਕਰ ਇਸ ਟਕਰਾਅ ਦਾ ਹੱਲ ਨਾ ਹੋਵੇ ਤਾਂ ਇਗੋ ਡਿਫੈਂਸ ਮਕੈਨਿਜਮ (ਰੱਖਿਆ ਵਿਧੀ) ਦਾ ਇਸਤੇਮਾਲ ਕਰਕੇ ਚਿੰਤਾ ਤੋਂ ਮੁਕਤ ਕਰਦੀ ਹੈ। ਇਹ ਦ੍ਰਿਸ਼ਟੀਕੋਣ ਬਿਮਾਰੀ ਦੇ ਇਲਾਜ ਲਈ ਮਰੀਜਾਂ ਦੇ ਅੰਦਰ ਦੇ ਟਕਰਾਅ ਨੂੰ ਖ਼ਤਮ ਕਰਨ ਦਾ ਯਤਨ ਕਰਦਾ ਹੈ।

ਫਰਾਇਡ ਦੇ ਸਿਧਾਂਤ ਦਾ ਇਕ ਪਹਿਲੂ ਉਸ ਦੁਆਰਾ ਦੱਸਿਆ ਸਾਇਕੋਸੈਕਸੁਅਲ ਪੜਾਅ ਹੈ। ਇਸ ਤੋਂ ਪਤਾ ਲਗਦਾ ਹੈ ਕਿਸ ਤਰ੍ਹਾਂ ਸ਼ੁਰੂਆਤੀ ਅਨੁਭਵ ਬਾਲਗ ਜ਼ਿੰਦਗੀ ਤੇ ਅਸਰ ਪਾਉਂਦੇ ਹਨ। ਹਰੇਕ ਪੜਾਅ ਵਿਚ ਵੱਖ-ਵੱਖ ਅੰਗਾਂ ਦੀ ਉਤੇਜਨਾ ਜ਼ਰੂਰੀ ਹੈ। ਲੋੜ ਤੋਂ ਘੱਟ ਜਾਂ ਵੱਧ ਉਤੇਜਨਾ ਦੇ ਨਤੀਜੇ ਬੁਰੇ ਹੁੰਦੇ ਹਨ।

ਇਸਦਾ ਸਭ ਤੋਂ ਮੁੱਖ ਪੜਾਅ ਹੈ ਫੈਲਿਕ ਸਟੇਜ ਜਿਨ ਪੜਾਅ ਦੌਰਾਨ ਲਿਬਿਡੋ ਦਾ ਕੇਂਦਰ ਜਣਨ ਅੰਗ ਹੁੰਦੇ ਹਨ। ਇਸ ਪੜਾਅ ਦੌਰਾਨ ਲੜਕੇ 'ਇਡਿਪਸ ਕੰਪਲੈਕਸ' ਤੇ ਲੜਕੀਆਂ 'ਇਲੈਕਟਰਾ ਕੰਪਲੈਕਸ' ਦਾ ਸ਼ਿਕਾਰ ਹੋ ਸਕਦੀਆਂ ਹਨ। ਇਸ ਦੌਰਾਨ ਬੱਚੇ ਆਪਣੇ ਮਾਤਾ ਪਿਤਾ ਦੀ ਨਕਲ ਕਰਦੇ ਹਨ ਤੇ ਆਪਣੇ ਲਿੰਗ ਵਾਲੇ ਮਾਪੇ ਤੋਂ ਅਨੁਕੂਲ ਵਰਤਾਓ ਸਿੱਖਦੇ ਹਨ। ਜਿਵੇਂ ਲੜਕੀਆਂ ਮਾਂ ਦੀ ਨਕਲ ਤੇ ਲੜਕੇ ਪਿਤਾ ਦੀ।

ਇਸਦੀ ਅਲੋਚਨਾ ਦਾ ਮੁੱਖ ਕਾਰਨ ਇਸਦਾ ਸਹਿਵਾਸ ਵਲ ਵਧੇਰੇ ਰੁਝਾਨ ਹੈ ਤੇ ਇਹ ਸਮਾਜਕ ਰੋਲ ਵੱਲ ਬਹੁਤ ਘੱਟ ਜ਼ੋਰ ਦਿੰਦਾ ਹੈ। ਇਹ ਸਿਧਾਂਤ ਵਿਗਿਆਨਕ ਨਹੀਂ ਹੈ ਤੇ ਇਸਨੂੰ ਸਾਬਿਤ ਵੀ ਨਹੀਂ ਕੀਤਾ ਜਾ ਸਕਦਾ। ਪਰ ਫਿਰ ਵੀ ਇਸ ਨੇ ਬਹੁਤ ਮਨੋਵਿਗਿਆਨਕਾਂ ਨੂੰ ਇਸਦੇ ਬੁਨਿਆਦੀ ਉਦੇਸ਼ਾਂ ਨੂੰ ਇਸਤੇਮਾਲ ਕਰਨ ਲਈ ਤੇ ਕਮੀਆਂ ਨੂੰ ਦੂਰ ਕਰਨ ਲਈ ਪ੍ਰੇਰਿਤ ਕੀਤਾ ਹੈ।

## ਅੰਤਰ ਸਭਿਆਚਾਰਕ ਦ੍ਰਿਸ਼ਟੀਕੋਣ (Cross Cultural Perspective)

ਅੰਤਰ ਸਭਿਆਚਾਰਕ ਦ੍ਰਿਸ਼ਟੀਕੋਣ ਮਨੋਵਿਗਿਆਨ ਦੀ ਉਹ ਸ਼ਾਖਾ ਹੈ ਜੋ ਕਿ ਮਨੁੱਖ ਦੇ ਵਰਤਾਓ ਵਿਚ ਸਭਿਆਚਾਰ ਦੇ ਪ੍ਰਭਾਵ ਦਾ ਅਧਿਐਨ ਕਰਦੀ ਹੈ। ਮਨੁੱਖ ਦੇ ਵਿਚਾਰ ਦੇ ਅਨੇਕ ਪਹਿਲੂ ਵਿਆਪਕ ਸੱਚ ਹਨ ਪਰ ਸਭਿਆਚਾਰ ਦਾ ਪ੍ਰਭਾਵ ਵਿਅਕਤੀ ਦੇ ਵਿਚਾਰਾਂ ਵਿਚ ਹੈਰਾਨ ਕਰ ਦੇਣ ਵਾਲੇ ਨਤੀਜੇ ਪੇਸ਼ ਕਰਦਾ ਹੈ।

ਉਦਾਹਰਣ ਦੇ ਤੌਰ ਤੇ ਕੁਝ ਸਭਿਆਚਾਰ ਵਿਅਕਤੀ ਦੀ ਪੂਰਨ ਅਜ਼ਾਦੀ (Personal autonomy) ਤੇ ਜ਼ੋਰ ਦਿੰਦੇ ਹਨ ਤੇ ਦੂਜੇ ਪਾਸੇ ਕੁਝ ਸਭਿਆਚਾਰ ਅਜਿਹੇ ਹਨ ਜੋ ਵਿਅਕਤੀ ਨੂੰ ਅਜ਼ਾਦ ਹਸਤੀ ਦੀ ਬਜਾਏ ਸਮਾਜ ਤੇ ਸਭਿਆਚਾਰ ਦੇ ਇਕ ਅੰਗ ਵਜੋਂ ਵਰਤਾਓ ਕਰਨ ਤੇ ਮਜ਼ਬੂਰ ਕਰਦੇ ਹਨ (Collective Culture) ਅਜਿਹੇ ਵਖਰੇਵੇਂ ਮਨੁੱਖ ਦੀ ਸੋਚ ਦੇ ਕਈ ਪਹਿਲੂ ਬਦਲ ਦਿੰਦੇ ਹਨ।

ਅੰਤਰ ਸਭਿਆਚਾਰਕ ਦ੍ਰਿਸ਼ਟੀਕੋਣ ਮਨੋਵਿਗਿਆਨ ਦਾ ਇਕ ਉਭਰਦਾ ਤੇ ਅਹਿਮ ਵਿਸ਼ਾ ਹੈ। ਇੰਟਰਨੈਸ਼ਨਲ ਐਸੋਸ਼ੀਏਸ਼ਨ ਆਫ਼ ਕ੍ਰਾਸ ਕਲਚਰਲ ਸਾਈਕੋਲੋਜੀ ਦੀ ਸਥਾਪਨਾ 1972 ਵਿਚ ਹੋਈ ਸੀ ਤੇ ਉਦੋਂ ਤੋਂ ਇਹ ਸ਼ਾਖ਼ਾ ਪ੍ਰਫੁਲਤ ਹੁੰਦੀ ਜਾ ਰਹੀ ਹੈ। ਅੱਜ ਪੂਰੇ ਵਿਸ਼ਵ ਭਰ ਵਿਚ ਇਸ ਦਾ ਅਧਿਐਨ ਹੋ ਰਿਹਾ ਹੈ।

ਸਭਿਆਚਾਰ ਕੀ ਹੈ?

ਸਭਿਆਚਾਰ ਇਕ ਵਿਰਾਸਤੀ ਗੁਣ ਹੈ। ਸਭਿਆਚਾਰ ਤੋਂ ਭਾਵ ਉਹ ਰੀਤੀ-ਰਿਵਾਜ਼, ਵਰਤਾਓ, ਰਵੱਈਆ ਤੇ ਪਰੰਪਰਾ ਹੈ ਜੋ ਵਿਰਾਸਤ ਵਿਚ ਮਿਲਦੇ ਹਨ। ਇਹ ਗੁਣ ਇਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤੱਕ ਪਹੁੰਚਾਏ ਜਾਂਦੇ ਹਨ। ਦੁਨੀਆਂ ਭਰ ਦੇ ਸਭਿਆਚਾਰਾਂ ਵਿਚ ਅਨੇਕਾਂ ਹੀ ਸਮਾਨਤਾਵਾਂ ਹਨ ਪਰ ਉਹ ਨਾਂ ਦਾ ਪ੍ਰਗਟਾਵਾ ਇੱਕ ਵੱਖਰੇ ਚਿੰਨ੍ਹ ਨਾਲ ਹੁੰਦਾ ਹੈ। ਉਦਾਹਰਨ ਵਜੋਂ ਹਰ ਸਭਿਆਚਾਰ ਦੇ ਲੋਕ ਖੁਸ਼ੀ ਮਹਿਸੂਸ ਕਰਦੇ ਹਨ ਪਰ ਇਸਨੂੰ ਪ੍ਰਗਟ ਕਰਨ ਦਾ ਢੰਗ ਸਭ ਦਾ ਵਖਰਾ ਹੈ।

### ਮੁੱਖ-ਟੀਚਾ :

ਕ੍ਰਾਸ ਕਲਚਰਲ ਅਧਿਐਨ ਦਾ ਮੁੱਖ ਟੀਚਾ ਸਰਵ ਵਿਆਪਕ ਵਰਤਾਓ ਜਾਂ ਵਿਚਾਰ ਤੇ ਖਾਸ ਕਿਸਮ ਦੇ ਵਰਤਾਓ ਜਾਂ ਵਿਚਾਰਾਂ ਦੀ ਪਛਾਣ ਕਰਕੇ ਉਸਦਾ ਨਿੱਜੀ ਜ਼ਿੰਦਗੀ, ਸੋਚ, ਪੜ੍ਹਾਈ, ਸਮਾਜਿਕ ਵਰਤਾਰਾ ਆਦਿ ਤੇ ਅਸਰ ਨੂੰ ਵੇਖਣਾ ਹੈ।

ਇਸ ਟੀਚੇ ਨੂੰ ਮੁਕੰਮਲ ਕਰਨ ਲਈ ਹੇਠ ਲਿਖੀ ਕਿਸੇ ਵੀ ਪਹੁੰਚ ਦਾ ਇਸਤੇਮਾਲ ਕੀਤਾ ਜਾ ਸਕਦਾ ਹੈ।

**1. ਐਮਿਕ ਅਪਰੋਚ :-**

ਇਸ ਵਿਚ ਵੱਖ-ਵੱਖ ਸਭਿਆਚਾਰਾਂ ਦੇ ਵਿਚਲੀ ਸਮਾਨਤਾ ਦਾ ਅਧਿਐਨ ਕੀਤਾ ਜਾਂਦਾ ਹੈ।

**2. ਐਟਿਕ ਅਪਰੋਚ :-**

ਇਸ ਵਿਚ ਸਭਿਆਚਾਰਾਂ ਦੇ ਵਿਚਲੇ ਵਖਰੇਵਿਆਂ ਦਾ ਅਧਿਐਨ ਕੀਤਾ ਜਾਂਦਾ ਹੈ।

### ਕ੍ਰਾਸ ਕਲਚਰਲ ਮਨੋਵਿਗਿਆਨ ਦੇ ਮੁੱਖ ਵਿਸ਼ੇ :-

ਇਮੋਸ਼ਨਜ਼, ਭਾਸ਼ਾ, ਵਿਕਾਸ, ਸਖ਼ਸ਼ੀਅਤ, ਪਰਿਵਾਰਕ ਤੇ ਸਮਾਜਿਕ ਰਿਸ਼ਤੇ।

### ਕ੍ਰਾਸ ਕਲਚਰਲ ਅਧਿਐਨ ਦੀ ਲੋੜ :-

ਮਨੋਵਿਗਿਆਨ ਦਾ ਜਨਮ ਤੇ ਵਿਕਾਸ ਵਿਸ਼ੇਸ਼ ਤੌਰ ਤੇ ਯੂਰਪ ਤੇ ਅਮਰੀਕਾ ਵਰਗੇ ਦੇਸ਼ਾਂ ਵਿਚ ਹੋਇਆ। ਮਨੁੱਖ ਦੀ ਸਖ਼ਸ਼ੀਅਤ ਦੇ ਜੋ ਪਹਿਲੂ ਪਹਿਲਾਂ ਵਿਆਪਕ ਮੰਨੇ ਜਾਂਦੇ ਸਨ ਉਹਨਾਂ ਦਾ ਅਧਿਐਨ ਜਦੋਂ ਇਹਨਾਂ ਖੇਤਰਾਂ ਤੋਂ ਬਾਹਰ ਕੀਤਾ ਗਿਆ ਤਾਂ ਨਤੀਜਾ ਬਹੁਤ ਵੱਖਰਾ ਸੀ। ਕਿਸੇ ਖੋਜ ਕਰਤਾ ਵੱਲੋਂ ਮਨੁੱਖ ਦੀ ਸਖ਼ਸ਼ੀਅਤ ਦੀ ਪਛਾਣ ਕਰਨ ਲਈ ਬਣਾਇਆ ਗਿਆ। ਟੈਸਟ ਅਮਰੀਕਾ ਵਿਚ ਹੋਰ ਤਰ੍ਹਾਂ ਦੇਖਿਆ ਜਾਵੇਗਾ ਤੇ ਅਫ਼ਰੀਕਾ ਵਿੱਚ ਹੋਰ ਤਰ੍ਹਾਂ। ਇਸ ਲਈ ਕ੍ਰਾਸ ਕਲਚਰਲ ਅਧਿਐਨ ਬਹੁਤ ਜ਼ਰੂਰੀ ਹੈ ਤਾਂ ਕਿ ਕੋਈ ਵੀ ਇਕ ਖੋਜ ਦਾ ਨਤੀਜਾ ਪੂਰੀ ਮਨੁੱਖਤਾ ਤੇ ਲਾਗੂ ਕਰਨ ਤੋਂ ਪਹਿਲਾਂ ਉਸਦੀ ਚੰਗੀ ਤਰ੍ਹਾਂ ਜਾਂਚ ਹੋ ਸਕੇ।

**ਸਾਰ-ਅੰਸ਼ :**

ਮਨੋਵਿਗਿਆਨ ਵਿਚ ਕਈ ਵੱਖ-ਵੱਖ ਦ੍ਰਿਸ਼ਟੀਕੋਣ ਹਨ। ਸਭ ਦਾ ਵਰਤਾਓ ਨੂੰ ਸਮਝਣ ਲਈ ਸਿਧਾਂਤ ਵੱਖਰਾ ਹੈ। ਕੋਈ ਵੀ ਇਕ ਦ੍ਰਿਸ਼ਟੀਕੋਣ ਆਪਣੇ ਆਪ ਵਿਚ ਪੂਰਾ ਨਹੀਂ ਹੈ। ਮਨੋਵਿਗਿਆਨ ਜਿਸ ਵਿਚ ਕਦੇ ਆਪਸੀ ਟਕਰਾਅ ਹੁੰਦਾ ਹੈ (ਨੇਚਰ ਤੇ ਨਰਚਰ), ਤੇ ਜੋ ਇਕ ਦੂਜੇ ਨਾਲ ਮਿਲਦੀ ਹੈ (ਸਾਇਕੋਅਨੈਲਸਿਸ ਤੇ ਬੱਚਿਆਂ ਦਾ ਮਨੋਵਿਗਿਆਨ) ਜਾਂ ਫਿਰ ਜੋ ਇਕ ਦੂਸਰੇ ਦੇ ਉਪਰ ਨਿਰਧਾਰਿਤ ਹੋਵੇ (ਬਾਇਓਲੋਜੀਕਲ ਤੇ ਸਿਹਤ ਮਨੋਵਿਗਿਆਨ) ਨਾਲ ਕਿਸੇ ਵੀ ਮੁਸ਼ਕਲ ਹੱਲ ਲੱਭਣ ਵਿਚ ਮਦਦਗਾਰ ਹੈ। ਬਿਹੇਵਿਅਰਿਜ਼ਮ ਤੇ ਕਾਗਨਿਟਿਵ ਦ੍ਰਿਸ਼ਟੀਕੋਣ ਮਨੁੱਖ ਦੇ ਨਿਜੀ ਅਨੁਭਵ ਨੂੰ ਨਜ਼ਰਅੰਦਾਜ਼ ਕਰਦੇ ਹਨ। ਸਾਇਕੋਅਨੈਲਸਿਸਿ ਦਾ ਪੂਰਾ ਧਿਆਨ ਅਚੇਤ ਮਨ ਤੇ ਬਚਪਨ ਦੀਆਂ ਘਟਨਾਵਾਂ ਤੇ ਹੈ ਇਸ ਕਰਕੇ ਉਹ ਸਮਾਜ ਦਾ ਰੋਲ ਨਜ਼ਰਅੰਦਾਜ਼ ਕਰਦਾ ਹੈ। ਬਾਇਓਲੋਜੀਕਲ ਪੱਖ ਮਨੁੱਖ ਨੂੰ 'ਜੀਨਸ' ਦਾ ਇਕ ਸਰੀਰਕ ਢਾਂਚਾ ਦੱਸਦੀ ਹੈ ਤੇ ਸੁਚੇਤ ਮਨ ਤੇ ਵਾਤਾਵਰਣ ਦੇ ਅਸਰ ਨੂੰ ਨਜ਼ਰਅੰਦਾਜ਼ ਕਰਦੀ ਹੈ। ਅੰਤਰੀਵ ਤੌਰ ਤੇ ਕਿਹਾ ਜਾ ਸਕਦਾ ਹੈ ਕਿ ਹਰ ਦ੍ਰਿਸ਼ਟੀਕੋਣ ਦੀ ਆਪਣੀ ਅਹਿਮ ਥਾਂ ਹੈ ਤੇ ਕੋਈ ਵੀ ਆਪਣੇ ਆਪ ਵਿਚ ਪੂਰਨ ਨਹੀਂ ਹੈ।

## 1.2.3 ਸਾਰ

ਸੰਖੇਪ ਵਿੱਚ ਕਿਹਾ ਜਾ ਸਕਦਾ ਹੈ ਕਿ ਮਨੋਵਿਗਿਆਨ ਦਾ ਇੱਕ ਵਿਸ਼ੇ ਦੇ ਰੂਪ ਵਿੱਚ ਸਫ਼ਰ ਬਹੁਤ ਕਾਮਯਾਬ ਰਿਹਾ ਹੈ। ਮਨੋਵਿਗਿਆਨੀ ਆਤਮਾ ਦੇ ਅਧਿਐਨ ਤੋਂ ਲੈ ਕੇ ਵਿਵਹਾਰ ਦੇ ਅਧਿਐਨ ਤੱਕ ਵੱਖ-ਵੱਖ ਵਿਚਾਰਧਾਰਾਵਾਂ ਦਾ ਸਮੱਰਥਨ ਕਰਦੇ ਹਨ ਪਰ ਅੰਤ ਵਿੱਚ ਇਸ ਸਿੱਟੇ ਤੇ ਪਹੁੰਚੇ ਕਿ ਮਨੋਵਿਗਿਆਨ ਵਿਅਕਤੀਗਤ ਤਜ਼ਰਬਿਆਂ ਅਤੇ ਗਿਆਨਤਮਕ ਪ੍ਰਕਿਰਿਆਵਾਂ ਦਾ ਅਧਿਐਨ ਹੈ।

### ਹਵਾਲਾ ਪੁਸਤਕਾਂ


1. Morgan : A Brief Introduction to Psychology.
2. Munn : Introduction to Psychology


### ਸ਼ਬਦਾਰਥ ਸੂਚੀ

Structuralism : ਇੱਕ ਅਜਿਹੀ ਸਿਧਾਂਤਕ ਅਪਰੋਚ ਜਿਸ ਵਿੱਚ ਮਨੋਵਿਗਿਆਨਕ ਤੱਥਾਂ ਦੀ, ਵਿਅਕਤੀ ਦੇ ਸਰੀਰਕ ਬਣਤਰ ਦੇ ਆਧਾਰ ਤੇ ਹੋਣ ਵਾਲੀਆਂ ਕੁਦਰਤੀ ਕਿਰਿਆਵਾਂ ਦੇ ਨਤੀਜੇ ਵੱਜੋਂ, ਵਿਆਖਿਆ ਕੀਤੀ ਜਾਂਦੀ ਹੈ।

Functionalism : ਇਸ ਅਪਰੋਚ ਵਿੱਚ ਵਿਵਹਾਰ ਦੀ ਵਿਆਖਿਆ ਵਿਅਕਤੀ ਦੀ ਸਰੀਰਕ ਬਣਤਰ ਦੀ ਬਜਾਇ ਉਹਨਾਂ ਦੀਆਂ ਕਿਰਿਆਵਾਂ ਦੇ ਨਤੀਜੇ ਵਜੋਂ ਕੀਤੀ ਜਾਂਦੀ ਹੈ।

Behaviorism : ਵਾਟਸਨ ਦੁਆਰਾ ਸਥਾਪਿਤ ਇਸ ਸਿਧਾਂਤ ਅਨੁਸਾਰ ਮਨੋਵਿਗਿਆਨ ਨੂੰ ਇੱਕ ਸਾਇੰਸ ਦੇ ਰੂਪ ਵਿੱਚ ਤੱਦ ਹੀ ਮੰਨਿਆ ਜਾ ਸਕਦਾ ਹੈ ਜਦੋਂ ਉਸ ਦਾ ਪ੍ਰਤੱਖ ਰੂਪ ਵਿੱਚ ਨਿਰੀਖਣ ਕੀਤਾ ਜਾ ਸਕੇ, ਜਿਵੇਂ ਕਿ ਵਿਵਹਾਰ।

### ਅਭਿਆਸ ਪ੍ਰਸ਼ਨਾਵਲੀ – 2

1 ਪ੍ਰਸ਼ਨ : ਮਨੋਵਿਗਿਆਨ ਦੇ ਇਤਿਹਾਸਕ ਪਿਛੋਕੜ ਦਾ ਵਰਨਣ ਕਰੋ।

2 ਪ੍ਰਸ਼ਨ : ਆਧੁਨਿਕ ਮਨੋਵਿਗਿਆਨ ਕਦੋਂ ਇਜ਼ਾਦ ਹੋਇਆ? ਇਸ ਯੁੱਗ ਵਿੱਚ ਵੱਖ-ਵੱਖ ਮਨੋਵਿਗਿਆਨੀਆਂ ਦੀ ਚਰਚਾ ਕਰੋ?

ਪਾਠ ਨੰ: 1.3 ਲੇਖਕ : ਡਾ. ਮਮਤਾ ਸ਼ਰਮਾ

# ਮਨੋਵਿਗਿਆਨ ਦੀਆਂ ਵਿਧੀਆਂ
## (METHODS OF PSYCHOLOGY)

**ਪਾਠ ਬਣਤਰ**

1.3.0 ਉਦੇਸ਼
1.3.1 ਭੂਮਿਕਾ
1.3.2 ਪ੍ਰੇਖਣ ਵਿਧੀ
 1.3.2.1 ਨਿਯੰਤਰਤ ਨਿਰੀਖਣ
 1.3.2.2 ਅਨਿਯੰਤਰਤ ਨਿਰੀਖਣ
 1.3.2.3 ਪ੍ਰਮੁੱਖ ਭਾਸ਼ਾਵਾਂ
 1.3.2.4 ਨਿਰੀਖਣ ਵਿਧੀ ਦੇ ਪੜਾਅ
 1.3.2.5 ਵਿਧੀ ਦੇ ਗੁਣ ਅਤੇ ਔਗੁਣ
1.3.3 ਪ੍ਰਯੋਗਾਤਮਕ ਵਿਧੀ
 1.3.3.1 ਪ੍ਰੀਭਾਸ਼ਾਵਾਂ
 1.3.3.2 ਪਰਿਵਰਤਯ
 1.3.3.3 ਪ੍ਰਯੋਗਾਤਮਕ ਵਿਧੀ ਦੇ ਉਦੇਸ਼
 1.3.3.4 ਵਿਧੀ ਦੇ ਮੁੱਖ ਪੜਾਅ
 1.3.3.5 ਵਿਧੀ ਦੇ ਗੁਣ
 1.3.3.6 ਵਿਧੀ ਦੇ ਔਗੁਣ
1.3.4 ਕੇਸ ਅਧਿਐਨ ਵਿਧੀ
 1.3.4.1 ਵਿਧੀ ਦੇ ਪੜਾਅ
 1.3.4.2 ਵਿਧੀ ਦੇ ਗੁਣ
 1.3.4.3 ਵਿਧੀ ਦੇ ਔਗੁਣ
1.3.5 ਸਰਵੇਖਣ ਵਿਧੀ
1.3.6 ਸਾਰ
1.3.7 ਹਵਾਲਾ ਪੁਸਤਕਾਂ

## 1.3.0 ਉਦੇਸ਼ :

ਇਸ ਪਾਠ ਦਾ ਮੁੱਖ ਮੰਤਵ ਵਿਦਿਆਰਥੀਆਂ ਨੂੰ ਹੇਠ ਲਿਖੇ ਤੱਥਾਂ ਦੀ ਜਾਣਕਾਰੀ ਦੇਣਾ ਹੈ :

1. ਮਨੁੱਖੀ ਵਿਵਹਾਰ ਨੂੰ ਨਿਰੀਖਣ ਵਿਧੀ ਦੁਆਰਾ ਕਿਸ ਤਰ੍ਹਾਂ ਪਰਖਿਆ ਜਾ ਸਕਦਾ ਹੈ।
2. ਨਿਰੀਖਣ ਵਿਧੀ ਪ੍ਰਯੋਗਾਤਮਕ ਵਿਧੀ ਤੋਂ ਕਿਸ ਤਰ੍ਹਾਂ ਭਿੰਨ ਹੈ।
3. ਪ੍ਰਯੋਗ ਕਰਨ ਲਈ ਕਿਹੜੀਆਂ ਹਾਲਤਾਂ ਦੀ ਜਰੂਰਤ ਹੁੰਦੀ ਹੈ।
4. ਮਨੋਵਿਗਿਆਨ ਦੀ ਕਿਸ ਵਿਧੀ ਦੀ ਵਰਤੋਂ ਕਦੋਂ ਹੁੰਦੀ ਹੈ।

### 1.3.1 ਭੂਮਿਕਾ :

ਮਨੋਵਿਗਿਆਨ ਵਿਅਕਤੀ ਦੇ ਅਨੁਭਵ, ਵਿਵਹਾਰ ਅਤੇ ਅਨੁਕ੍ਰਿਆ ਦਾ ਵਿਗਿਆਨ ਹੈ। ਮਨੋਵਿਗਿਆਨ ਦਾ ਉਦੇਸ਼ ਆਪਣੇ ਅਤੇ ਦੂਜੇ ਦੇ ਵਿਵਹਾਰ ਨੂੰ ਸਮਝਣਾ, ਕੰਟਰੋਲ ਕਰਨਾ ਅਤੇ ਭਵਿੱਖਬਾਣੀ ਕਰਨਾ ਹੈ। ਇਹਨਾਂ ਉਦੇਸ਼ਾਂ ਦੀ ਪੂਰਤੀ ਲਈ ਮਨੋਵਿਗਿਆਨ ਵਿਧੀਆਂ ਅਪਣਾਉਂਦਾ ਹੈ। ਵਿਧੀ ਦਾ ਭਾਵ ਉਹ ਪ੍ਰਣਾਲੀ ਹੈ ਜਿਸ ਨੂੰ ਅਸੀਂ ਸੱਚ ਦੀ ਪ੍ਰਾਪਤੀ ਲਈ ਅਪਣਾਉਂਦੇ ਹਾਂ। ਚਾਰਲਸ ਗਿਡੇ (Charles Gide) ਦੇ ਅਨੁਸਾਰ, 'ਵਿਗਿਆਨਕ ਭਾਸ਼ਾ ਵਿਚ 'ਵਿਧੀ' ਨਾਮੀ ਪਰਿਭਾਸ਼ਿਕ ਸ਼ਬਦ ਉਸ ਪ੍ਰਣਾਲੀ ਲਈ ਵਰਤਿਆ ਜਾਂਦਾ ਹੈ ਜਿਸ ਤੇ ਚੱਲ ਕੇ ਸੱਚ ਦੀ ਪ੍ਰਾਪਤੀ ਹੋ ਸਕੇ। ਆਕਸਫੋਰਡ ਸ਼ਬਦਕੋਸ਼ (Oxford Dictionary) ਅਨੁਸਾਰ 'ਵਿਧੀ' ਕਿਸੇ ਕੰਮ ਕਰਨ ਦਾ ਢੰਗ, ਬਕਾਇਦਾ ਕਾਰਜ ਪ੍ਰਕ੍ਰਿਆ ਦੀ ਪ੍ਰਣਾਲੀ, ਸਚੇਤ, ਨਿਰੰਤਰ ਬਕਾਇਦਗੀ ਆਦਿ ਹੈ। (Method is a way of doing something, system of procedure, orderliness, conscious regularity, etc.) ਮਨੋਵਿਗਿਆਨ ਦੀਆਂ ਪ੍ਰਮੁੱਖ ਵਿਧੀਆਂ ਹੇਠ ਲਿਖੀਆਂ ਹਨ।

### 1.3.2 ਨਿਰੀਖਣ ਵਿਧੀ (Observation Method)

ਪ੍ਰੇਖਣ ਜਾਂ ਨਿਰੀਖਣ ਦਾ ਅਰਥ ਕਿਸੇ ਵਿਵਹਾਰ ਅਤੇ ਪ੍ਰਕ੍ਰਿਆ ਨੂੰ ਦੇਖਣ ਅਤੇ ਉਨ੍ਹਾਂ ਦੀ ਜਾਂਚ ਕਰਨਾ ਹੈ। ਇਸ ਵਿਚ ਵਿਵਹਾਰ ਦਾ ਪ੍ਰਤੱਖ ਵਿਗਿਆਨ ਪ੍ਰਾਪਤ ਕਰਕੇ ਉਸ ਨੂੰ ਬਿਲਕੁਲ ਉਸੇ ਤਰ੍ਹਾਂ ਬੜੀ ਸਾਵਧਾਨੀ ਨਾਲ ਅੰਕਿਤ ਕੀਤਾ ਜਾਂਦਾ ਹੈ। ਇਸ ਪ੍ਰਕਾਰ ਸਮੱਗਰੀ ਦਾ ਵਿਸ਼ਲੇਸ਼ਣ ਕਰਕੇ ਤੱਥਾਂ ਦਾ ਪਤਾ ਲਗਾਇਆ ਜਾਂਦਾ ਹੈ ਅਤੇ ਉਨ੍ਹਾਂ ਦੀ ਵਿਆਖਿਆ ਕੀਤੀ ਜਾਂਦੀ ਹੈ ਇਸ ਤੋਂ ਬਾਅਦ ਇਸ ਵਿਆਖਿਆ ਦੇ ਆਧਾਰ ਤੇ ਸਮਾਣੀਕਰਨ ਕਰਕੇ ਵਿਗਿਆਨਕ ਨਿਯਮ ਬਣਾਏ ਜਾਂਦੇ ਹਨ। ਇਸ ਵਿਧੀ ਵਿਚ ਨਿਰੀਖਕ ਖੁਦ ਆਪਣੀਆਂ ਗਿਆਨ-ਇੰਦਰੀਆਂ ਦੁਆਰਾ ਖਾਸ ਤੌਰ ਤੇ ਅੱਖਾਂ ਦਾ ਇਸਤੇਮਾਲ ਕਰਦਾ ਹੈ ਅਤੇ ਘਟਨਾ ਨੂੰ ਉਸ ਦੇ ਅਮਲੀ ਰੂਪ ਵਿਚ ਦੇਖਣ ਦਾ ਯਤਨ ਕਰਦਾ ਹੈ। ਪ੍ਰੇਖਣ ਜਾਂ ਨਿਰੀਖਣ ਦੋ ਪ੍ਰਕਾਰ ਦਾ ਹੁੰਦਾ ਹੈ :

(1) ਨਿਯੰਤਰਤ ਨਿਰੀਖਣ (Controlled Observation)
(2) ਅਨਿਯੰਤਰਤ ਨਿਰੀਖਣ (Naturalistic Observation)

#### 1.3.2.1 ਨਿਯੰਤਰਤ ਨਿਰੀਖਣ (Controlled Observation) :

ਇਸ ਤਰ੍ਹਾਂ ਦੇ ਨਿਰੀਖਣ ਨੂੰ ਪ੍ਰਯੋਗਿਕ ਨਿਰੀਖਣ ਵੀ ਕਹਿੰਦੇ ਹਨ। ਇਸ ਵਿਧੀ ਵਿਚ ਵਿਵਹਾਰ ਦਾ ਨਿਰੀਖਣ ਕਰਨ ਲਈ ਨਿਸ਼ਚਿਤ ਪਰਿਸਥਿਤੀਆਂ ਉਤਪੰਨ ਕੀਤੀਆਂ ਜਾਂਦੀਆਂ ਹਨ ਕਿਉਂਕਿ ਨਿਸ਼ਚਿਤ ਪਰਿਸਥਿਤੀਆਂ ਵਿਚ ਪ੍ਰਾਪਤ ਨਤੀਜੇ ਸਰਲ ਨਿਰੀਖਣ ਦੀ ਤੁਲਨਾ ਵਿਚ ਜ਼ਿਆਦਾ ਵਸਤੂਗਤ ਅਤੇ ਵਿਸ਼ਵਾਸਯੋਗ ਹੁੰਦੇ ਹਨ। ਅਜਿਹੇ ਨਿਰੀਖਣ ਵਿਚ ਕਈ ਪ੍ਰਕਾਰ ਦੇ ਯੰਤਰਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ ਜਿਵੇਂ ਕਿ ਤੱਥਾਂ ਨੂੰ ਅੰਕਿਤ ਕਰਨ ਲਈ ਸੂਚੀਆਂ (Check lists) ਅਤੇ ਅਨੁਸੂਚੀਆਂ (Schedules) ਨੂੰ ਪ੍ਰਯੋਗ ਵਿਚ ਲਿਆਂਦਾ ਜਾਂਦਾ ਹੈ। ਇਸ ਤੋਂ ਇਲਾਵਾ ਸਮਾਜ ਮਿਤੀ ਵਿਧੀਆਂ (Sociometric Scales), ਫੋਟੋ ਕੈਮਰਾ (Photo Camera), ਚਲਚਿੱਤਰ (Movement Recorders), ਆਵਾਜ਼ ਲੇਖਣ ਯੰਤਰ (Sound Recorders) ਆਦਿ ਦੇ ਉਪਯੋਗ ਦੁਆਰਾ ਨਿਰੀਖਣ ਨੂੰ ਜ਼ਿਆਦਾ ਭਰੋਸੇਯੋਗ ਬਣਾਇਆ ਜਾ ਸਕਦਾ ਹੈ। ਇਹਨਾਂ ਯੰਤਰਾਂ ਦੇ ਪ੍ਰਯੋਗਾਂ ਤੋਂ ਵਿਅਕਤੀਆਂ ਨੂੰ ਇਹ ਪਤਾ ਨਹੀਂ ਲੱਗ ਸਕਦਾ ਕਿ ਉਹਨਾਂ ਦੇ ਵਿਵਹਾਰ ਦਾ ਨਿਰੀਖਣ ਕੀਤਾ ਜਾ ਰਿਹਾ ਹੈ। ਅਜਿਹਾ ਕਰਨਾ ਬਹੁਤ ਜ਼ਰੂਰੀ ਹੈ ਕਿਉਂਕਿ ਜੇ ਉਹਨਾਂ ਨੂੰ ਆਪਣੇ ਵਿਵਹਾਰ ਦੇ ਨਿਰੀਖਣ ਬਾਰੇ ਪਤਾ ਲੱਗ ਜਾਏ ਤਾਂ ਉਹ ਸਾਨੂੰ ਠੀਕ ਉੱਤਰ ਨਹੀਂ ਦੇਣਗੇ।

#### 1.3.2.2 ਅਨਿਯੰਤਰਤ ਨਿਰੀਖਣ (Naturalistic or Uncontrolled Observation)

ਇਸ ਨਿਰੀਖਣ ਨੂੰ ਕੁਦਰਤੀ ਨਿਰੀਖਣ ਵੀ ਕਹਿੰਦੇ ਹਨ। ਕੁਦਰਤੀ ਨਿਰੀਖਣ ਵਿਚ ਦੂਸਰਿਆਂ ਨੂੰ ਕੁਦਰਤੀ ਹਾਲਤ ਵਿਚ ਵੇਖਣਾ ਹੁੰਦਾ ਹੈ। ਇਸ ਵਿਚ ਮਨੁੱਖ, ਜਾਨਵਰ ਆਦਿ ਦੀਆਂ ਸਰੀਰਕ ਪਰਿਵਰਤਨਾਂ, ਸੰਵੇਗਾਂ, ਪ੍ਰਗਟਾਵਾ,

ਆਵਾਜ਼ਾਂ ਆਦਿ ਬਾਰੇ ਅਧਿਐਨ ਕੀਤਾ ਜਾਂਦਾ ਹੈ।

ਇਨ੍ਹਾਂ ਦੋ ਵਿਧੀਆਂ ਤੋਂ ਇਲਾਵਾ ਦੋ ਹੋਰ ਵਿਧੀਆਂ ਹਨ, ਜੋ ਕਾਫੀ ਮਹੱਤਵਪੂਰਨ ਹਨ :

(1) ਸਰਲ ਨਿਰੀਖਣ ਵਿਧੀ (Simple Observation Method); ਅਤੇ

(2) ਸਹਿਭਾਗੀ ਨਿਰੀਖਣ ਵਿਧੀ (Participant Observation Method)

**1. ਸਰਲ ਨਿਰੀਖਣ ਵਿਧੀ :**

ਸਰਲ ਨਿਰੀਖਣ ਵਿਧੀ ਵਿਚ ਨਿਰੀਖਣ ਕਰਤਾ ਪਰਿਸਥਿਤੀਆਂ ਨੂੰ ਕੰਟਰੋਲ ਕੀਤੇ ਬਗੈਰ ਰਿਕਾਰਡ ਕਰਦਾ ਹੈ ਅਤੇ ਉਹ ਨਿਰੀਖਣ ਕੀਤੇ ਜਾਣ ਵਾਲੇ ਵਿਅਕਤੀ ਦੇ ਸਾਹਮਣੇ ਨਹੀਂ ਰਹਿੰਦਾ। ਇਸ ਵਿਧੀ ਦਾ ਪ੍ਰਯੋਗ ਅਨੇਕ ਦਾਰਸ਼ਨਿਕ ਜਿਵੇਂ ਪਲੈਟੋ (Plato), ਸੁਕਰਾਤ (Socrates), ਹਾਬਸ (Hobbes), ਲਾਕ (Locke), ਜੇਮਜ਼ (James) ਆਦਿ ਨੇ ਕੀਤਾ ਹੈ। ਇਹ ਵਿਧੀ ਕੇਵਲ ਇਸ ਲਈ ਦ੍ਰਿਸ਼ਟੀਕੋਣ ਤੋਂ ਲਾਹੇਵੰਦ ਹੈ ਕਿ ਸਮਾਜਿਕ ਮਨੋਵਿਗਿਆਨ ਦੀਆਂ ਕੁਝ ਅਜਿਹੀਆਂ ਸਮੱਸਿਆਵਾਂ ਹਨ, ਜਿਹਨਾਂ ਦਾ ਅਧਿਐਨ ਪ੍ਰਾਕ੍ਰਿਤਕ ਰੂਪ ਵਿਚ ਇਸ ਵਿਧੀ ਦੁਆਰਾ ਕੀਤਾ ਜਾ ਸਕਦਾ ਹੈ ਪਰੰਤੂ ਇਸਦੇ ਕੁਝ ਔਗੁਣ ਵੀ ਹਨ। ਇਸਦੇ ਨਤੀਜੇ ਵਿਸ਼ਵਾਸਯੋਗ ਨਹੀਂ ਹੁੰਦੇ। ਨਿਰੀਖਣ ਦੀ ਰਿਪੋਰਟ ਲਿਖਦੇ ਸਮੇਂ ਨਿਰੀਖਣ ਕਰਤਾ ਕਈ ਗੱਲਾਂ ਭੁੱਲ ਜਾਂਦਾ ਹੈ ਕਿਉਂਕਿ ਰਿਪੋਰਟ ਥੋੜ੍ਹੇ ਸਮੇਂ ਬਾਅਦ ਲਿਖੀ ਜਾਂਦੀ ਹੈ।

**2. ਸਹਿਭਾਗੀ ਨਿਰੀਖਣ ਵਿਧੀ :**

ਇਸ ਵਿਧੀ ਵਿਚ ਨਿਰੀਖਣ ਕਰਤਾ ਅਧਿਐਨ ਸਮੂਹ ਦਾ ਮੈਂਬਰ ਬਣ ਕੇ ਅਧਿਐਨ ਕਰਦਾ ਹੈ। ਇਸ ਤਰ੍ਹਾਂ ਕਰਨ ਨਾਲ ਸਮੂਹ ਤੇ ਮੈਂਬਰਾਂ ਦੇ ਆਪਸੀ ਸੰਬੰਧਾਂ ਦਾ ਅਧਿਐਨ ਕਰਨਾ ਆਸਾਨ ਹੋ ਜਾਂਦਾ ਹੈ ਪਰੰਤੂ ਅਧਿਐਨ ਸਮੂਹ ਦੇ ਦੁੱਖ ਸੁੱਖ ਦਾ ਸਾਥੀ ਬਣ ਕੇ ਨਿਰੀਖਣ ਦੇ ਲਈ ਵਸਤੂਗਤ ਰੂਪ ਵਿਚ ਨਿਰੀਖਣ ਕਰਨਾ ਮੁਸ਼ਕਲ ਹੋ ਜਾਂਦਾ ਹੈ। ਇਸ ਨਾਲ ਅਧਿਐਨ ਪਰਿਣਾਮ ਪ੍ਰਭਾਵਿਤ ਹੋ ਸਕਦੇ ਹਨ ਪਰੰਤੂ ਜੋ ਨਿਰੀਖਣ ਕਰਤਾ ਠੀਕ ਤਰ੍ਹਾਂ ਪੜ੍ਹਿਆ ਹੋਵੇ ਤਾਂ ਉਸ ਦੀ ਮਨੋਵਿਰਤੀ ਅਧਿਐਨ ਦੇ ਨਤੀਜਿਆਂ ਤੇ ਕੋਈ ਅਸਰ ਨਹੀਂ ਪਾ ਸਕਦੀ।

## 1.3.2.3 ਨਿਰੀਖਣ ਦੀਆਂ ਮੁੱਖ ਪਰਿਭਾਸ਼ਾਵਾਂ (Major Definitions of Observation)

ਗੁੱਡੇ ਅਤੇ ਹਾਟ (Goode & Hatt) ਅਨੁਸਾਰ : ਵਿਗਿਆਨ ਨਿਰੀਖਣ ਨਾਲ ਸ਼ੁਰੂ ਹੁੰਦਾ ਹੈ ਅਤੇ ਤੱਥਾਂ ਦੀ ਪੁਸ਼ਟੀ ਲਈ ਅੰਤ ਵਿਚ ਉਸ ਨੂੰ ਨਿਰੀਖਣ ਦਾ ਸਹਾਰਾ ਲੈਣਾ ਪੈਂਦਾ ਹੈ। ਇਹਨਾਂ ਅਨੁਸਾਰ ਨਿਰੀਖਣ ਵਿਧੀ ਇਕ ਮਹੱਤਵਪੂਰਣ ਵਿਧੀ ਹੈ (Observation is an important validation)।

**ਯੰਗ (Yung) :** ਨਿਰੀਖਣ ਦਾ ਅੱਖਾਂ ਨਾਲ ਸਾਵਧਾਨੀ ਨਾਲ ਕੀਤੇ ਗਏ ਅਧਿਐਨਾਂ, ਸਮੂਹਿਕ ਵਿਵਹਾਰ, ਜਟਿਲ ਸਮਾਜਿਕ ਸੰਸਥਾਵਾਂ ਅਤੇ ਕਿਸੇ ਸੰਪੂਰਣ ਚੀਜ਼ ਨੂੰ ਬਣਾਉਣ ਵਾਲੀ ਅੱਡ-ਅੱਡ ਇਕਾਈਆਂ ਦਾ ਨਿਰੀਖਣ ਕਰਨ ਲਈ ਇਕ ਵਿਧੀ ਦੇ ਰੂਪ ਵਿਚ ਪ੍ਰਯੋਗ ਕੀਤਾ ਜਾ ਸਕਦਾ ਹੈ। (Observation is a deliberate study through eye which may be used as one of the methods for scrutinising collective behaviour and complex institutions as well as separate units as composing a totality.)।

**ਮੋਸਰ (Moser) :** ਨਿਰੀਖਣ ਨੂੰ ਠੀਕ ਰੂਪ ਵਿਚ ਵਿਗਿਆਨਕ ਪੁੱਛ ਗਿੱਛ ਦੀ ਸਰਵਉੱਤਮ ਵਿਧੀ ਕਿਹਾ ਜਾ ਸਕਦਾ ਹੈ (Best methods of scientific inquiry)।

## 1.3.2.4 ਨਿਰੀਖਣ ਵਿਧੀ ਦੇ ਪੜਾਅ (Steps of Observation)

### (1) ਉਤੇਜਿਤ ਯੋਜਨਾ (Adequate Planning) :

ਇਹ ਜ਼ਰੂਰੀ ਹੈ ਕਿ ਨਿਰੀਖਣ ਕਰਤਾ ਅਧਿਐਨ ਕੀਤੇ ਜਾਣ ਵਾਲੇ ਵਿਵਹਾਰ ਦੀ ਠੀਕ ਯੋਜਨਾ ਬਣਾ ਲਵੇ। ਨਿਰੀਖਣ ਦਾ ਖੇਤਰ ਸਮਾਂ ਆਦਿ ਦੀ ਯੋਜਨਾ ਬਣਾ ਲੈਣੀ ਚਾਹੀਦੀ ਹੈ।

**(2) ਵਿਵਹਾਰ ਦਾ ਨਿਰੀਖਣ (Observation of Behaviour) :**

ਇਸ ਵਿਧੀ ਦਾ ਦੂਸਰਾ ਪੜਾਅ ਵਿਵਹਾਰ ਨੂੰ ਦੇਖਦਾ ਹੈ। ਉਦਾਹਰਣ ਦੇ ਤੌਰ ਤੇ ਜੇਕਰ ਅਸੀਂ ਬੱਚਿਆਂ ਦੇ ਵਿਸ਼ੇਸ਼ ਵਿਵਹਾਰ ਨੂੰ ਦੇਖਣਾ ਚਾਹੁੰਦੇ ਹਾਂ ਤਾਂ ਅਸੀਂ ਉਸ ਸਮੇਂ ਦੇਖ ਸਕਦੇ ਹਾਂ ਜਦ ਉਹ ਰਲ ਕੇ ਖੇਡ ਰਹੇ ਹੋਣ।

**(3) ਵਿਵਹਾਰ ਦਾ ਰਿਕਾਰਡ ਕਰਨਾ (Recording of Behaviour) :**

ਵਿਵਹਾਰ ਨੂੰ ਵੇਖਣ ਤੋਂ ਬਾਅਦ ਤੁਰੰਤ ਨੋਟ ਕਰ ਲੈਣਾ ਚਾਹੀਦਾ ਹੈ। ਘਟਨਾ ਵਾਪਰਨ ਅਤੇ ਲਿਖਣ ਦੇ ਵਿਚਕਾਰਲਾ ਸਮਾਂ ਬਹੁਤ ਘੱਟ ਹੋਣਾ ਚਾਹੀਦਾ ਹੈ। ਕੈਮਰਾ ਅਤੇ ਟੇਪਰਿਕਾਰਡ ਦਾ ਪ੍ਰਯੋਗ ਵੀ ਕੀਤਾ ਜਾ ਸਕਦਾ ਹੈ।

**(4) ਨਿਰੀਖਣ ਦਾ ਵਿਸ਼ਲੇਸ਼ਣ (Analysis of Observed Behaviour) :**

ਵਿਵਹਾਰ ਨੂੰ ਨੋਟ ਕਰਨ ਮਗਰੋਂ ਨਿਰੀਖਕ ਉਸ ਨੂੰ ਅੰਕਾਂ ਵਿਚ ਬਦਲਦਾ ਹੈ ਅਤੇ ਇਸ ਦਾ ਵਿਸ਼ਲੇਸ਼ਣ ਕਰਦਾ ਹੈ।

**(5) ਨਿਰੀਖਣ ਦਾ ਵਿਆਪੀਕਰਣ ਤੇ ਵਿਆਖਿਆ (Generalization and Explanation of Observation) :**

ਵਿਵਹਾਰ ਦਾ ਵਿਸ਼ਲੇਸ਼ਣ ਕਰਨ ਮਗਰੋਂ ਉਸ ਦੀ ਵਿਆਖਿਆ ਕੀਤੀ ਜਾਂਦੀ ਹੈ। ਇਹ ਵਿਆਖਿਆ ਭਿੰਨ-ਭਿੰਨ ਸਿਧਾਂਤਾਂ ਦੇ ਆਧਾਰ ਤੇ ਕੀਤੀ ਜਾਂਦੀ ਹੈ। ਪਸ਼ੂਆਂ ਤੇ ਵੀ ਪ੍ਰਯੋਗ ਕੀਤੇ ਜਾ ਸਕਦੇ ਹਨ। ਵਿਵਹਾਰਾ ਦੇ ਅਧਿਐਨ ਉਪਰੰਤ ਉਸ ਦਾ ਸਮਾਨੀਕਰਣ ਕੀਤਾ ਜਾਂਦਾ ਹੈ ਅਤੇ ਉਹਨਾਂ ਨੂੰ ਆਮ ਜਨਤਾ ਰਾਹੀਂ ਲਾਗੂ ਕੀਤਾ ਜਾਂਦਾ ਹੈ।

## ਚੰਗੇ ਨਿਰੀਖਣ ਦੀਆਂ ਵਿਸ਼ੇਸ਼ਤਾਵਾਂ
## (Characteristics of Good Observation)

(1) ਨਿਰੀਖਣ ਯੋਜਨਾਬੱਧ ਅਤੇ ਨਿਯਮ ਪੂਰਬਕ ਹੋਣਾ ਚਾਹੀਦਾ ਹੈ।
(2) ਨਿਰੀਖਣ ਨਿਸ਼ਚਿਤ ਹੋਣਾ ਚਾਹੀਦਾ ਹੈ।
(3) ਇਹ ਵਿਗਿਆਨਕ ਅਤੇ ਭਰੋਸੇਯੋਗ ਹੋਣਾ ਚਾਹੀਦਾ ਹੈ।
(4) ਇਹ ਗੁਣਾਤਮਕ ਹੋਣ ਦੇ ਨਾਲ ਮਿਕਦਾਰੀ ਵੀ ਹੋਣਾ ਚਾਹੀਦਾ ਹੈ।

## ਕਿਨ੍ਹਾਂ ਵਿਵਹਾਰਾਂ ਦਾ ਨਿਰੀਖਣ ਕੀਤਾ ਜਾ ਸਕਦਾ ਹੈ?
## (What behaviour can be observed)

ਹੇਠ ਲਿਖੇ ਤਿੰਨ ਪ੍ਰਕਾਰ ਦੇ ਵਿਵਹਾਰਾਂ ਦਾ ਅਧਿਐਨ ਕੀਤਾ ਜਾ ਸਕਦਾ ਹੈ :

(1) ਅਸ਼ਾਬਦਿਕ ਵਿਵਹਾਰ (Non-verbal behaviour);
(2) ਭਾਸ਼ਾ ਅੰਤਰਿਤ ਵਿਵਹਾਰ (Extra-Linguistic behaviour); ਅਤੇ
(3) ਭਾਸ਼ਾਈ ਵਿਵਹਾਰ (Linguistic behaviour)।

**(1) ਅਸ਼ਾਬਦਿਕ ਵਿਵਹਾਰ (Non-verbal behaviour) :**

ਇਸ ਪ੍ਰਕਾਰ ਦੇ ਵਿਵਹਾਰ ਵਿਚ ਮੁੱਖ ਦੇ ਭਾਵ, ਨਿਗਾਹਾਂ ਦਾ ਆਦਾਨ-ਪ੍ਰਦਾਨ ਸਰੀਰਕ ਗਤੀਆਂ ਅਤੇ ਦੈਨਿਕ ਵਿਵਹਾਰ ਆਉਂਦਾ ਹੈ। ਮੁੱਖ ਦੇ ਭਾਵਾਂ ਦਾ ਨਿਰੀਖਣ ਕਰਕੇ ਵਿਅਕਤੀ ਦੇ ਸੰਵੇਦਾਂ ਭਾਵਨਾਵਾਂ ਦੇ ਸੰਬੰਧ ਵਿਚ ਜਾਣਿਆ ਜਾ ਸਕਦਾ ਹੈ। ਜਦੋਂ ਵਿਅਕਤੀ ਆਪਸ ਵਿਚ ਅੰਤਰਕ੍ਰਿਆ ਕਰਦੇ ਹਨ ਤਾਂ ਉਹਨਾਂ ਦੀਆਂ ਨਿਗਾਹਾਂ ਮਿਲਦੀਆਂ ਹਨ। ਨਿਗਾਹਾਂ ਉਨ੍ਹਾਂ ਦੇ ਵਿਚਾਰਾਂ ਆਦਿ ਨੂੰ ਸਮਝਣ ਵਿਚ ਬਹੁਤ ਮਦਦ ਕਰਦੀਆਂ ਹਨ। ਵਿਅਕਤੀ ਆਪਸ ਵਿਚ ਜਿਦ ਕੇ ਚਲਦੇ ਹਨ, ਇਕ ਦੂਜੇ ਦੇ ਵੱਲ ਵੱਧਦੇ ਹਨ, ਇਕ ਦੂਜੇ ਤੋਂ ਦੂਰ ਹੋ ਜਾਂਦੇ ਹਨ, ਰੁਕਦੇ ਹਨ, ਦੂਰੀ ਰੱਖਦੇ ਹਨ, ਨੇੜੇ ਆ ਜਾਂਦੇ ਹਨ, ਇਹ ਸਾਰੀਆਂ ਕ੍ਰਿਆਵਾਂ ਉਸ ਦੇ ਦੈਸ਼ਿਕ ਵਿਵਹਾਰ ਨੂੰ ਪ੍ਰਦਰਸ਼ਿਤ ਕਰਦੀਆਂ ਹਨ। ਦੈਸ਼ਿਕ ਵਿਵਹਾਰ ਦਾ ਨਿਰੀਖਣ ਵਿਅਕਤੀਆਂ ਦੀ ਅੰਤਰ ਕ੍ਰਿਆ ਸੰਬੰਧੀ ਮਹੱਤਵਪੂਰਣ ਸੂਚਨਾ ਦਿੰਦਾ ਹੈ।

**(2) ਭਾਸ਼ਾ ਅੰਤਰਿਤ ਵਿਵਹਾਰ (Extra-Linguistic behaviour) :**

ਜਦ ਵਿਅਕਤੀ ਕੁਝ ਕਹਿੰਦਾ ਹੈ ਤੇ ਜੋ ਸ਼ਬਦ ਉਹ ਬੋਲਦਾ ਹੈ, ਉਹ ਉਸ ਦੇ ਸ਼ਾਬਦਿਕ ਵਿਵਹਾਰ ਦੇ ਬਹੁਤ ਛੋਟੇ

ਅੰਗ ਹੁੰਦੇ ਹਨ, ਜਿਹਨਾਂ ਦਾ ਨਿਰੀਖਣ ਕਰਤਾ ਕਰਦਾ ਹੈ। ਜਿਸ ਢੰਗ ਨਾਲ ਉਹ ਬੋਲਦਾ ਹੈ ਜਾਂ ਆਪਣੇ ਵਿਚਾਰ ਰੱਖਦਾ ਹੈ, ਉਹ ਢੰਗ ਸ਼ਬਦਾਂ ਤੋਂ ਅਧਿਕ ਮਹੱਤਵਪੂਰਣ ਹੁੰਦਾ ਹੈ। ਉਨ੍ਹਾਂ ਦਾ ਇਹ ਢੰਗ ਵਿਅਕਤੀ ਦੇ ਵਿਵਹਾਰ ਦੇ ਕਿਸੇ ਰੂਪ ਦਾ ਪ੍ਰਗਟਾਵਾ ਕਰਦਾ ਹੈ।

### (3) ਭਾਸ਼ਾਈ ਵਿਵਹਾਰ (Linguistic behaviour) :

ਗੱਲਬਾਤ ਕਰਨਾ, ਆਪਣੇ ਵਿਚਾਰ ਪੇਸ਼ ਕਰਨਾ ਸਭ ਭਾਸ਼ਾਈ ਵਿਵਹਾਰ ਦੇ ਅੰਤਰਗਤ ਆਉਂਦੇ ਹਨ। ਇਸ ਪ੍ਰਕਾਰ ਦੇ ਵਿਵਹਾਰ ਦਾ ਨਿਰੀਖਣ ਸਮਾਜਿਕ ਅੰਤਰਕ੍ਰਿਆ ਨੂੰ ਸਹਿੰਤਾਬਧ ਕਰਨ ਦੇ ਲਈ ਕੀਤਾ ਜਾਂਦਾ ਹੈ।

ਆਪਣੀ ਰੋਜ਼ਾਨਾ ਜ਼ਿੰਦਗੀ ਵਿਚ ਵੀ ਅਸੀਂ ਆਪਣੇ ਸਾਧਾਰਨ ਵਾਤਾਵਰਣ ਵਿਚ ਇਕ ਦੂਸਰੇ ਦੇ ਵਿਵਹਾਰ ਦਾ ਨਿਰੀਖਣ ਕਰਦੇ ਰਹਿੰਦੇ ਹਾਂ ਅਤੇ ਉਸ ਦੇ ਆਧਾਰ ਤੇ ਉਸ ਵਿਅਕਤੀ ਦੇ ਵਿਚਾਰਾਂ ਅਤੇ ਚਰਿੱਤਰ ਸੰਬੰਧੀ ਆਪਣੇ ਵਿਚਾਰ ਬਣਾ ਲੈਂਦੇ ਹਾਂ। ਕੋਈ ਛੋਟਾ ਬੱਚਾ ਜਲਦੀ ਹੀ ਆਪਣੇ ਮਾਤਾ ਪਿਤਾ ਦੇ ਚਿਹਰੇ ਤੋਂ ਉਹਨ੍ਹਾਂ ਦੀਆਂ ਭਾਵਨਾਵਾਂ ਸਮਝਣ ਲੱਗ ਪੈਂਦਾ ਹੈ। ਕਿਸੇ ਦੇ ਚਿਹਰੇ ਨੂੰ ਦੇਖ ਕੇ ਪਤਾ ਲੱਗ ਜਾਂਦਾ ਹੈ ਕਿ ਉਹ ਗੁੱਸੇ ਵਿਚ ਹੈ ਅਤੇ ਅਸੀਂ ਉਸ ਦੇ ਨੇੜੇ ਜਾਣ ਤੋਂ ਸੰਕੋਚ ਕਰਦੇ ਹਾਂ। ਇਸ ਤਰ੍ਹਾਂ ਹਰ ਪ੍ਰਕਾਰ ਦੀ ਖੁਸ਼ੀ-ਗਮੀ ਅਤੇ ਸੰਵੇਗ ਵਤੀਰੇ ਦੇ ਕਿਸੇ ਨਾ ਕਿਸੇ ਰੂਪ ਵਿਚ ਪ੍ਰਗਟ ਹੋ ਜਾਂਦੇ ਹਨ।

ਬੱਚੇ ਦੇ ਵਿਵਹਾਰ ਦਾ ਬਹੁਤ ਅਧਿਐਨ ਨਿਰੀਖਣ ਵਿਧੀ ਦੁਆਰਾ ਹੀ ਹੋ ਸਕਦਾ ਹੈ। ਜੇ ਮਨੋਵਿਗਿਆਨੀਆਂ ਨੇ ਇਹ ਪਤਾ ਕਰਨਾ ਹੈ ਕਿ ਬੱਚਾ ਮਾਂ ਬੋਲੀ ਕਿਵੇਂ ਸਿੱਖਦਾ ਹੈ, ਆਪਣੇ ਸਮਾਜ ਦੇ ਢੰਗ ਕਿਸ ਤਰ੍ਹਾਂ ਗ੍ਰਹਿਣ ਕਰਦਾ ਹੈ ਤਾਂ ਉਹ ਇਸ ਅਧਿਐਨ ਵਿਚ ਕੇਵਲ ਇਕੋ ਨਿਰੀਖਣ ਵਿਧੀ ਦੀ ਵਰਤੋਂ ਕਰਦੇ ਹੈ। ਇਸ ਵਿਚ ਮਨੋਵਿਗਿਆਨੀ ਬੱਚੇ ਦੀਆਂ ਖੇਡ ਸਮੇਂ ਦੀਆਂ ਕ੍ਰਿਆਵਾਂ ਦਾ ਅਧਿਐਨ ਕਰਨਗੇ, ਉਸ ਦੇ ਮਾਪਿਆਂ ਭੈਣਾਂ ਭਰਾਵਾਂ ਦੇ ਵਤੀਰੇ ਨੂੰ ਪਰਖ ਕੇ ਉਹਨਾਂ ਦੇ ਪ੍ਰਭਾਵ ਦਾ ਅਨੁਮਾਨ ਨਿਰੀਖਣ ਰਾਹੀਂ ਲਗਾਉਣ ਦਾ ਯਤਨ ਕਰਨਗੇ ਅਤੇ ਇਸ ਤਰ੍ਹਾਂ ਕਿਸੇ ਨਿਸ਼ਚਿਤ ਪ੍ਰਮਾਣ ਤੇ ਪਹੁੰਚ ਸਕਣਗੇ।

ਕਿਸ ਦੇ ਵਤੀਰੇ ਦਾ ਨਿਰੀਖਣ ਉਸਦੀ ਅੰਤਰ ਪ੍ਰੇਖਣ ਰਿਪੋਰਟ ਨਾਲੋਂ ਵਧੇਰੇ ਭਰੋਸੇ ਯੋਗ ਹੁੰਦਾ ਹੈ, ਪਰੰਤੂ ਕਈ ਵਾਰੀ ਹੋ ਸਕਦਾ ਹੈ ਕਿ ਜਿਹਨਾਂ ਵਿਅਕਤੀਆਂ ਦੇ ਵਤੀਰੇ ਦਾ ਨਿਰੀਖਣ ਕੀਤਾ ਜਾਂਦਾ ਹੈ, ਉਹ ਆਪਣੇ ਗਰੁੱਪ ਦੇ ਅਸਲ ਪ੍ਰਤੀਨਿਧ ਨਾ ਹੋਣ ਜਾਂ ਉਹਨਾਂ ਦੇ ਵਤੀਰੇ ਦਾ ਨਿਰੀਖਣ ਅਜਿਹੀਆਂ ਸਥਿਤੀਆਂ ਵਿਚ ਕੀਤਾ ਗਿਆ ਹੋਵੇ ਜਿਹੜੀਆਂ ਅਸਾਧਾਰਣ ਹੋਣ।

## 1.3.2.5 ਨਿਰੀਖਣ ਵਿਧੀ ਦੇ ਗੁਣ (Advantages of Observation Method)

### ਗੁਣ

ਇਹ ਵਿਧੀ ਅੰਤਰਮੁਖੀ ਨਿਰੀਖਣ ਤੋਂ ਜ਼ਿਆਦਾ ਭਰੋਸੇਯੋਗ ਅਤੇ ਵਿਗਿਆਨਿਕ ਹੈ। ਇਸ ਦੇ ਸਿੱਟੇ ਜ਼ਿਆਦਾ ਉਚਿਤ ਹੁੰਦੇ ਹਨ। ਇਹ ਵਿਧੀ ਬਹੁਤ ਸੰਜਮੀ ਹੈ ਕਿਉਂਕਿ ਇਸ ਵਿਚ ਉਪਕਰਣਾਂ ਦੀ ਜ਼ਰੂਰਤ ਨਹੀਂ ਹੁੰਦੀ। ਇਸ ਨੂੰ ਬੱਚਿਆਂ, ਅਸਾਧਾਰਣ ਮਨੁੱਖਾਂ ਅਤੇ ਜਾਨਵਰਾਂ ਦੀ ਵਿਵਹਾਰ ਦੇਖਣ ਲਈ ਵੀ ਵਰਤਿਆ ਜਾ ਸਕਦਾ ਹੈ। ਇਹ ਵਿਧੀ ਲਚਕੀਲੀ ਹੈ ਅਤੇ ਇਸ ਨੂੰ ਬਹੁਤ ਸਾਰੀਆਂ ਸਥਿਤੀਆਂ ਵਿਚ ਤੱਥ ਇਕੱਠੇ ਕਰਨ ਲਈ ਵਰਤਿਆ ਜਾਂਦਾ ਹੈ। ਇਸ ਦੁਆਰਾ ਵਿਅਕਤੀ ਅਤੇ ਸਮੂਹ ਦੇ ਵਿਵਹਾਰ ਦਾ ਨਿਰੀਖਣ ਕੀਤਾ ਜਾਂਦਾ ਹੈ। ਸਮਾਜਿਕ ਮਨੋਵਿਗਿਆਨ ਦੇ ਵਿਸ਼ਿਆ ਤੇ ਅਧਿਐਨ ਕਰਨ ਲਈ ਉਪਕਲਪਨਾਵਾਂ ਬਨਾਉਣ ਵਿਚ ਮੱਦਦ ਮਿਲਦੀ ਹੈ। ਇਸ ਵਿਧੀ ਦੀ ਸਹਾਇਤਾ ਨਾਲ ਕਲਾਸ ਵਿਚ ਪੜਾਉਂਦੇ ਸਮੇਂ ਸਮੱਸਿਆਜਨਕ ਬੱਚਿਆਂ, ਪੱਛੜੇ ਬੱਚਿਆਂ ਅਤੇ ਪ੍ਰਤਿਭਾਸ਼ਾਲੀ ਬੱਚਿਆਂ ਦਾ ਵਿਵਹਾਰ ਦੇਖਿਆ ਜਾ ਸਕਦਾ ਹੈ।

### ਔਗੁਣ

ਮਨੋਵਿਗਿਆਨ ਦੇ ਅਧਿਐਨ ਲਈ ਨਿਰੀਖਣ ਵਿਧੀ ਬਹੁਤ ਮਹੱਤਵਪੂਰਣ ਹੋਣ ਦੇ ਬਾਵਜੂਦ ਵੀ ਇਸ ਦੇ ਕੁਝ ਦੋਸ਼ ਹਨ। ਇਹ ਵਿਧੀ ਅੰਤਰਮੁਖੀ ਹੈ। ਨਿਰੀਖਣ ਸਮੇਂ ਕਦੇ ਨਿਰੀਖਣ ਕਰਤਾ ਕਠੋਰ ਹੋ ਸਕਦਾ ਹੈ ਅਤੇ ਕਦੇ ਰਿਆਇਤ ਦੇ ਸਕਦਾ ਹੈ। ਇਸ ਵਿਧੀ ਵਿਚ ਟ੍ਰੇਂਡ ਦਰਸ਼ਕਾਂ ਦਾ ਮਿਲਣਾ ਔਖਾ ਹੈ। ਅਣਟ੍ਰੇਂਡ ਦਰਸ਼ਕ ਅਣਉੱਚਿਤ ਤੱਥ ਇੱਕਠੇ ਕਰ ਸਕਦੇ ਹਨ। ਕਈ ਵਾਰ ਵਿਵਹਾਰ ਵਿਚ ਬਨਾਉਟੀਪਨ ਆ ਜਾਂਦਾ ਹੈ। ਜਿਵੇਂ ਇਸਤਰੀਆਂ ਅਤੇ ਬੱਚਿਆਂ ਦੇ ਵਿਵਹਾਰ ਵਿਚ ਕਿਸੇ ਅਜਨਬੀ ਨੂੰ ਦੇਖ ਕੇ ਬਨਾਉਟੀਪਨ ਆ ਜਾਂਦਾ ਹੈ। ਕਈ ਘਟਨਾਵਾਂ ਦੇ ਮੁੜ ਵਾਪਰਨ

ਦੀ ਉਡੀਕ ਕਰਨੀ ਪੈਂਦੀ ਹੈ ਜਿਵੇਂ ਕਿ ਬੱਚੇ ਦੇ ਗੁੱਸੇ ਦਾ ਵਿਵਹਾਰ ਦੇਖਣ ਲਈ ਇੰਤਜ਼ਾਰ ਕਰਨਾ ਪੈਂਦਾ ਹੈ ਕਿ ਉਹ ਮੁੜ ਕਦੋਂ ਗੁੱਸੇ ਵਿਚ ਆਉਂਦਾ ਹੈ। ਕੁਝ ਨਿੱਜੀ ਸਮੱਸਿਆ ਅਤੇ ਅਨੁਭਵ ਦੇਖੇ ਨਹੀਂ ਜਾ ਸਕਦੇ ਜਿਵੇਂ ਕਿ ਲਿੰਗ, ਕਾਮ, ਅਨੁਭਵ, ਪਿਆਰ ਆਦਿ। ਅਚੇਤਨ ਮਨ ਅਤੇ ਮਨੁੱਖ ਦੇ ਅੰਦਰੂਨੀ ਵਿਵਹਾਰ ਨੂੰ ਨਹੀਂ ਦੇਖਿਆ ਜਾ ਸਕਦਾ। ਨਿਰੀਖਣ ਕਰਦੇ ਸਮੇਂ ਅਸੀਂ ਪੱਖਪਾਤ ਰਹਿਤ ਨਹੀਂ ਹੁੰਦੇ ਜਿਸ ਕਰਕੇ ਨਤੀਜੇ ਵਿਸ਼ਵਾਸ਼ਯੋਗ ਅਤੇ ਵਿਗਿਆਨਿਕ ਨਹੀਂ ਰਹਿੰਦੇ।

ਭਾਵੇਂ ਇਸ ਵਿਧੀ ਦੀਆਂ ਬਹੁਤ ਔਕੜਾਂ ਹਨ ਪਰ ਫਿਰ ਵੀ ਇਸ ਦੀ ਵਰਤੋਂ ਬਾਲ ਅਤੇ ਸਿੱਖਿਆ ਮਨੋਵਿਗਿਆਨ ਵਿਚ ਕਾਫੀ ਸਹਾਈ ਸਿੱਧ ਹੁੰਦੀ ਹੈ। ਨਿਰੀਖਣ ਯੋਜਨਾਬੱਧ ਕਰਕੇ ਕੁਦਰਤੀ ਵਾਤਾਵਰਣ ਵਿਚ ਮਾਹਿਰਾਂ ਅਤੇ ਯੋਗ ਵਿਅਕਤੀਆਂ ਦੁਆਰਾ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਇਸ ਵਿਧੀ ਤੋਂ ਵੱਧ ਤੋਂ ਵੱਧ ਲਾਭ ਉਠਾਇਆ ਜਾ ਸਕੇ।

### 1.3.3 ਪ੍ਰਯੋਗਾਤਮਕ ਵਿਧੀ (Experimental Method)

ਪ੍ਰਯੋਗਾਤਮਕ ਵਿਧੀ ਪਹਿਲੀ ਵਾਰ 1879 ਵਿਚ ਲਿਪਜ਼ਿਗ (Lipzig) ਦੀ ਪ੍ਰਯੋਗਸ਼ਾਲਾ ਵਿਚ ਵਿਲੀਅਮ ਵੁੰਟ (Wilhelm Wundt) ਦੁਆਰਾ ਜਾਰੀ ਕੀਤੀ ਗਈ ਇਹ ਇਕ ਵਿਗਿਆਨਿਕ ਵਿਧੀ ਹੈ। ਪ੍ਰਯੋਗਾਤਮਕ ਵਿਧੀ ਨੇ ਹੀ ਮਨੋਵਿਗਿਆਨ ਨੂੰ ਵਿਗਿਆਨ ਦਾ ਦਰਜਾ ਦਿੱਤਾ ਹੈ। ਕੋਲਿੰਗ ਅਤੇ ਡਰੇਵਰ (Collins and Drever) ਨੇ ਬੜੇ ਸੁੰਦਰ ਸ਼ਬਦਾਂ ਵਿਚ ਕਿਹਾ ਹੈ, ਪ੍ਰਯੋਗਾਤਮਕ ਵਿਧੀ ਤੋਂ ਬਿਨਾਂ ਮਨੋਵਿਗਿਆਨ ਕਾਲ ਦੋਸ਼ (anachronism) ਹੈ। ਇਸ ਵਿਧੀ ਦੀ ਪਰਿਭਾਸ਼ਾ ਪ੍ਰਯੋਗ ਦੀ ਭਾਸ਼ਾ ਵਿਚ ਲੁੱਕੀ ਹੋਈ ਹੈ। ਮਨੋਵਿਗਿਆਨਿਕ ਪ੍ਰਯੋਗ ਆਮ ਤੌਰ ਤੇ ਪ੍ਰਯੋਗਸ਼ਾਲਾ ਵਿਚ ਹੀ ਕੀਤੇ ਜਾਂਦੇ ਹਨ। ਪਹਿਲਾਂ ਤੋਂ ਨਿਸ਼ਚਿਤ ਅਤੇ ਨਿਆਂਤ੍ਰਿਤ ਸਥਿਤੀ ਵਿਚ ਕਿਸੇ ਘਟਨਾ ਦੇ ਅਧਿਐਨ ਨੂੰ ਪ੍ਰਯੋਗ ਕਿਹਾ ਜਾਂਦਾ ਹੈ।

### 1.3.3.1 ਆਈਜ਼ੈਂਕ ਉਸ ਦੇ ਸਾਥੀਆਂ ਵਿਚਾਰ(Views of Eysenck and others) :

ਆਈਜ਼ੈਂਕ ਅਤੇ ਉਸਦੇ ਸਾਥੀਆਂ (Eysenck and others, 1972) ਅਨੁਸਾਰ, ''ਪ੍ਰਯੋਗ ਵਿਚ ਪਰਿਵਰਤਯ ਨੂੰ ਯੋਜਨਾ ਅਨੁਸਾਰ ਘਟਾ ਵਧਾ ਕੇ ਨਿਰੀਖਣ ਕੀਤਾ ਜਾਂਦਾ ਹੈ। ਪ੍ਰਯੋਗ ਦੇ ਸੁਤੰਤਰ ਜਾਂ ਪ੍ਰਯੋਗਾਤਮਕ ਪਰਿਵਰਤਯ ਵਿਚੋਂ ਘੱਟੋ ਘੱਟ ਇਕ ਪਰਿਵਕਤਯ ਨੂੰ ਪਹਿਲਾਂ ਨਿਰਧਾਰਿਤ ਸਥਿਤੀਆਂ ਅਨੁਸਾਰ ਬਦਲ ਦਿੱਤਾ ਜਾਂਦਾ ਹੈ।'' (According to Eysenck et al. (1972), "An experiment is the planned manipulation of variables for observation purposes. Atleast one of the variables : the independent or experimental variables are altered under-pre-determined conditions during the experiment.")

(2) ਜਹੋਦਾ ਅਤੇ ਉਸਦੇ ਸਾਥੀਆਂ ਦੇ ਵਿਚਾਰ (Views of Jahoda et al.) - ''ਪ੍ਰਯੋਗ ਪ੍ਰਾਕਲਪਨਾ ਨੂੰ ਪਰਖਣ ਦੀ ਇਕ ਵਿਧੀ ਹੈ।''

According to Jahoda et al., 1959, "Experiment is a method of testing hypothesis."

(1) **ਮਨੋਵਿਗਿਆਨ ਪ੍ਰਯੋਗਸ਼ਾਲਾ (Psychological Laboratory) :** ਜ਼ਰੂਰੀ ਉਪਕਰਣਾਂ ਨਾਲ ਸੰਗਠਿਤ ਇੱਕ ਮਨੋਵਿਗਿਆਨਿਕ ਪ੍ਰਯੋਗਸ਼ਾਲਾ ਹੋਣੀ ਚਾਹੀਦੀ ਹੈ।

(2) **ਪ੍ਰਯੋਗਕਰਤਾ (Experimenter) :** ਇੱਕ ਜਾਂ ਵੱਧ ਪ੍ਰਯੋਗਕਰਤਾ ਹੋਣੇ ਚਾਹੀਦੇ ਹਨ।

(3) **ਵਿਸ਼ਯੀ (Subject) :** ਇੱਕ ਜਾਂ ਵੱਧ ਵਿਸ਼ਯੀ ਹੋਣੇ ਚਾਹੀਦੇ ਹਨ ਜਿਨਾਂ ਤੇ ਪ੍ਰਯੋਗ ਕੀਤਾ ਜਾ ਸਕੇ। ਭੌਤਿਕ ਵਿਗਿਆਨ ਵਿਚ ਪ੍ਰਯੋਗ ਨਿਰਜੀਵ ਵਸਤੂਆਂ ਜਾਂ ਮ੍ਰਿਤਕ ਸਰੀਰਾਂ ਤੇ ਕੀਤੇ ਜਾਂਦੇ ਹਨ, ਪਰ ਮਨੋਵਿਗਿਆਨ ਵਿਚ ਪ੍ਰਯੋਗ ਸੰਜੀਵ ਵਸਤੂਆਂ ਤੇ ਕੀਤੇ ਜਾਂਦੇ ਹਨ।

(4) **ਉਤੇਜਕ (Stimulus) :** ਉਤੇਜਕ ਦਾ ਮਤਲਬ ਵਾਤਾਵਰਣ ਦੀ ਕਿਸੇ ਵੀ ਅਜਿਹੀ ਭੌਤਿਕ ਸ਼ਕਤੀ ਨਾਲ ਹੈ ਜੋ ਸਰੀਰ ਨੂੰ ਕੰਮ ਕਰਨ ਦੀ ਪ੍ਰਤੀਕ੍ਰਿਆ ਕਰਨ ਦੀ ਉਤੇਜਨਾ ਪ੍ਰਦਾਨ ਕਰੇ।

(5) **ਅਨੁਕ੍ਰਿਆ (Response) :** ਅਨੁਕ੍ਰਿਆ ਉਤੇਜਕ ਪ੍ਰਤੀ ਪ੍ਰਤੀਕ੍ਰਿਆ ਹੈ। ਇਸ ਨੂੰ ਵਿਵਹਾਰ ਵਿਚ ਤਬਦੀਲੀ ਵੀ ਕਿਹਾ ਜਾ ਸਕਦਾ ਹੈ। ਇਸ ਲਈ ਵਿਵਹਾਰ ਵਿਚ ਦਰਸ਼ਨ-ਯੋਗ ਤਬਦੀਲੀ ਨੂੰ ਅਨੁਕ੍ਰਿਆ

ਵੀ ਕਿਹਾ ਜਾਂਦਾ ਹੈ।


**1.3.2.2 ਪਰਿਵਰਤਯ (Variables) :** ਪਰਿਵਰਤਯ ਦਾ ਅਰਥ ਹੈ ਜਿਸ ਨੂੰ ਬਦਲਿਆ ਜਾ ਸਕਦਾ ਹੋਵੇ ਜਾਂ ਜੋ ਵੱਖ-ਵੱਖ ਰੂਪ ਧਾਰਨ ਕਰ ਸਕੇ। ਉਤੇਜਕ ਦੇ ਬਦਲ ਜਾਣ ਤੇ ਅਨੁਕ੍ਰਿਆਵਾਂ ਵੀ ਬਦਲ ਜਾਂਦੀਆਂ ਹਨ। ਮੁੱਖ ਰੂਪ ਵਿਚ ਪਰਿਵਰਤਯ ਦੀਆਂ ਤਿੰਨ ਕਿਸਮਾਂ ਹੁੰਦੀਆਂ ਹਨ।

**(1)ਉਤੇਜਕ ਪਰਿਤਯ ਜਾਂ ਸੁਤੰਤਰ ਪਰਿਵਰਤਯ (Stimulus or Independent Variables):** ਸੁਤੰਤਰ ਪਰਿਵਰਤਯ ਉਹ ਹੈ ਜਿਸ ਨੂੰ ਪ੍ਰਯੋਗਕਰਤਾ ਵਿਧੀ ਪੂਰਵਕ ਅਤੇ ਸੁਤੰਤਰ ਰੂਪ ਨਾਲ ਪਰਵਰਤਿਤ ਕਰਦਾ ਉਦਾਹਰਣ ਦੇ ਤੌਰ ਤੇ ਜੇ ਅਸੀਂ ਨਸ਼ੀਲੀ ਵਸਤੂਆਂ ਦਾ ਸੇਵਨ ਦਾ ਪੜ੍ਹਾਈ ਤੇ ਅਸਰ ਦਾ ਅਧਿਐਨ ਕਰਨਾ ਚਾਹੁੰਦੇ ਹਾਂ ਤਾਂ ਇਸ ਵਿਚ ਨਸ਼ੀਲੀਆਂ ਵਸਤਾਂ 'ਸੁਤੰਤਰ ਪਰਵਿਰਤਯ' ਹੋਵੇਗਾ। ਸੁਤੰਤਰ ਪਰਿਵਰਤਯ ਦੀ ਵੰਡ ਇਸ ਤਰ੍ਹਾਂ ਕੀਤੀ ਜਾ ਸਕਦੀ ਹੈ :

(a) ਵਾਤਾਵਰਣ ਸੰਬੰਧੀ (Environmental)
(b) ਆਦੇਸ਼ਾਤਮਕ ਪਰਿਵਰਤਯ (Instrumental variables)
(c) ਕਾਰਜ ਪਰਿਵਰਤਯ (Task variables)
(d) ਪ੍ਰੀਖਿਆਰਥੀ ਸੰਬੰਧੀ ਪਰਿਵਰਤਯ (Subject variables)

**(2) ਸਰੀਰਕ ਪਰਿਵਰਤਯ (Organismic variables) :**
ਸਰੀਰਕ ਪਰਿਵਰਤਯ ਦੇ ਅਧੀਨ ਉਹ ਪਰਿਵਰਤਯ ਆਉਂਦੇ ਹਨ ਜੋ ਸਰੀਰ ਵਿਚ ਮੌਜੂਦ ਹੁੰਦੇ ਹਨ ਜਿਵੇਂ (a) ਆਦਤ ਦੀ ਸ਼ਕਤੀ (Habit strength) (b) ਸੰਚਾਲਨ ਸ਼ਕਤੀ (Drive) (c) ਪ੍ਰੇਰਕ ਸ਼ਕਤੀ (Incentive) ਜਿਵੇਂ ਇਨਾਮ ਜਾਂ ਦੰਡ (d) ਪ੍ਰਤੀਰੋਧ (Inhibition).

**(3)ਅਨੁਕ੍ਰਿਆਤਮਕ ਜਾਂ ਆਸ਼੍ਰਿਤ ਪਰਿਵਰਤਯ (Response or Dependent Variables) :**
ਅਨੁਕ੍ਰਿਆਤਮਕ ਪਰਿਵਰਤਯ ਉਹ ਪਰਿਵਰਤਯ ਹੈ ਜਿਸ ਤੇ ਪਏ ਪ੍ਰਭਾਵ ਦਾ ਅਧਿਐਨ ਕੀਤਾ ਜਾਂਦਾ ਹੈ। ਉਦਾਹਰਣ ਵਜੋਂ ਅਸੀਂ ਸਿੱਖਣ ਤੇ ਦੰਡ ਦੇ ਪ੍ਰਭਾਵ ਦਾ ਅਧਿਐਨ ਕਰਨਾ ਚਾਹੁੰਦੇ ਹਾਂ। ਇਸ ਵਿਚ ਦੰਡ ਉਤੇ ਜਕ ਪਰਿਵਰਤਯ ਹੈ ਅਤੇ ਸਿੱਖਣ ਦੀ ਗਤੀ ਅਨੁਕ੍ਰਿਆਤਮਕ ਪਰਿਵਰਤਯ ਹੈ। ਅਨੁਕ੍ਰਿਆਤਮਕ ਪਰਿਵਰਤਯ ਵੱਖ ਵੱਖ ਹੋ ਸਕਦੇ ਹਨ ਜਿਵੇਂ (a) ਸ਼ੁੱਧਤਾ (Accuracy) (b) ਗਤੀ (Speed) (c) ਸੰਭਾਵਨਾ ਅਤੇ ਆਵ੍ਰਿਤੀ (Probability and frequency).




ਵੁੱਡਵਰਥ ਅਤੇ ਸਕਾਲਜ਼ਬਰਗ (Woodworth & Scholsberg) ਨੇ S-O-R ਦਾ ਫਾਰਮੂਲਾ ਦਿੱਤਾ ਹੈ। ਅਸੀਂ ਸਿਰਫ ਇਕ ਹੀ ਉਤੇਜਕ ਵਿਚ ਪਰਿਵਰਤਨ ਕਰ ਸਕਦੇ ਹਾਂ ਅਤੇ ਬਾਕੀ ਸਾਰੇ ਪ੍ਰਭਾਵਕਾਰੀ ਉਤੇਜਕ ਪਰਿਵਰਤਯ ਨੂੰ ਸਥਿਰ ਰੱਖਣਾ ਪੈਂਦਾ ਹੈ।

**1.3.3.3 ਪ੍ਰਯੋਗਾਤਮਕ ਵਿਧੀ ਦੇ ਉਦੇਸ਼ (Aims of Experimental Method)**

(1) ਕੰਮ ਅਤੇ ਕਾਰਣ ਵਿਚ ਸੰਬੰਧ ਦੇਖਣਾ

(2) ਵਿਵਹਾਰ ਅਤੇ ਉਹਦੇ ਉਨ੍ਹਾਂ ਸਿਧਾਤਾਂ ਦਾ ਅਧਿਐਨ ਕਰਨਾ ਜਿਨ੍ਹਾਂ ਦੀ ਸਹਾਇਤਾ ਨਾਲ ਵਿਵਹਾਰ ਨੂੰ ਸਮਝਿਆ ਜਾ ਸਕੇ ਅਤੇ ਉਸ ਦੀ ਭਵਿੱਖਬਾਣੀ ਕੀਤੀ ਜਾ ਸਕੇ।
(3) ਅੰਦਰੂਨੀ ਅੰਗਾਂ ਦੇ ਪਰਿਵਰਤਨਾਂ ਦਾ ਅਧਿਐਨ ਕਰਨਾ।
(4) ਤੱਥਾਂ ਦੀ ਵਿਆਖਿਆ ਅਤੇ ਮਾਪ ਕਰਨਾ।
(5) ਮਨੋਵਿਗਿਆਨਿਕ ਤੱਥਾਂ ਦੇ ਗਿਆਨ ਵਿਚ ਵਾਧਾ ਕਰਨਾ।

### 1.3.3.4 ਪ੍ਰਯੋਗਾਤਮਕ ਵਿਧੀ ਦੇ ਮੁੱਖ ਪੜਾਅ (Major Steps in Experimental Method)

ਪ੍ਰਯੋਗਾਤਮਕ ਵਿਧੀ ਦੇ ਮੁੱਖ ਪੜਾਅ ਹੇਠ ਲਿਖੇ ਹਨ :-

**(1) ਸਮੱਸਿਆ ਨੂੰ ਪਰਿਭਾਸ਼ਤ ਕਰਨਾ (Defining the Problem) :**

ਸਭ ਤੋਂ ਪਹਿਲਾਂ ਸਮੱਸਿਆ ਨੂੰ ਪਰਿਭਾਸ਼ਿਤ ਕਰਨਾ ਚਾਹੀਦਾ ਹੈ ਕਿਉਂਕਿ ਪ੍ਰਯੋਗ ਕਿਸੇ ਉਦੇਸ਼ ਦੀ ਪੂਰਤੀ ਜਾਂ ਕਿਸੇ ਸਮੱਸਿਆ ਦੇ ਹੱਲ ਲਈ ਕੀਤਾ ਜਾਂਦਾ ਹੈ। ਇਹ ਸਪਸ਼ਟ ਕਰ ਲੈਣਾ ਚਾਹੀਦਾ ਹੈ ਕਿ ਕਿਹੜੇ ਕਾਰਕਾਂ ਦੇ ਨਿਯੰਤਰਣ ਰੱਖਣਾ ਹੈ, ਕਿਨ੍ਹਾਂ ਨੂੰ ਪਰਿਵਰਤਨ ਕਰਨਾ ਹੈ ਅਤੇ ਕਿਨ੍ਹਾਂ ਪਰਿਵਰਤਨਾਂ ਦਾ ਨਿਰੀਖਣ ਕਰਨਾ ਹੈ।

**(2) ਪ੍ਰਾਕਲਪਨਾ (Hypothesis) :**

ਸਮੱਸਿਆ ਦੇ ਸੰਭਾਵਿਤ ਉੱਤਰ ਨੂੰ ਪ੍ਰਾਕਲਪਨਾ ਕਹਿੰਦੇ ਹਨ। ਇਹ ਇਕ ਤੋਂ ਵੱਧ ਹੋ ਸਕਦੀਆਂ ਹਨ। ਪ੍ਰਾਕਲਪਨਾ ਪ੍ਰਯੋਗ ਨੂੰ ਸਹੀ ਤੇ ਨਿਸ਼ਚਿਤ ਦਿਸ਼ਾ ਪ੍ਰਦਾਨ ਕਰਦੀ ਹੈ। ਇਹ ਕਿਸੇ ਸਿਧਾਂਤ ਨਾਲ ਸੰਬੰਧਿਤ ਹੋਣੀ ਚਾਹੀਦੀ ਹੈ। ਜ਼ਿਆਦਾਤਰ ਪ੍ਰਾਕਲਪਨਾ ਨਿਰਾਕਰਣੀ ਪ੍ਰਾਕਲਪਨਾ ਦੇ ਰੂਪ ਵਿਚ ਬਣਾਈ ਜਾਂਦੀ ਹੈ।

**(3) ਵਿਸ਼ਯੀ ਦੀ ਚੋਣ (Selecting the Subject) :**

ਜਿਸ ਵਿਸ਼ਯੀ ਤੇ ਪ੍ਰਯੋਗ ਕਰਨਾ ਹੋਵੇ, ਉਸ ਦਾ ਨਾਮ, ਉਮਰ, ਲਿੰਗ, ਸਿੱਖਿਆ, ਪੁਰਾਣਾ ਤਜਰਬਾ ਆਦਿ ਸੰਬੰਧੀ ਸਭ ਤੱਥ ਇੱਕਠੇ ਕੀਤੇ ਜਾਂਦੇ ਹਨ। ਉਸ ਦੀ ਸਰੀਰਕ ਤੇ ਮਾਨਸਿਕ ਅਵਸਥਾ ਦਾ ਰਿਕਾਰਡ ਰੱਖਣਾ ਵੀ ਜ਼ਰੂਰੀ ਹੈ।

**(4) ਉਪਕਰਣਾਂ ਦੀ ਵਿਵਸਥਾ ਕਰਨੀ (Setting the Material) :**

ਨਿਰੀਖਣ ਕਰਨ ਲਈ ਤੇ ਪ੍ਰਯੋਗ ਵਿਚ ਵਰਤੇ ਜਾਣ ਵਾਲੇ ਉਪਕਰਨਾ ਦੀ ਵਿਵਸਥਾ ਕੀਤੀ ਜਾਂਦੀ ਹੈ।

**(5) ਵਿਧੀ (Method)**

**(i) ਆਦੇਸ਼ (Instruction) :**

ਪ੍ਰਯੋਗ ਕਰਨ ਸੰਬੰਧੀ ਵਿਸ਼ਯੀ ਨੂੰ ਆਦੇਸ਼ ਦਿੱਤੇ ਜਾਂਦੇ ਹਨ। ਇਹ ਆਦੇਸ਼ ਬੜੇ ਸਰਲ ਤਰੀਕੇ ਨਾਲ ਵਿਸ਼ਯੀ ਦੀ ਉਮਰ ਅਤੇ ਸਿੱਖਿਅਕ ਯੋਗਤਾ ਅਨੁਸਾਰ ਦਿੱਤੇ ਜਾਦੇ ਹਨ।

**(ii) ਪਰਿਵਰਤਯ ਦਾ ਨਿਯੰਤਰਣ (Control of Variables) :**

ਪ੍ਰਯੋਗ ਯੋਜਨਾ ਇਸ ਤਰ੍ਹਾਂ ਬਣਾਈ ਜਾਂਦੀ ਹੈ ਕਿ ਸੁਤੰਤਰ ਪਰਿਵਰਤਯ, ਆਸ਼੍ਰਿਤ ਪਰਿਵਰਤਯ ਅਤੇ ਸਰੀਰਕ ਪਰਿਵਰਤਯ ਨੂੰ ਠੀਕ ਤਰ੍ਹਾਂ ਕੰਟਰੋਲ ਕੀਤਾ ਜਾ ਸਕੇ। ਪ੍ਰਯੋਗ ਕਰਤਾ ਪ੍ਰਯੋਗ ਦੀਆਂ ਸਥਿਤੀਆਂ ਨੂੰ ਨਿਯੰਤਰਣ ਕਰਨ ਲਈ ਨਿਯੰਤਰਣ ਵਿਧੀਆਂ ਦੀ ਸਹਾਇਤਾ ਲੈਂਦਾ ਹੈ। ਇਹ ਵਿਧੀਆਂ ਇਸ ਪ੍ਰਕਾਰ ਹਨ :

(a) ਹਟਾਉਣ ਦੀ ਵਿਧੀ
(b) ਹਾਲਤਾਂ ਨੂੰ ਸਥਿਰ ਰੱਖਣ ਦੀ ਵਿਧੀ
(c) ਸੰਤੁਲਨ ਵਿਧੀ
(d) ਪ੍ਰਤੀਭਾਰ ਵਿਧੀ
(e) ਕ੍ਰਮਵਾਰ ਸੰਯੋਗੀਕਰਣ ਵਿਧੀ

**(iii) ਪ੍ਰਯੋਗਾਤਮਕ ਵਿਧੀ (Experimental Procedure) :**

ਪ੍ਰਯੋਗ ਸ਼ੁਰੂ ਕਰਨ ਤੋਂ ਪਹਿਲਾਂ ਪ੍ਰਯੋਗ ਦੀ ਤਿਆਰੀ ਕੀਤੀ ਜਾਂਦੀ ਹੈ। ਉਪਕਰਣਾਂ ਨੂੰ ਸੈੱਟ ਕੀਤਾ ਜਾਂਦਾ ਹੈ।

**(6) ਨਤੀਜਾ (Results) :**

ਇਸ ਤਰ੍ਹਾ ਜੋ ਸਮੱਗਰੀ ਅੰਕਾਂ ਵਿਚ ਪ੍ਰਾਪਤ ਹੁੰਦੀ ਹੈ ਉਸਦਾ ਸੰਖਿਆਤਮਕ ਵਿਸ਼ਲੇਸ਼ਣ ਕੀਤਾ ਜਾਂਦਾ ਹੈ, ਸੂਚੀ ਬਣਾਈ ਜਾਂਦੀ ਹੈ। ਨਤੀਜਿਆਂ ਨੂੰ ਰੇਖਾ ਚਿੱਤਰ ਰਾਹੀਂ ਵੀ ਦਰਸਾਇਆ ਜਾਂਦਾ ਹੈ।

**(7) ਵਿਖਾਇਆ (Discussion) :**

ਇਸ ਤਰ੍ਹਾਂ ਪ੍ਰਾਪਤ ਕੀਤੇ ਨਤੀਜਿਆਂ ਨੂੰ ਸਾਹਮਣੇ ਰੱਖ ਕੇ ਪ੍ਰਾਕਲਪਨਾ ਕੀਤੀ ਜਾਂਦੀ ਹੈ। ਪ੍ਰਾਪਤ ਕੀਤੇ ਗਏ ਨਤੀਜਿਆਂ ਦੀ ਸ਼ੁੱਧਤਾ ਅਤੇ ਭਰੋਸੇਯੋਗਤਾ ਲਈ ਪ੍ਰਾਕਲਪਨਾ ਸੰਬੰਧੀ ਅਲੱਗ-ਅਲੱਗ ਸਿਧਾਂਤਾ; ਅਤੇ ਪਰਿਮਾਣਿਕ ਅਧਿਐਨਾਂ ਨਾਲ ਤੁਲਨਾ ਕੀਤੀ ਜਾਂਦੀ ਹੈ।

### 1.3.3.5 ਪ੍ਰਯੋਗਾਤਮਕ ਵਿਧੀ ਦੇ ਲਾਭ (Merits of Experimental Method)

(1) ਪ੍ਰਯੋਗਾਤਮਕ ਵਿਧੀ ਬਹੁਤ ਭਰੋਸੇਯੋਗ, ਪ੍ਰਮਾਣਿਕ ਅਤੇ ਨਿਯਮਿਤ ਹੈ।

(2) ਇਹ ਵਿਧੀ ਬਾਹਰਮੁਖੀ ਅਤੇ ਵਿਗਿਆਨਿਕ ਹੈ। ਇਸ ਵਿਧੀ ਦੁਆਰਾ ਸਹੀ ਤੱਥ ਅਤੇ ਅੰਕੜੇ ਇੱਕਠੇ ਕੀਤੇ ਹਨ। ਵੁੱਡਵਰਥ ਨੇ ਲਿਖਿਆ ਹੈ ਕਿ ਪ੍ਰਯੋਗ ਨੇ ਮਨੋਵਿਗਿਆਨ ਨੂੰ ਪੂਰਨ ਵਿਗਿਆਨ ਬਣਾ ਦਿੱਤਾ ਹੈ।

(3) ਇਸ ਵਿਧੀ ਦੁਆਰਾ ਹਰ ਪ੍ਰਕਾਰ ਦੇ ਵਿਅਕਤੀ ਦਾ ਅਧਿਐਨ ਕੀਤਾ ਜਾਂਦਾ ਹੈ। ਬੱਚਿਆਂ ਅਤੇ ਪਸ਼ੂਆਂ ਦਾ ਵੀ ਅਧਿਐਨ ਕੀਤਾ ਜਾਂਦਾ ਹੈ।

(4) ਪ੍ਰਯੋਗਾਤਮਕ ਵਿਧੀ ਦੀ ਮਨੋਵਿਗਿਆਨ ਦੀਆ ਵੱਖ-ਵੱਖ ਸ਼ਾਖਾਵਾਂ ਵਿਚ ਵਰਤੋਂ ਕੀਤੀ ਜਾਂਦੀ ਹੈ। ਇਹ ਵਿਧੀ ਬੁੱਧੀ ਮਾਪਣ, ਸ਼ਖਸੀਅਤ ਮਾਪਣ, ਨਿੱਜੀ ਅੰਤਰਾਂ ਅਤੇ ਮਾਨਸਿਕ ਦੇਸ਼ਾਂ ਵਿਚ ਵਿਸ਼ੇਸ਼ ਰੂਪ ਨਾਲ ਯੋਗੀ ਹੈ।

(5) ਇਸ ਵਿਧੀ ਨੇ ਮਨੋਵਿਗਿਆਨ ਵਿਚ ਸੰਖਿਆਤਮਕ ਮਾਪ ਸ਼ੁਰੂ ਕੀਤਾ ਹੈ।

(6) ਪ੍ਰਯੋਗ ਦੀ ਪਹਿਲਾਂ ਦੀ ਯੋਜਨਾ ਬਣਾਈ ਜਾ ਸਕਦੀ ਹੈ ਅਤੇ ਪ੍ਰਯੋਗਕਰਤਾ ਸਹੀ ਨਿਰੀਖਣ ਲਈ ਤਿਆਰ ਹੋ ਸਕਦਾ ਹੈ।

(7) ਜੇਕਰ ਨਤੀਜਾ ਠੀਕ ਨਾ ਨਿਕਲੇ ਤਾਂ ਪ੍ਰਯੋਗ ਨੂੰ ਦੁਹਰਾਇਆ ਜਾ ਸਕਦਾ ਹੈ।

(8) ਪ੍ਰਯੋਗ ਨੂੰ ਦੁਹਰਾ ਕੇ ਨਤੀਜੇ ਦੀ ਸੱਚਾਈ ਦੀ ਜਾਂਚ ਕੀਤੀ ਜਾ ਸਕਦੀ ਹੈ।

(9) ਪ੍ਰਯੋਗ ਵਿਚ ਸਾਰੀਆਂ ਸਥਿਤੀਆਂ ਸਾਡੇ ਨਿਯੰਤਰਣ ਵਿਚ ਹੁੰਦੀਆਂ ਹਨ, ਅਸੀਂ ਆਪਣੀ ਇੱਛਾ ਅਨੁਸਾਰ ਬਦਲ ਸਕਦੇ ਹਾਂ।

(10) ਪ੍ਰਯੋਗਾਤਮਕ ਵਿਧੀ ਵਿਚ ਸਿੱਖਿਆ ਮਨੋਵਿਗਿਆਨ ਅਤੇ ਵਿਗਿਆਨ ਦੀਆਂ ਅਨੇਕਾਂ ਸਮੱਸਿਆਵਾਂ ਦਾ ਹੱਲ ਹੁੰਦਾ ਹੈ।

### 1.3.3.6 ਪ੍ਰਯੋਗਾਤਮਕ ਵਿਧੀ ਦੇ ਔਗੁਣ (Demertis of Experimental Method)

(1) ਇਹ ਵਿਧੀ ਬਹੁਤ ਲੰਬੀ ਹੈ। ਇਸ ਵਿਚ ਵਧੇਰੇ ਸਮਾਂ ਅਤੇ ਸ਼ਕਤੀ ਲਗਦੀ ਹੈ।

(2) ਇਹ ਬਹੁਤ ਮਹਿੰਗੀ ਹੈ ਕਿਉਂਕਿ ਇਸ ਵਿਚ ਉਪਕਰਨਾਂ ਅਤੇ ਮਾਹਿਰ ਵਿਅਕਤੀਆਂ ਦੀ ਜ਼ਰੂਰਤ ਹੈ।

(3) ਸਾਰੇ ਪਰਿਵਰਤਨਾਂ ਨੂੰ ਪੂਰੀ ਤਰ੍ਹਾਂ ਨਿਯੰਤਰਣ ਨਹੀਂ ਕੀਤਾ ਜਾ ਸਕਦਾ।

(4) ਪ੍ਰਯੋਗਸ਼ਾਲਾਵਾਂ ਦੀਆਂ ਅਵਸਥਾਵਾਂ ਵਿਚ ਬਨਾਉਟੀਪਨ ਹੁੰਦਾ ਹੈ ਅਤੇ ਇਹ ਬਨਾਉਟੀਪਨ ਸਿੱਟਿਆਂ ਵਿਚ ਰੁਕਾਵਟ ਪਾਉਂਦਾ ਹੈ।

(5) ਕੁਝ ਅਵਸਥਾਵਾਂ ਦਾ ਪ੍ਰਯੋਗਸ਼ਾਲਾ ਵਿਚ ਪੈਦਾ ਕਰਨਾ ਹੁੰਦਾ ਹੈ। ਖੁਸ਼ੀ, ਗਮੀ, ਡਰ, ਗੁੱਸੇ ਆਦਿ

ਭਾਵੇਂ ਪ੍ਰਯੋਗਾਤਮਕ ਵਿਧੀ ਵਿਚ ਬਹੁਤ ਸਾਰੀਆਂ ਤਰੁੱਟੀਆਂ ਹਨ ਪਰ ਫਿਰ ਵੀ ਇਹ ਵਿਗਿਆਨ ਦੀਆਂ ਸਾਰੀਆਂ ਸ਼ਾਖਾਵਾਂ ਅਤੇ ਸਿੱਖਿਆ ਮਨੋਵਿਗਿਆਨ ਦੇ ਵੱਖ-ਵੱਖ ਪਹਿਲੂਆਂ ਲਈ ਵੀ ਲਾਭਕਾਰੀ ਹੈ। ਜੇਕਰ ਇਸ ਨੂੰ ਅੰਤਰ ਦਰਸ਼ਨ ਜਾਂ ਬਾਹਰੀ ਨਿਰੀਖਣ ਦੀ ਮਦਦ ਪ੍ਰਾਪਤ ਹੋ ਜਾਵੇ, ਤਾਂ ਇਹ ਵਿਧੀ ਚਮਤਕਾਰ ਦਿਖਾ ਸਕਦੀ ਹੈ।

## 1.3.4 ਕੇਸ ਅਧਿਆਨ ਵਿਧੀ

ਕੇਸ ਅਧਿਐਨ ਵਿਧੀ ਵਿੱਚ ਅਸੀ ਕਿਸੇ ਇੱਕ ਵਿਅਕਤੀ ਜਾਂ ਇਕ ਅਦਾਰੇ ਦਾ ਡੂੰਘਾਈ ਵਿੱਚ ਅਧਿਐਨ ਕਰਦੇ ਹਾਂ। ਵਿਅਕਤੀਤਵ, ਪ੍ਰੇਰਣਾ ਅਤੇ ਸੰਵੇਗਾਂ ਨੂੰ ਸਮਝਣ ਵਿੱਚ ਕੇਸ ਅਧੀਨ ਵਿਧੀ ਨੇ ਮਹੱਤਵਪੂਰਨ ਯੋਗਦਾਨ ਪਾਇਆ ਹੈ। ਇਸ ਵਿਧੀ ਵਿੱਚ ਖੋਜਕਰਤਾ, ਵਿਅਕਤੀ ਦੇ ਘਰ ਅਤੇ ਪਰਿਵਾਰਕਿ ਜੀਵਨ ਦੇ ਹਾਲਾਤਾਂ, ਉਸ ਦੇ ਪਿਛੋਕੜ ਅਤੇ ਮੋਜੂਦਾ ਜੀਵਨ ਬਾਰੇ ਵਿਸਤਾਰ ਵਿੱਚ ਜਾਣਕਾਰੀ ਪ੍ਰਾਪਤ ਕਰਦਾ ਹੈ।

ਕੇਸ ਅਧਿਐਨ ਵਿੱਚ ਖੋਜਕਰਤਾ ਕਈ ਵਿਧੀਆਂ ਜਿਵੇ ਕਿ ਇੰਟਰਵਿਊ, ਪ੍ਰਸ਼ਨਾਵਲੀਆਂ, ਪ੍ਰੀਖਿਆਵਾਂ, ਤਸ਼ਖੀਸੀ (ਰੋਗ ਲੱਛਣ ਸੰਬੰਧੀ) ਨਿਰੀਖਣ ਆਦਿ ਦੀ ਵਰਤੋ ਕਰਦਾ ਹੈ। ਵਿਭਿੰਨ ਸੋਮਿਆਂ ਤੋ ਵਿਅਕਤੀ ਦੇ ਬਾਰੇ ਜਾਣਕਾਰੀ ਪ੍ਰਾਪਤ ਕੀਤੀ ਜਾਂਦੀ ਹੈ। ਕ੍ਰਮਬਧ ਢੰਗ ਵਿੱਚ ਇਸ ਤਰਤੀਬ ਦਿੱਤੀ ਜਾਂਦੀ ਹੈ ਅਤੇ ਵਿਅਕਤੀ ਦੇ ਵਿਕਾਸ ਦਾ ਇਕ ਵਿਸਤ੍ਰਿਤ ਇਤਿਹਾਸ ਤਿਆਰ ਕੀਤਾ ਜਾਂਦਾ ਹੈ। ਕੇਸ ਅਧਿਐਨ ਦੇ ਹੇਠ ਲਿਖੇ ਚਰਨ ਹੁੰਦੇ ਹਨ :

### 1.3.4.1 ਕੇਸ ਅਧਿਐਨ ਵਿਧੀ ਦੇ ਪੜਾਅ

1) ਵਿਅਕਤੀ ਬਾਰੇ ਜਾਣਕਾਰੀ-ਉਸਦਾ ਨਾਂ, ਉਮਰ, ਲਿੰਗ, ਵਿਆਹੁਤਾ ਪੱਧਰ, ਸਿੱਖਿਆ, ਕਿੱਤਾ ਅਤੇ ਆਮਦਨ।
2) ਵਿਅਕਤੀ ਦਾ ਬਿਰਤਾਂਤ ਜਿਸ ਵਿੱਚ ਕਿ ਉਸਦੇ ਸਰੀਰਕ, ਮਾਨਸਿਕ, ਸਮਾਜਿਕ ਅਤੇ ਸੰਵੇਗਾਤਕ ਵਿਕਾਸ ਦਾ ਵਿਸਥਾਰ ਵਿਚ ਵਰਨਣ ਹੁੰਦਾ ਹੈ ਅਤੇ ਉਹ, ਮਹੱਤਵਪੂਰਨ ਘਟਨਾਵਾਂ ਜਿਨ੍ਹਾਂ ਨੇ ਉਸਨੂੰ ਜੀਵਨ ਵਿੱਚ ਪ੍ਰਭਾਵਿਤ ਕੀਤਾ ਹੈ, ਦਾ ਜ਼ਿਕਰ ਹੁੰਦਾ ਹੈ।
3) ਵਿਅਕਤੀ ਦੀ ਮੋਜੂਦਾ ਸਥਿਤੀ ਜਿਸ ਵਿੱਚ ਉਸ ਦਾ ਸਰੀਰਕ, ਮਾਨਸਿਕ, ਸਮਾਜਿਕ ਅਤੇ ਸੰਵੇਗਤਾਮਕ ਪੱਧਰ ਅਤੇ ਹਾਵੀ ਲੋੜਾਂ ਦਾ ਵਰਨਣ ਹੁੰਦਾ ਹੈ।

### 1.3.4.2 ਕੇਸ ਅਧਿਐਨ ਦੇ ਲਾਭ

1) ਕੇਸ ਅਧਿਐਨ ਵਿਧੀ ਖਾਸ ਤੋਰ ਤੇ ਸੰਵੇਗਾਤਮਕ ਪਰੇਸ਼ਾਨੀਆਂ, ਪੜ੍ਹਨ ਲਿਖਣ ਦੀਆਂ ਅਯੋਗਤਾਵਾਂ, ਅਸਾਧਾਰਣ ਵਿਅਕਤੀ ਦਾ ਵਿਵਹਾਰ ਡੈਲੀਕੁਐਂਟ (Delinquent) ਵਿਵਹਾਰ ਦੇ ਕਾਰਣ ਦਾ ਅਧਿਐਨ ਕਰਨ ਲਈ ਲਾਭਦਾਇਕ ਹੈ।
2) ਕੇਸ ਅਧਿਐਨ ਵਿਧੀ ਰਾਹੀਂ ਵਿਵਹਾਰ ਅਤੇ ਇਸਨੂੰ ਪ੍ਰਭਾਵਿਤ ਕਰਨ ਵਾਲੇ ਕਾਰਕਾਂ ਬਾਰੇ ਵਧੇਰੀ ਜਾਣਕਾਰੀ ਪ੍ਰਾਪਤ ਹੁੰਦੀ ਹੈ। ਪ੍ਰਯੋਗਾਤਾਮਿਕ ਅਧਿਐਨ ਲਈ ਵਿਚਾਰ ਕੇਸ ਅਧਿਐਨ ਤੋ ਪ੍ਰਾਪਤ ਹੁੰਦੇ ਹਨ।

### 1.3.4.3 ਕੇਸ ਅਧਿਐਨ ਦੇ ਦੋਸ਼

ਕੇਸ ਅਧਿਐਨ ਵਿਅਕਤੀ ਦੇ ਪਿਛੋਕੜ ਤੇ ਮੋਜੂਦਾ ਜੀਵਨ ਦੇ ਵਰਣਨ ਤੇ ਆਧਾਰਿਤ ਹੈ। ਹੋ ਸਕਦਾ ਹੈ ਕਿ ਵਿਅਕਤੀ ਬਾਰੇ ਉਸ ਦੇ ਮਾਪਿਆਂ ਅਤੇ ਸੰਗੀ-ਸਾਥੀਆਂ ਤੋ ਪ੍ਰਾਪਤ ਜਾਣਕਾਰੀ ਵਿਚ ਆਤਮ ਨਿਸ਼ਟਾ ਹੋਵੇ, ਨਿਰਪੱਖਤਾਂ ਅਤੇ ਉਚਿਤਤਾ ਦੀ ਘਾਟ ਹੋਵੇ। ਹੋ ਸਕਦਾ ਹੈ ਕਿ ਵਿਅਕਤੀ ਕੁਝ ਮਹੱਤਵਪੂਰਨ ਘਟਨਾਵਾ ਬਾਰੇ ਜ਼ਿਕਰ ਨਾ ਕਰੇ ਕਿਉਂਕਿ ਉਨ੍ਹਾਂ ਬਾਰੇ ਉਹ ਸ਼ਰਮਸ਼ਾਰ ਹੋਵੇ ਜਾਂ ਉਨ੍ਹਾਂ ਨੂੰ ਉਹ ਭੁੱਲ ਚੁਕਿਆ ਹੋਵੇ।

## 1.3.5 ਸਰਵੇਖਣ ਵਿਧੀ (Survey Method)

ਸਰਵੇਖਣ ਵਿਧੀ ਦੀ ਮਨੋਵਿਗਿਆਨ ਵਿੱਚ ਇੱਕ ਖਾਸ ਮਹੱਤਤਾ ਹੈ। ਇਸ ਵਿੱਚ ਅਧਿਐਨ ਕਰਤਾ ਘੱਟ ਤੋਂ ਘੱਟ ਸਮੇ ਵਿੱਚ ਵੱਧ ਤੋਂ ਵੱਧ ਵਿਅਕਤੀਆਂ ਤੋਂ ਅੰਕੜੇ ਇੱਕਠੇ ਕਰਦਾ ਹੈ। Survey Method ਰਾਹੀਂ ਸਮਾਜਿਕ issues ਜਿਵੇ ਕਿ ਦਹੇਜ ਪ੍ਰਥਾ, ਕਿਸ਼ੋਰਾਂ ਦੇ ਨਸ਼ੇ ਦੀ ਵਰਤੋਂ ਦੇ ਸੰਬੰਧਤ ਸੱਮਸਿਆਵਾਂ, ਲੋਕਾਂ ਦਾ ਸਰਕਾਰ ਪ੍ਰਤੀ ਰਵੱਈਆ (Attitude) , ਇਕ ਖਾਸ ਉਮਰ ਜਿਵੇਂ ਕਿ ਸ਼ਿਸੂ ਦੀਆਂ ਆਦਤਾਂ ਆਦਿ ਦਾ ਅਧਿਐਨ ਕੀਤਾ ਜਾ ਸਕਦਾ ਹੈ। ਸਰਵੇ ਖਣ ਵਿਧੀ ਵਿੱਚ ਸਭ ਤੋਂ ਪਹਿਲਾਂ ਸਮੱਸਿਆ (problem) ਚੰਗੇ ਤਰੀਕੇ ਨਾਲ ਉਸਾਰੀ ਜਾਂਦੀ ਹੈ। ਸਮਸਿਆ ਦੇ ਆਧਾਰ ਤੇ Sample ਲਿਆ ਜਾਂਦਾ ਹੈ। Sampling ਵਿੱਚ ਖਾਸ ਧਿਆਨ ਦਿੱਤਾ ਜਾਂਦਾ ਹੈ, ਕਿ ਹਰ ਵਰਗ ਸ਼ਾਮਿਲ ਹੋਵੇ ਤਾਂ ਕਿ Sample ਉਸ population ਦਾ ਸਹੀ representative ਹੋਵੇ।

ਸਰਵੇਖਣ ਵਿਧੀ ਵਿੱਚ ਅੰਕੜੇ ਹੇਠ ਵਿਧੀਆਂ ਦੁਆਰਾ ਇਕੱਠੇ ਕੀਤੇ ਜਾਂਦੇ ਹਨ।

1. ਇੰਟਰਵਿਊ ਸਰਵੇਖਣ (Interview Survey)
2. ਡਾਕ ਸਰਵੇਖਣ (Mail Survey)
3. ਟੈਲੀਫੂਨ ਸਰਵੇਖਣ (Telephone Survey)

**1. ਟੈਲੀਫੂਨ ਸਰਵੇਖਣ** – ਇਸ ਵਿਧੀ ਵਿੱਚ ਸਮੱਸਿਆ ਦੇ ਬਾਰੇ ਅੰਕੜੇ ਇਕੱਠੇ ਕਰਨ ਲਈ telephone directory ਦੀ ਮਦਦ ਨਾਲ ਲਿਆ ਜਾਂਦਾ ਹੈ। ਟੈਲੀਫੋਨ ਕਰਕੇ ਸਾਰੇ ਵਿਅਕਤੀਆਂ (Sample) ਦਾ ਇੱਕ-ਇੱਕ ਕਰਕੇ ਅਧਿਐਨ ਕਰਤਾ ਇੰਟਰਵਿਊ ਲੈਂਦਾ ਹੈ। ਇੰਟਰਵਿਊ ਕਰਦੇ ਸਮੇਂ ਅਧਿਐਨ ਕਰਤਾ ਸਮੱਸਿਆ ਦੇ ਨਾਲ ਸਬੰਧਤ ਕੁਝ ਪ੍ਰਸ਼ਨ ਪੁਛਦਾ ਹੈ।ਸਾਰੇ ਵਿਅਕਤੀਆਂ ਦੁਆਰਾ ਦਿੱਤੇ ਗਏ ਉੱਤਰਾਂ ਦੇ ਆਧਾਰ ਤੇ ਅਧਿਐਨ ਕਰਤਾ ਇਕ ਨਿਸ਼ਚਤ ਨਿਰਨੇ ਤੇ ਪਹੁੰਚਦਾ ਹੈ। ਭਾਰਤ ਵਿੱਚ ਟੈਲੀਫੂਨ ਸਰਵੇਖਣ ਦਾ ਦੋਸ਼ ਇਹ ਹੈ ਕਿ ਇਹ ਬਹੁਤ ਘੱਟ ਵਿਅਕਤੀਆਂ ਕੋਲ ਟੈਲੀਫੂਨ ਹਨ ਇਸ ਕਰਕੇ ਟੈਲੀਫੂਨ ਸਰਵੇਖਣ ਦਾ ਮਹੱਤਵ ਆਪਣੇ ਆਪ ਵਿਚ ਸੀਮਤ ਹੋ ਜਾਂਦਾ ਹੈ।

2. **ਡਾਕ ਸਰਵੇਖਣ (Mail Survey) :** ਇਸ ਸਰਵੇਖਣ ਵਿਚ ਅਧਿਐਨ ਕਰਤਾ ਡਾਕ ਰਾਹੀਂ ਕੁਝ ਪ੍ਰਸ਼ਨਾਵਲੀ ਵੱਖ ਵੱਖ ਲੋਕਾਂ ਨੂੰ ਭੇਜਦਾ ਹੈ। ਇਨ੍ਹਾਂ ਵਿਅਕਤੀਆਂ ਨੇ ਉੱਤਰ ਲਿਖ ਕੇ ਡਾਕ ਰਾਹੀਂ ਹੀ ਅਧਿਐਨ ਕਰਤਾ ਨੂੰ ਵਾਪਸ ਭੇਜਣਾ ਹੁੰਦਾ ਹੈ ਇਸ ਤਰ੍ਹਾਂ ਡਾਕ ਰਾਹੀਂ ਬਹੁਤ ਦੂਰ ਰਹਿੰਦੇ ਵਿਅਕਤੀਆਂ ਦਾ ਅਧਿਐਨ ਹੋ ਸਕਦਾ ਹੈ। ਇਸ ਵਿਧੀ ਦਾ ਦੋਸ਼ ਹੈ ਕਿ ਇਹ ਬਹੁਤ ਸਮਾਂ ਲੈਂਦੀ ਹੈ ਤੇ ਸਾਰੇ ਵਿਅਕਤੀ ਜ਼ਰੂਰੀ ਨਹੀਂ ਕਿ ਪ੍ਰਸ਼ਨਾਂ ਦਾ ਉੱਤਰ ਦੇ ਕੇ ਡਾਕ ਭੇਜ ਦੇਣ।

3. **ਇੰਟਰਵਿਊ ਸਰਵੇਖਣ (Interview Survey) :** ਇਸ ਵਿਧੀ ਵਿੱਚ ਸਮੱਸਿਆ ਦੇ ਬਾਰੇ ਅੰਕੜੇ ਇਕੱਠੇ ਕਰਨ ਲਈ ਸੈਂਪਲ ਵਿੱਚ ਵਰਨਣ ਕੀਤੇ ਗਏ ਸਾਰੇ ਵਿਅਕਤੀਆਂ ਦਾ ਇੱਕ-ਇੱਕ ਕਰਕੇ ਅਧਿਐਨ ਕਰਤਾ ਇੰਟਰਵਿਊ ਲੈਂਦਾ ਹੈ। ਸਾਰੇ ਵਿਅਕਤੀਆਂ ਦੁਆਰਾ ਦਿੱਤੇ ਗਏ ਉੱਤਰਾਂ ਦੇ ਆਧਾਰ ਤੇ ਅਧਿਐਨ ਕਰਤਾ ਇਕ ਨਿਸਚਤ ਨਿਰਨੇ ਤੇ ਪਹੁੰਚਦਾ ਹੈ।

**ਗੁਣ :-**

ਇਸ ਵਿਧੀ ਦੁਆਰਾ ਘੱਟ ਤੋਂ ਘੱਟ ਸਮੇਂ ਵਿੱਚ ਵੱਧ ਤੋਂ ਵੱਧ ਵਿਅਕਤੀਆਂ ਤੋਂ ਅੰਕੜੇ ਇਕੱਠੇ ਕੀਤੇ ਜਾ ਸਕਦੇ ਹਨ।

**ਔਗੁਣ :-**

ਇਸ ਵਿਧੀ ਦੀ ਵਰਤੋਂ ਸ਼ਿਸ਼ੂਆਂ, ਤੇ ਨਹੀਂ ਕੀਤੀ ਜਾ ਸਕਦੀ। ਇਹ ਬਹੁਤ Valid Method ਨਹੀਂ ਹੈ ਕਿਉਂਕਿ telephone or Mail Survey ਦਾ ਪਤਾ ਨਹੀਂ ਲਗਦਾ ਕਿ ਉਸੇ ਵਿਅਕਤੀ ਨੇ ਜਵਾਬ ਦਿੱਤਾ ਹੈ ਜਾਂ ਕਿਸੇ ਹੋਰ ਨੇ।

## 1.3.6 ਸਾਰ

ਉਪਰੋਕਤ ਚਰਚਾ ਤੋਂ ਬਾਅਦ ਇਹ ਨਤੀਜਾ ਨਿਕਲਦਾ ਹੈ ਕਿ ਸਥਿਤੀ ਅਤੇ ਖੋਜ ਦੇ ਸਰੂਪ ਅਨੁਸਾਰ ਵੱਖ-ਵੱਖ ਵਿਧੀਆਂ ਦੀ ਵਰਤੋਂ ਵੱਖ-ਵੱਖ ਖੋਜਾਂ ਵਿੱਚ ਕੀਤੀ ਜਾ ਸਕਦੀ ਹੈ। ਹਰ ਵਿਧੀ ਦੇ ਕੁਝ ਗੁਣ ਔਗੁਣ ਹਨ। ਪਰੰਤੂ ਸਾਰੀਆਂ ਵਿਧੀਆਂ ਇੱਕ ਦੂਜੇ ਦੀਆਂ ਪੂਰਕ ਹਨ। ਜੇ ਇਨ੍ਹਾਂ ਵਿਧੀਆਂ ਦਾ ਪ੍ਰਯੋਗ ਮਨੋਵਿਗਿਆਨੀਆਂ ਦੁਆਰਾ ਦਰਸਾਏ ਗਏ ਪੜਾਵਾਂ ਅਨੁਸਾਰ ਕੀਤਾ ਜਾਵੇ ਤਾ ਮਨੁੱਖੀ ਵਿਵਹਾਰ ਨੂੰ ਸਮਝਣ ਲਈ ਇਹ ਕਾਫੀ ਹੱਦ ਤੱਕ ਸਫਲ ਹੋ ਸਕਦੀਆਂ ਹਨ।

### ਹਵਾਲਾ ਪੁਸਤਕਾਂ


1. Morgan : A Brief Introduction to Psychology
2. Munn : Introduction to Psychology


### ਸ਼ਬਦਾਰਥ ਸੂਚੀ

**ਨਿਰੀਖਣ ਵਿਧੀ :** ਇੱਕ ਵਿਸ਼ੇਸ਼ ਸਥਿਤੀ ਵਿੱਚ ਵਾਪਰ ਰਹੇ ਵਿਵਹਾਰ ਦੇ ਧਿਆਨਪੂਰਵਕ ਨਿਰੀਖਣ ਨੂੰ ਨਿਰੀਖਣ ਵਿਧੀ ਕਿਹਾ ਜਾਂਦਾ ਹੈ।

**ਪ੍ਰਯੋਗਾਤਮਕ ਵਿਧੀ :** ਇਸ ਵਿਧੀ ਵਿੱਚ ਚਰਾਂ ਦਾ ਯੋਜਨਾਂ ਅਨੁਸਾਰ ਘਟਾ-ਵਧਾ ਕੇ ਨਿਰੀਖਣ ਕੀਤਾ ਜਾਂਦਾ ਹੈ। ਪਹਿਲਾਂ ਤੋਂ ਹੀ ਨਿਸਚਿਤ ਅਤੇ ਨਿਯੰਤਰਤ ਸਥਿਤੀ ਵਿੰਚ ਕਿਸੇ ਘਟਨਾ ਦੇ ਅਧਿਐਨ ਨੂੰ ਪ੍ਰਯੋਗ ਕਿਹਾ ਜਾਂਦਾ ਹੈ।

**ਕੇਸ ਅਧਿਐਨ ਵਿਧੀ :** ਇਸ ਵਿਧੀ ਵਿੱਚ ਕਿਸੇ ਇੱਕ ਵਿਅਕਤੀ ਦਾ ਡੂੰਘਾਈ ਵਿੱਚ ਅਧਿਐਨ ਕੀਤਾ ਜਾਂਦਾ ਹੈ।

## ਅਭਿਆਸ ਪ੍ਰਸ਼ਨਾਵਲੀ - 3

ਪ੍ਰਸ਼ਨ 1. ਨਿਰੀਖਣ ਵਿਧੀ ਤੋਂ ਕੀ ਭਾਵ ਹੈ? ਇਸ ਵਿਧੀ ਦੇ ਮੁੱਖ ਪੜਾਅ ਕਿਹੜੇ ਹਨ?

ਪ੍ਰਸ਼ਨ 2. ਪ੍ਰਯੋਗਾਤਮਕ ਵਿਧੀ ਦਾ ਸੰਖੇਪ ਰੂਪ ਵਿੱਚ ਵਰਨਣ ਕਰੋ।

ਪਾਠ ਨੰ: 1.4

ਡਾ. ਮੁਹਮਦ ਇਰਫਾਨ ਫਾਰੂਕੀ

# ਸਿੱਖਣਾ : ਪਰਿਭਾਸ਼ਾ ਅਤੇ ਸਰੂਪ ,ਕਿਸਮਾਂ , ਸਿੱਖਣ ਨੂੰ ਪ੍ਰਭਾਵਿਤ ਕਰਨ ਵਾਲੇ ਕਾਰਕ

**ਪਾਠ ਬਣਤਰ :**

**1.4.0** ਉਦੇਸ਼
**1.4.1** ਭੂਮਿਕਾ
**1.4.2** ਸਿੱਖਣ ਦੀ ਪਰਿਭਾਸ਼ਾ ਅਤੇ ਸਰੂਪ
**1.4.3** ਸਿੱਖਣ ਦੀਆਂ ਕਿਸਮਾਂ
**1.4.4** ਸਿੱਖਣ ਨੂੰ ਪ੍ਰਭਾਵਿਤ ਕਰਨ ਵਾਲੇ ਕਾਰਕ
**1.4.5** ਸਿੱਟਾ
**1.4.6** ਸ਼ਬਦਾਵਲੀ
**1.4.7** ਹਵਾਲਾ

**ਸਿੱਖਣਾ (Learning)**

## 1.4.0 ਉਦੇਸ਼:-

ਇਸ ਪਾਠ ਨੂੰ ਲਿਖਣ ਦਾ ਉਦੇਸ਼ ਇਹ ਹੈ ਕਿ ਵਿਅਕਤੀ ਜੀਵਨ ਵਿਚ ਕਿਉਂ ਸਿੱਖਦਾ ਹੈ ਅਤੇ ਕਿਵੇਂ ਸਿੱਖਦਾ ਹੈ। ਆਮ ਭਾਸ਼ਾ ਵਿੱਚ ਸਿੱਖਣ ਦਾ ਅਰਥ ਅਤੇ ਮਨੋਵਿਗਿਆਨਿਕ ਅਰਥ ਵਿਚ ਕੀ ਫਰਕ ਹੈ। ਇਸ ਨੂੰ ਕਿਵੇਂ ਪ੍ਰਭਾਸ਼ਿਤ ਕੀਤਾ ਜਾ ਸਕਦਾ ਹੈ। ਵਿਅਕਤੀ ਕਿਸ ਕਿਸ ਤਰ੍ਹਾਂ ਨਾਲ ਸਿੱਖਦਾ ਹੈ ਭਾਵ ਸਿੱਖਣ ਦੀਆਂ ਕਿਸਮਾਂ ਕਿੰਨੀਆਂ ਹਨ ਜਿਨਾਂ ਦੇ ਦੁਆਰਾ ਜੀਵਨ ਵਿਚ ਵੱਖ ਵੱਖ ਸਥਿਤੀਆਂ ਵਿਚ ਕਿਹੜੀਆਂ ਕਿਹੜੀਆਂ ਸਿੱਖਣ ਦੀਆਂ ਕਿਸਮਾਂ ਦੁਆਰਾ ਵਿਅਕਤੀ ਆਪਣੇ ਵੱਖ ਵੱਖ ਕੰਮਾਂ ਨੂੰ ਸਿੱਖਦਾ ਹੈ। ਜਿਹੜਾ ਕੰਮ ਉਹ ਸਿਖ ਰਿਹਾ ਹੁੰਦਾ ਹੈ ਉਸ ਨੂੰ ਪ੍ਰਭਾਵਿਤ ਕਰਨ ਵਾਲੇ ਕਿਹੜੇ ਕਿਹੜੇ ਕਾਰਕ ਅਤੇ ਤੱਤ ਹਨ । ਇਸ ਪਾਠ ਨੂੰ ਪੜ੍ਹਕੇ ਸਾਨੂੰ ਮੁਖ ਤੋਰ ਤੇ ਹੇਠ ਲਿਖੇ ਭਾਗਾਂ ਨੂੰ ਸਮਝਣ ਦਾ ਅਵਸਰ ਮਿਲਦਾ ਹੈ।

(ੳ) ਸਿੱਖਣ ਦਾ ਸਰੂਪ
(ਅ) ਸਿੱਖਣ ਦੀਆਂ ਕਿਸਮਾਂ
(ੲ) ਸਿੱਖਣ ਨੂੰ ਪ੍ਰਭਾਵਿਤ ਕਰਨ ਵਾਲੇ ਤੱਤ

## 1.4.1 ਭੂਮਿਕਾ

ਸਾਡੇ ਜੀਵਨ ਵਿੱਚ ਸਿੱਖਣ ਦੀ ਬਹੁਤ ਹੀ ਮਹੱਤਤਾ ਹੈ। ਅਸੀ ਜੋ ਕੁੱਝ ਕਰਦੇ ਹਾ ਅਤੇ ਜੋ ਕੁੱਝ ਨਹੀ ਕਰਦੇ ਇਹ ਸਭ ਕੁੱਝ ਸਾਡੇ ਸਿੱਖਣ ਤੋਂ ਹੀ ਪ੍ਰਭਾਵਿਤ ਹੁੰਦਾ ਹੈ ।ਇਸ ਤਰ੍ਹਾਂ ਅਸੀ ਕਹਿ ਸਕਦੇ ਹਾਂ ਕੀ ਸਿਖਣਾ ਸਾਡੀ ਸ਼ਖਸੀਅਤ ਅਤੇ ਵਿਵਹਾਰ ਨੂੰ ਇੱਕ ਬਨਤਰ ਜਾਂ ਢਾਂਚੇ ਦਾ ਰੂਪ ਪ੍ਰਧਾਨ ਕਰਦੀ ਹੈ।ਵਿਅਕਤੀ ਆਪਣੇ ਜਨਮ ਤੋਂ ਹੀ ਸਿੱਖਣਾ ਸੁਰੂ ਕਰ ਦਿੰਦਾ ਹੈ ਅਤੇ ਮਰਨ ਤੱਕ ਸਿਖਦਾ ਹੀ ਰਹਿੰਦਾ ਹੈ।ਇਹ ਸਿੱਖਣਾ ਸਿਧੇ ਜਾਂ ਅਸਿਧੇ ਰੂਪ ਵਿਚ ਵਿਅਕਤੀ ਨੂੰ ਪ੍ਰਭਾਵਿਤ ਕਰਦਾ ਹੈ। ਜਿਵੇਂ ਕੀ ਅੱਗ ਲਗਣ ਤੇ ਇਕ ਬੱਚਾ ਆਪਣਾ ਹੱਥ ਜਲਾ ਲੈਂਦਾ ਹੈ ਤਾਂ ਉਹ ਆਪਣੇ ਹੱਥ ਨੂੰ ਅੱਗ ਤੋ ਦੂਰ ਖਿਚਦਾ ਹੈ। ਅਤੇ ਅਗੇ ਤੋਂ ਇਹ ਸਿੱਖ ਜਾਂਦਾ ਹੈ ਕੀ ਅੱਗ ਨੂੰ ਪਕੜਨ ਨਾਲ ਵਿਅਕਤੀ ਜਲਦਾ ਹੈ।ਇਸ ਤਰ੍ਹਾਂ ਬਹੁਤ ਸਾਰੀਆਂ ਜੀਵਨ ਦੀਆਂ ਘਟਨਾਵਾਂ ਅਤੇ ਗੱਲਾਂ ਬਾਰੇ ਉਹ ਸਿਧੇ

ਜਾਂ ਅਸਿਧੇ ਰੂਪ ਵਿਚ ਸਿੱਖਦਾ ਹੈ। ਭਾਵ ਜਦੋਂ ਪੁਰਾਣੇ ਵਿਵਹਾਰ ਵਿਚ ਇਕ ਪਰਿਵਰਤਨ ਜਾਂ ਸੁਧਾਰ ਪੈਦਾ ਹੋ ਜਾਂਦਾ ਹੈ। ਆਮ ਸ਼ਬਦਾਂ ਵਿਚ ਕਹਿ ਦਿਤਾ ਜਾਂਦਾ ਹੈ ।

(The term learning broadly speaking stands for all those changes and modifications in the behaviour of the individual which he under goes from his birth till death).

## 1.4.2 ਸਿੱਖਣ ਦੀ ਪਰਿਭਾਸ਼ਾ ਅਤੇ ਸਰੂਪ

ਮਨੋਵਿਗਿਆਨ ਵਿਚ ਸਿੱਖਣ ਨੂੰ ਵਿਵਹਾਰ ਵਿਚ ਆਏ ਪਰਿਵਰਤਨ ਅਤੇ ਸਿੱਖਣਾ ਨੂੰ ਸਿੱਖਣਾ ਨਹੀ ਕਿਹਾ ਜਾਂਦਾ ਸਗੋਂ ਇਸ ਨੂੰ ਵਿਗਿਆਨਿਕ ਰੂਪ ਵਿਚ ਵਰਨਣ ਕਰਦੇ ਹੋਏ ਮਨੋਵਿਗਿਆਨੀ ਆਖਦੇ ਹਨ ਕੀ ਵਿਵਹਾਰ ਵਿਚ ਆਏ ਪਰਿਵਰਤਨ ਨੂੰ ਸਿੱਖਣਾ ਨਹੀ ਕਿਹਾ ਜਾਂਦਾ ਕਿਉਂਕਿ ਵਿਵਹਾਰ ਵਿਚ ਪਰਿਵਰਤਨ ਥਕਾਵਟ , ਦਵਾਈ ਖਾਣ ਨਾਲ ਬਿਮਾਰੀ ਅਤੇ maturation ਆਦਿ ਨਾਲ ਵੀ ਹੁੰਦਾ ਹੈ। ਪਰ ਅਜਿਹੇ ਪਰਿਵਰਤਨ ਨੂੰ ਸਿੱਖਣਾ ਨਹੀ ਕਿਹਾ ਜਾਂਦਾ ਹੈ। ਮਨੋਵਿਗਿਆਨੀਆਂ ਨੇ ਸਿੱਖਣ ਨੂੰ ਮਨੋਵਿਗਿਆਨਿਕ ਤੋਰ ਤੇ ਪ੍ਰਭਾਸ਼ਿਤ ਕਰਦੇ ਹੋਏ ਕਿਹਾ ਕੀ ਵਿਵਹਾਰ ਵਿਚ ਪਰਿਵਰਤਨ ਜਾਂ ਸੁਧਾਰ ਜਦੋ ਅਭਿਆਸ ਅਤੇ ਅਨੁਭਵ (practice and experience). ਦੁਆਰਾ ਹੋਵੇ ਅਤੇ ਇਹ ਪਰਿਵਰਤਨ ਪੱਕਾ (Permanent) ਵਿਅਕਤੀ ਦੇ ਵਿਵਹਾਰ ਵਿਚ ਰਹੇ ਤਾਂ ਉਸ ਨੂੰ ਸਿੱਖਣਾ ਕਿਹਾ ਜਾਵੇਗਾ।ਇਸੇ ਲਈ ਕਿਹਾ ਜਾਂਦਾ ਹੈ ਕਿ ਇਸ ਤਰ੍ਹਾਂ ਆਇਆ ਪਰਿਵਰਤਨ ਵਿਅਕਤੀ ਦੇ ਸਮਾਯੋਜਨ ਕਰਨ ਵਿਚ ਮੱਦਦ ਕਰਦਾ ਹੈ।

"Learning refers to change in behaviour as a function of practice or experience with a view to make adjustment in the environment".

ਮਨੋਵਿਗਿਆਨੀਆਂ ਨੇ ਸਿਖਣ ਦੀ ਪਰਿਭਾਸ਼ਾਵਾਂ ਨੂੰ ਅਲੱਗ-ਅਲੱਗ ਢੰਗ ਨਾਲ ਦਿਤਾ ਹੈ।ਫਿਰ ਵੀ ਇਨ੍ਹਾਂ ਦੇ ਵਿਚਾਰਾਂ ਵਿਚ ਇਸ term ਨੂੰ ਸਿੱਖਣ (Learning)ਦੇ ਮੂਲ ਅਰਥ ਦੇ ਬਾਰੇ ਵਿਚ ਕਾਫੀ ਕੁੱਝ ਵਰਨਣ ਕੀਤਾ ਹੋਇਆ ਹੈ। ਉਦਾਹਰਨ ਦੇ ਤੌਰ ਤੇ ਕੁੱਝ ਮਨੋਵਿਗਿਆਨੀਆਂ ਦੀਆਂ ਪਰਿਭਾਸ਼ਾਵਾਂ ਨੂੰ ਹੇਠਾਂ ਦਿਤਾ ਜਾ ਰਿਹਾ ਹੈ। ਸਾਰਟੇਨ,ਨੋਰਥ, ਸਟਰੇਜ ਅਤੇ ਚੈਪਮੇਨ(Sartain, North, Strange and chapman,1973 ਦੇ ਅਨੁਸਾਰ "ਸਿਖਣਾ ਇਕ ਅਜਿਹੀ ਪ੍ਰਕਿਰਿਆ ਹੈ ਜਿਸ ਦੁਆਰਾ ਅਭਿਆਸ ਅਤੇ ਅਨੁਭਵ (Practice and experience) ਦੇ ਫਲਸਰੂਪ ਵਿਵਹਾਰ ਵਿਚ ਆਏ ਪੱਕੇ ਤੋਰ ਤੇ ਪਰਿਵਰਤਨ ਨੂੰ ਕਿਹਾ ਜਾਦਾ ਹੈ । (Learning may be defined as the process by which relatively enduring change in behaviour occurs as a result of experience or practice)

ਮੋਰਗਨ, ਕਿੰਗ, ਵੀਸਜ਼ ਅਤੇ ਸਕਾਪਲਰ(Morgan,King,weisz and Schopler,1984)ਦੇ ਅਨੁਸਾਰ ਅਭਿਆਸ ਜਾਂ ਤਜਰਬੇ ਦੇ ਨਤੀਜੇ ਵਜੋ ਵਿਵਹਾਰ ਵਿਚ ਆਏ ਪੱਕੇ ਰੂਪ ਦੇ ਪਰਿਵਰਤਨ ਨੂੰ ਸਿੱਖਣਾ ਕਿਹਾ ਜਾਂਦਾ ਹੈ।

Hilgard **1948** ਦੇ ਅਨੁਸਾਰ "ਸਿੱਖਣਾ ਉਹ ਪ੍ਰਕਿਰਿਆ ਹੈ ਜਿਸ ਦੇ ਨਾਲ ਕਿਰਿਆ ਉਤਪੰਨ ਹੁੰਦੀ ਹੈ ਅਤੇ Training ਦੇ ਫਲਸਰੂਪ ਪਰਿਵਰਤਨ ਹੁੰਦਾ ਹੈ" (Learning is a process by which an activity orginates and is changed through training)

Garret ਦੇ ਅਨੁਸਾਰ ਸਿੱਖਣ ਦਾ ਅਰਥ ਹੈ ਕਿ ਵਿਵਹਾਰ ਨੂੰ ਸੰਗਠਤ ਕਰਨਾ ਹੈ(Learning is an organization)

Guilford ਦੇ ਅਨੁਸਾਰ ਸਿੱਖਣਾ ਅਨੁਭਵ ਦੇ ਸਿੱਟੇ ਵਜੋ ਵਿਵਹਾਰ ਵਿਚ ਪਰਿਵਰਤਨ ਆਉਂਦਾ ਹੈ (Learning is a change in behaviour as a result of experience.)

Kingsley and Garry ਦੇ ਅਨੁਸਾਰ ਸਿੱਖਣਾ ਇਕ ਅਜਿਹੀ ਪ੍ਰਕਿਰਿਆ ਹੈ ਜਿਸ ਦੁਆਰਾ ਜੀਵ ਜਾਂ ਪ੍ਰਾਣੀ ਆਪਣੀ ਲੋੜਾਂ ਦੀ ਪੂਰਤੀ ਲਈ ਕਿਸੇ ਪ੍ਰਿਸਥੀਤੀ ਵਿਚ ਆਪਣੇ ਆਪ ਨੂੰ ਸਮਾਯੋਜਕ ਜਾਂ ਅਨਕੂਲਤ ਕਰਦਾ ਹੈ ਜਿਸ ਵਿਚ ਉਸ ਨੂੰ ਰੁਕਾਵਟਾਂ ਜਾਂ ਅਰਚਨਾ ਤੇ ਕਾਬੂ ਪਾਉਣ ਲਈ ਆਪਣੇ ਵਿਵਹਾਰ ਵਿਚ ਸੋਧ ਕਰਨੀ ਪੈਦੀ

ਹੈ(Learning is a process by which an organism in satisfying his motivation adapts or adjusts to a situation in which it must modify his behaviour in order to over come obstacles and barriers.)

Gates ਦੇ ਅਨੁਸਾਰ ਅਨੁਭਵ ਅਤੇ Training ਨਾਲ ਵਿਵਹਾਰ ਵਿਚ ਸੋਧ ਕਰਨ ਨੂੰ ਸਿੱਖਣਾ ਕਹਿੰਦੇ ਹਨ।(Learning is modification of behaviour through experience and training.)

Hergenhan (1988) ਅਤੇ Kimble ਦੁਆਰਾ ਦਿਤੀ ਗਈ ਪਰਿਭਾਸ਼ਾ ਵਿਚ ਸੁਧਾਰ ਕਰਕੇ ਸਿੱਖਣ ਦੀ ਪਰਿਭਾਸ਼ਾ ਇੰਝ ਦਿਤੀ ਹੈ ਸਿੱਖਣਾ ਵਿਵਹਾਰ ਜਾਂ ਵਿਵਹਾਰਿਕ ਯੋਗਤਾ ਵਿਚ ਪਰਿਵਰਤਨ ਕਰਕੇ ਪੱਕੇ ਤੌਰ ਤੇ ਪਰਿਵਰਤਨ ਹੋਣ ਨਾਲ ਜਿਹੜਾ ਕਿ ਅਨੁਭਵ ਦੇ ਸਿਟੇ ਵਜੋਂ ਆਉਂਦਾ ਹੈ ਨਾ ਕੀ ਅਸਥਾਈ ਤੋਰ ਤੇ ਪੈਦਾ ਹੋਏ ਪਰਿਵਰਤਨ ਜਿਹੜੇ ਕਿ ਬਿਮਾਰੀ ਥਕਾਵਟ ਅਤੇ ਦਵਾਈਆਂ ਦੁਆਰਾ ਪੈਦਾ ਹੁੰਦੇ ਹਨ।

(Learning is a relatively permanent change in behaviour or in a behavioural poentiality that results from experience and cannot be attributed to temporary body states such as those induced by illness, fatigue or drugs).

ਉਪਰ ਦਿਤੀਆਂ ਹੋਈਆਂ ਪਰਿਭਾਸ਼ਾਵਾਂ ਤੋਂ ਇਹ ਪਤਾ ਲਗਦਾ ਹੈ ਕਿ

(ੳ) ਸਿੱਖਣਾ ਵਿਵਹਾਰ ਵਿੱਚ ਪਰਿਵਰਤਨ ਨੂੰ ਕਿਹਾ ਜਾਂਦਾ ਹੈ। (Learning is the change in behaviour).

(ਅ) ਵਿਵਹਾਰ ਵਿੱਚ ਪਰਿਵਰਤਨ ਅਨੁਭਵ ਅਤੇ ਅਭਿਆਸ ਦੇ ਫਲਸਰੂਪ ਹੀ ਬਣਦੇ ਹਨ।(The change in behaviour occurs as a function of practise and experience.)

(ੲ) ਵਿਵਹਾਰ ਵਿੱਚ ਲਗਾਤਾਰ ਪੱਕੇ ਤੋਰ ਤੇ ਪਰਿਵਰਤਨ ਹੁੰਦਾ ਹੈ।(There is relatively permanent change in behaviour.)

## 1.4.3 ਸਿੱਖਣ ਦੀਆਂ ਕਿਸਮਾਂ (Types of Learning)

ਵੱਖ- ਵੱਖ ਮਨੋਵਿਗਿਆਨੀਆਂ ਨੇ ਸਿੱਖਣ ਦੀਆਂ ਵੱਖ- ਵੱਖ ਕਿਸਮਾਂ ਬਾਰੇ ਦੱਸ ਕੇ ਸਿੱਖਣ ਦੀ ਪਰਿਭਾਸ਼ਾ ਨੂੰ ਸਿਧ ਕਰਨ ਦੀ ਕੋਸ਼ਿਸ਼ ਕੀਤੀ ਹੈ। ਕਿ ਵਿਅਕਤੀ ਕਿੰਨੀ ਤਰ੍ਹਾਂ ਦੀ Learningਨੂੰ ਸਿਖਦਾ ਹੈ। ਮੁੱਖ Learning ਦੀਆਂ ਕਿਸਮਾਂ ਹੇਠਾਂ ਦਿਤੀਆਂ ਹਨ:-

- **1.4.3 .1 .** ਗਤੀਆਤਮਕ ਸਿੱਖਣਾ(Motor Learning)
- **1.4.3 .2 .** ਜੁਬਾਨੀ ਸਿੱਖਣਾ (Verbal Learning)
- **1.4.3 .3 .** ਸੰਕਲਪਾਤਮਕ ਸਿੱਖਣਾ (Conceptual Learning)
- **1.4.3 .4 .** ਪ੍ਰਤੱਖਆਤਮਕ ਸਿੱਖਣਾ (Perceptual Learning)
- **1.4.3 .5 .** ਸਹਿਚਾਰੀ ਸਿੱਖਣਾ(Associative Learning)
- **1.4.3 .6 .** ਪ੍ਰਸੰਸਾਤਮਕ ਸਿੱਖਣਾ (Appreciational Learning)
- **1.4.3 .7 .** ਮਨੋਵਿਰਤੀ ਸਿੱਖਣਾ (Attitudinal Learning)

**1.4.3.1 ਗਤੀਆਤਮਕ ਸਿੱਖਣਾ (Motor Learning):-** ਗਤੀਆਤਮਕ ਹੁਨਰ ਦੀਆਂ ਸਾਰੀਆਂ ਕਿਸਮਾਂ ਨੂੰ ਗਤੀਆਤਮਕ ਸਿੱਖਣਾ ਵਿਚ ਸ਼ਾਮਲ ਕੀਤਾ ਜਾਂਦਾ ਹੈ। ਜਿਵੇਂ ਕੀ ਕਿਵੇਂ ਤੈਰਿਆ ਜਾਵੇ, ਕਿਵੇਂ ਘੋੜੇ ਦੀ ਸਵਾਰੀ ਕੀਤੀ ਜਾਵੇ ,ਕਿਵੇਂ ਕਾਰ ਚਲਾਈ ਜਾਵੇ, ਕਿਵੇਂ ਜਹਾਜ ਨੂੰ ਚਲਾਇਆ ਜਾਵੇ , ਕਿਵੇਂ ਗਿਟਾਰ ਨੂੰ ਵਜਾਇਆ ਜਾਵੇ ਆਦਿ। ਸਾਰੀ ਸਿਖਲਾਈ , ਜਿਸ ਵਿਚ ਵਿਅਕਤੀ ਦਾ ਸਰੀਰ ਇਨਾਂ ਨੂੰ ਸਿੱਖਣ ਲਈ ਉਸ ਢੰਗ ਦੀ ਸਿਖਲਾਈ ਨੂੰ ਸਿੱਖਦਾ ਹੈ। ਇਸ ਨੂੰ ਗਤੀਆਤਮਕ ਸਿੱਖਣਾ ਕਿਹਾ ਜਾਂਦਾ ਹੈ। ਜਿਵੇਂ ਕਿ ਬਚਪਨ ਵਿਚ ਜਾਨਵਰ ਅਤੇ ਇਨਸਾਨ ਦੇ ਬੱਚੇ ਆਪਣੇ ਸਰੀਰ ਦੇ ਅੰਗਾਂ ਦੇ ਦੁਆਰਾ ਚੀਜਾਂ ਨੂੰ ਪਕੜਨਾ, ਚਲਣਾ, ਚੜਨਾ ਆਦਿ ਸਿੱਖਦੇ ਹਨ ਤਾਂ ਇਹ ਸਭ ਕੁੱਝ ਸਿੱਖਣਾ ਗਤੀਆਤਮਕ ਸਿੱਖਣ ਵਿਚ ਆਉਂਦਾ ਹੈ।

**1.4.3 .2 ਜ਼ੁਬਾਨੀ ਸਿੱਖਣਾ (Verbal Learning):-** ਜ਼ੁਬਾਨੀ ਸਿੱਖਣਾ (Verbal Learning) ਬਚਪਨ ਤੋਂ ਹੀ ਸ਼ੁਰੂ ਹੋ ਜਾਂਦਾ ਹੈ । ਜਦੋ ਬੱਚਾ ਗੂ-ਗਾਂ ਦੀ ਆਵਾਜ ਕੱਢਣ ਲੱਗਦਾ ਹੈ ਤਾਂ ਉਸੇ ਸਮੇਂ ਤੋ ਜ਼ੁਬਾਨੀ ਸਿੱਖਣ ਦਾ ਆਰੰਭ ਹੋ ਜਾਂਦਾ ਹੈ। ਜ਼ੁਬਾਨੀ ਸਿੱਖਣਾ (Verbal Learning) ਜਿਸ ਨੂੰ ਸ਼ਬਦਾ ਦੇ ਦੁਆਰਾ ਸਮਝਿਆ ਅਤੇ ਸਿੱਖਿਆ ਜਾਂਦਾ ਹੈ ਇਸ ਸਿੱਖਣ ਵਿਚ ਹੱਥਾਂ ਪੈਰਾਂ ਦੀ ਥਾਂ ਜ਼ਬਾਨ ਅਤੇ ਸ਼ਬਦਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਭਾਵ ਕਿਸੇ ਚੀਜ ਜਾਂ ਪਾਠ ਨੂੰ ਸ਼ਬਦਾਂ ਜਾਂ ਜ਼ੁਬਾਨ ਦੇ ਦੁਆਰਾ ਸਿੱਖਿਆ ਅਤੇ ਸਮਝਿਆ ਜਾਂਦਾ ਹੈ। ਇਹ ਬਚਪਨ ਤੋਂ ਸ਼ੁਰੂ ਹੋਕੇ ਪੂਰੀ ਉਮਰ ਲਗਾਤਾਰ ਜਾਰੀ ਰਹਿੰਦਾ ਹੈ। ਆਪਣੀ ਸੋਚ ਵਿਚਾਰਾਂ ਨੂੰ ਵਿਅਕਤੀ ਆਪਣੀ ਜ਼ੁਬਾਨ ਅਤੇ ਸ਼ਬਦਾਂ ਦੁਆਰਾ ਹੀ ਦੂਜਿਆਂ ਤੱਕ ਪਹੁੰਚਾਉਂਦਾ ਹੈ ਕਈ ਵਾਰ ਕੁੱਝ ਗੱਲਾਂ ਜਾਂ ਕੁੱਝ ਸੰਕਲਪ ਦੂਜਿਆਂ ਨੂੰ ਜ਼ੁਬਾਨੀ ਸਿੱਖਣ ਦੇ ਦੁਆਰਾ ਹੀ Transfer ਕਰਦਾ ਹੈ। R.M.Gagne ਨੇ **1970** ਵਿੱਚ "The Condition of Learning" ਕਿਤਾਬ ਵਿਚ Verbal Learning ਦੀਆਂ ਕਿਸਮਾਂ ਬਾਰੇ ਲਿਖਿਆ ਹੈ :-

**1.4.3.2.1 Verbal Association.**

**1.4.3.2.2 Concept Learning.**

**1.4.3.2.3 Rote Learning.**

**1.4.3.2.4 Discriminative Learning.**

**1.4.3.3 ਸੰਕਲਪਆਤਮਕ ਸਿੱਖਣਾ (Conceptual Learning):-** ਸੰਕਲਪਆਤਮਕ ਸਿੱਖਣ ਤੋਂ ਭਾਵ ਜਦੋਂ ਵਿਅਕਤੀ ਆਪਣੀ ਮਾਨਸਿਕ ਯੋਗਤਾ ਦੇ ਦੁਆਰਾ ਆਪਣੇ ਵਿਚਾਰਾਂ ਅਤੇ ਧਾਰਨਾਵਾਂ ਨੂੰ ਬਣਾਉਂਦਾ ਹੈ ਅਤੇ ਉਹਨਾਂ ਨੂੰ ਦੂਜਿਆਂ ਨੂੰ ਸਿਖਾਉਂਦਾ ਹੈ ਜਾਂ ਸਮਝਾਉਂਦਾ ਹੈ, ਉਸ ਨੂੰ ਸੰਕਲਪਆਤਮਕ ਸਿੱਖਣਾ ਕਿਹਾ ਜਾਂਦਾ ਹੈ। ਜਿਵੇਂ ਕਿ ਬੱਚੇ ਦੇ ਦਿਮਾਗ ਵਿਚ ਧਰਮ ਦੇ ਬਾਰੇ ਸਿੱਖਣਾ ਜਾਂ ਜਾਤ-ਪਾਤ ਜਾਂ ਕਿਸੇ ਹੋਰ ਚੀਜਾਂ ਨੂੰ ਸਮਝਣ ਦੇ ਲਈ ਇਕ ਸੰਕਲਪ ਦੇ ਰੂਪ ਵਿਚ ਪੇਸ਼ ਕਰਕੇ ਬੱਚੇ ਨੂੰ ਸਿੱਖਾਇਆ ਜਾਂਦਾ ਹੈ। ਜਿਵੇਂ ਕੀ ਵੱਖ-ਵੱਖ ਧਰਮ (Hindu, Muslim, Sikh)ਆਦਿ ਧਰਮ ਬਾਰੇ ਸਿੱਖਾਉਣ ਲਈ ਉਸ ਦਾ ਸਕੰਲਪ ਜਾਂ Concept ਸਮਝਾਇਆ ਜਾਂਦਾ ਹੈ। ਤੇ ਉਸੇ Concept ਨੂੰ ਮੁੱਖ ਰੱਖ ਕੇ ਉਹ ਬੱਚਾ ਸਿੱਖਦਾ ਹੈ।

**1.4.3.4 ਪ੍ਰਤੱਖਆਤਮਕ ਸਿੱਖਣਾ (Perceptual Learning):-** ਵਾਤਾਵਰਨ ਵਿਚੋਂ ਜਦੋਂ ਵਿਅਕਤੀ ਦੀਆਂ ਗਿਆਨ ਇੰਦਰੀਆਂ (Sense organs) ਵੱਖ-ਵੱਖ ਤਰ੍ਹਾਂ ਦੀ ਸੰਵੇਦਨਾਵਾਂ ਪ੍ਰਾਪਤ ਕਰਦੀਆ ਹਨ। ਅਤੇ ਉਹਨਾ ਸੰਵੇਦਨਾਵਾ ਨੂੰ ਜਦੋਂ ਵਿਅਕਤੀ ਪਹਿਚਾਣ ਲੈਂਦਾ ਹੈ। ਤਾਂ ਉਹ ਪ੍ਰਤੱਖਆਤਮਕ ਸਿੱਖਣਾ ਬਣ ਜਾਂਦੀਆ ਹਨ।

**1.4.3.5 ਸਹਿਚਾਰੀ ਸਿੱਖਣਾ (Associative Learning):-** ਸਹਿਚਾਰੀ ਸਿੱਖਣ ਤੋ ਭਾਵ ਜਦੋ ਵਿਅਕਤੀ ਆਪਣੇ ਭੂਤਕਾਲ ਵਿਚ ਵੱਖ-ਵੱਖ ਘਟਨਾਵਾਂ ਜਾਂ ਗੱਲਾ ਜਾਂ ਸੰਕਲਪਾ ਨੂੰ ਕਿਸੇ ਹੋਰ ਨਾਲ ਜੋੜਦਾ ਹੈ ਤੇ ਉਸ ਆਧਾਰ ਤੇ ਉਸ ਸੰਕਲਪ, ਚੀਜ ਜਾਂ ਕੰਮ ਨੂੰ ਸਿੱਖ ਜਾਂਦਾ ਹੈ। ਤਾਂ ਉਸ ਨੂੰ ਸਹਿਚਾਰੀ ਸਿੱਖਣਾ ਕਹਿੰਦੇ ਹਨ।

**1.4.3.6 ਪ੍ਰਸੰਸਾਤਮਕ ਸਿੱਖਣਾ (Appreciational Learning):-**ਪ੍ਰਸੰਸਾ ਦੁਆਰਾ ਕਿਸੇ ਕੰਮ ਨੂੰ ਸਿੱਖਣਾ ਹੀ ਪ੍ਰਸੰਸਾਤਮਕ ਸਿੱਖਣਾ ਹੈ ਭਾਵ ਜਦੋਂ ਕਿਸੇ ਵਿਅਕਤੀ ਦੇ ਮਾਨਸਿਕ ਅਤੇ ਸਰੀਰਕ ਯੋਗਤਾ ਦੀ ਪ੍ਰਸੰਸਾ ਕੀਤੀ ਜਾਵੇ ਤਾਂ ਉਹ ਚੀਜ ਨੂੰ ਬੜੀ ਜਲਦੀ ਸਿੱਖ ਲੈਂਦਾ ਹੈ। ਪ੍ਰਸੰਸਾ ਇਕ Positive Emotion ਹੈ। ਜਿਸ ਦੁਆਰਾ ਵਿਅਕਤੀ ਕੰਮ ਨੂੰ ਸਿੱਖਦਾ ਹੈ। ਪ੍ਰਸੰਸਾ ਵਿਅਕਤੀ ਵਿਚ ਅੰਤਰਪ੍ਰੇਰਨਾ ਪੈਦਾ ਕਰਦੀ ਹੈ ਜਿਸ ਨਾਲ ਵਿਅਕਤੀ ਦੇ ਅੰਦਰ ਕੰਮ ਨੂੰ ਸਿੱਖਣ ਦੀ ਇੱਛਾ ਅਤੇ ਸ਼ਕਤੀ ਪੈਦਾ ਹੁੰਦੀ ਹੈ ।

**1.4.3.7 ਮਨੋਵਿਰਤੀ ਸਿੱਖਣਾ (Attitudinal Learning):-** ਮਨੋਵਿਰਤੀ ਸਿੱਖਣ ਤੋਂ ਭਾਵ ਸਾਡੇ ਅੰਦਰ ਜਿਸ ਤਰ੍ਹਾਂ ਦਾ ਦ੍ਰਿਸ਼ਟੀਕੋਣ ਹੋਵੇਗਾ ਉਸੇ ਤਰ੍ਹਾਂ ਦਾ ਅਸੀ ਆਪਣੇ ਵਿਵਹਾਰ ਵਿਚ ਪਰਿਵਰਤਨ ਲਿਆਵਾਂਗੇ। ਭਾਵ ਉਸੇ ਤਰ੍ਹਾਂ ਦਾ ਸਾਡਾ ਸਿੱਖਣਾ (Learning) ਹੋ ਜਾਵੇਗਾ । ਜੇ ਅਸੀ ਮਾਂ-ਬਾਪ ਪ੍ਰਤੀ Positive ਹਾਂ ਤਾਂ ਅਸੀ ਆਪਣੇ ਵਿਵਹਾਰ ਵਿਚ ਹਰ ਸਮੇਂ ਸੇਵਾ ਵਿਚ ਅਤੇ ਹੁਕਮ ਮੰਨਣ ਲਈ ਤਿਆਰ ਰਹਾਂਗੇ ਅਤੇ ਜੇਕਰ ਸਾਡਾ Attitude negative ਹੋਵੇਗਾ ਤਾਂ ਸਾਡੀ ਸਿੱਖਣ(Learning) ਮਾਤਾ-ਪਿਤਾ ਪ੍ਰਤੀ ਵਧੀਆ ਨਹੀ ਹੋਵੇਗੀ।

**1.4.4 ਸਿੱਖਣ ਨੂੰ ਪ੍ਰਭਾਵਿਤ ਕਰਨ ਵਾਲੇ ਕਾਰਕ (Factors Affecting Learning/determinants)**

ਉਹ ਤੱਤ ਜਿਹੜੇ ਸਿੱਖਣ ਦੀ ਪ੍ਰਕਿਰਿਆ ਨੂੰ ਚੰਗਾ ਬਣਾਉਂਦੇ ਹਨ ਜਾਂ ਸੁਧਾਰਦੇ ਹਨ ਜਾਂ ਗਲਤੀਆ ਨੂੰ ਸਹੀ ਕਰਦੇ ਹਨ ਜਾਂ ਵਿਵਹਾਰ ਵਿੱਚ ਸਕਿਲ(Skill) ਪੈਦਾ ਕਰਦੇ ਹਨ ਨੂੰ ਸਿੱਖਣ ਨੂੰ ਪ੍ਰਭਾਵਿਤ ਕਰਨ ਵਾਲੇ ਕਾਰਕ ਕਿਹਾ ਜਾਂਦਾ ਹੈ । ਅਜਿਹੇ ਤਰੀਕੇ ਜਿਹੜੇ ਸਿੱਖਣ ਨੂੰ ਪ੍ਰਭਾਵਿਤ ਕਰਨ ਵਿਚ ਮਹੱਤਵ ਰੱਖਦੇ ਹਨ ।ਉਹ ਵਿਅਕਤੀ ਦੇ ਨਿੱਜੀ ਜੀਵਨ ਤੇ ਵੀ ਨਿਰਭਰ ਕਰਦੇ ਹਨ, ਕੰਮ ਦੇ ਉਤੇ ਵੀ ਨਿਰਭਰ ਕਰਦੇ ਹਨ, ਅਤੇ ਨਾਲ ਹੀ ਉਸ ਦੀ ਵਿਧੀ ਤੇ ਵੀ ਨਿਰਭਰ ਕਰਦੇ ਹਨ। ਇਸ ਤਰ੍ਹਾਂ ਅਸੀ ਕਹਿ ਸਕਦੇ ਹਾਂ ਕਿ ਸਿਖਣ ਨੂੰ ਪ੍ਰਭਾਵਿਤ ਕਰਨ ਵਾਲੇ ਤੱਤ ਤਿੰਨ ਭਾਗਾਂ ਵਿਚ ਵੰਡੇ ਜਾਦੇ ਹਨ:-

**1.4.4.1 ਨਿਜੀ ਤੱਤ (Individual Factors)**

**1.4.4.2 ਕਾਰਜ ਤੱਤ (Task Factors)**

**1.4.4.3 ਸਿੱਖਣ ਦੀ ਵਿੱਧੀ (Methods of Learning)**

**1.4.4.1 ਨਿਜੀ ਤੱਤ (Individual Factors):-** ਇਸ ਤਰ੍ਹਾਂ ਦੇ ਤੱਤ ਜਿਨਾਂ ਦਾ ਸੰਬੰਧ ਕਿਸੇ ਵਿਅਕਤੀ ਦੀ ਨਿਜੀ ਵਿਸ਼ੇਸ਼ਤਾਈਆਂ ਤੋਂ ਹੁੰਦਾ ਹੈ ਸਿੱਖਣ ਨੂੰ ਪ੍ਰਭਾਵਿਤ ਕਰਨ ਵਾਲੇ ਨਿਜੀ ਤੱਤ ਕਹਿਲਾਉਦੇਂ ਹਨ। ਇਹ ਕਈ ਤਰ੍ਹਾਂ ਦੇ ਹੋ ਸਕਦੇ ਹਨ :

**1.4.4.1.1 ਬੁੱਧੀ (Intelligence)**

**1.4.4.1.2 ਅੰਤਰ ਪ੍ਰੇਰਨਾ (Motivation)**

**1.4.4.1.3 ਸ਼ਖਸ਼ੀਅਤ( Personality)**

**1.4.4.1.4 ਸੰਵੇਗ( Emotion )**

**1.4.4.1.5 ਪਰਪੱਕਤਾ(Maturation)**

**1.4.4.1.6 ਉਮੀਦਾਂ( Expectation)**

**1.4.4.1.1 ਬੁੱਧੀ (Intelligence) :-** ਬੁੱਧੀ ਦਾ ਸੰਬੰਧ ਯੋਗਤਾ ਅਤੇ ਲੋੜ ਪ੍ਰਾਪਤੀ (Achievement) ਦੇ ਨਾਲ ਹੈ। ਜਿਸ ਵਿਅਕਤੀ ਵਿਚ ਕਿਸੇ ਖਾਸ ਕੰਮ ਨੂੰ ਸਿੱਖਣ ਦੀ ਯੋਗਤਾ ਪਾਈ ਜਾਵੇਗੀ । ਉਹ ਨਾ ਸਿਰਫ ਉਨਾਂ ਹੀ ਜਲਦੀ ਕੰਮ ਨੂੰ ਸਿਖੇਗਾ ਸਗੋਂ ਉਹ Learning ਨੂੰ ਬਹੁਤ ਜਿਆਦਾ ਚੰਗੀ ਤਰ੍ਹਾਂ ਨਾਲ ਕਰ ਲਵੇਗਾ । ਅਜਿਹਾ ਕੰਮ ਯੋਗਤਾ ਦੇ ਕਾਰਨ ਪੂਰੀ ਤਰ੍ਹਾਂ ਠੀਕ ਹੋ ਜਾਵੇਗਾ। ਇਸ ਤੋਂ ਇਲਾਵਾ ਸਿੱਖਣ ਵਿਚ ਲੋੜ ਪ੍ਰਾਪਤ (Achievement) ਦੀ ਪ੍ਰਕਿਰਿਆ ਵੀ ਬਹੁਤ ਮਹੱਤਤਾ ਰੱਖਦੀ ਹੈ। ਚੰਗੇ ਵਾਤਾਵਰਨ ਨਾਲ ਚੰਗਾ ਸਿੱਖਣਾ ਪੈਦਾ ਹੋ ਜਾਂਦਾ ਹੈ। ਸਿੱਖਣ ਦੇ ਨਿਯਮਾਂ ਦੇ ਨਾਲ (ਭਾਵ Law of exercise, Law of Effect, Law of Readiness) Learning ਬਹੁਤ ਜਲਦ ਹੋ ਜਾਂਦੀ ਹੈ ਅਤੇ ਇਸ ਤਰ੍ਹਾਂ ਘਟੀਆ ਵਾਤਾਵਰਨ ਦੀ ਕਿਰਿਆ ਨਾਲ ਰੁਕਾਵਟ ਪੈਦਾ ਹੁੰਦੀ ਹੈ।

**1.4.4.1.2 ਅੰਤਰ ਪ੍ਰੇਰਨਾ (Motivation):-**ਸਿੱਖਣ ਵਿਚ ਅੰਤਰ ਪ੍ਰੇਰਨਾ ਇਕ ਖਾਸ ਰੋਲ ਅਦਾ ਕਰਦੀ ਹੈ। ਇਹ ਇਕ ਉਹ ਪ੍ਰਕਿਰਿਆ ਹੈ ਜੋ ਵਿਅਕਤੀ ਵਿਚ ਬੇਚੈਨੀ ਪੈਦਾ ਕਰਦਾ ਹੈ ਤਾਂ ਕਿ ਉਹ ਸਿੱਖੇ ਅਤੇ ਉਸ ਸਮੇਂ

ਤੱਕ ਲਗਾਤਾਰ ਇਸ ਸਥਿਤੀ ਵਿਚ ਰਹਿੰਦਾ ਹੈ ਜਦੋਂ ਤੱਕ ਵਿਅਕਤੀ ਕੰਮ ਨੂੰ ਸਿਖ ਨਹੀਂ ਲੈਂਦਾ । ਅੰਤਰ ਪ੍ਰੇਰਨਾ (Motivation) ਦੋ ਤਰੀਕਿਆਂ ਨਾਲ ਸਿੱਖਣ ਨੂੰ ਪ੍ਰਭਾਵਿਤ ਕਰਦੀ ਹੈ ਅੰਦਰਮੁੱਖੀ ਅੰਤਰ ਪ੍ਰੇਰਨਾ (Internal Motivation )ਅਤੇ ਬਾਹਰਮੁੱਖੀ ਅੰਤਰ ਪ੍ਰੇਰਨਾ( External Motivation) । ਕਦੇ ਵਿਅਕਤੀ ਵਾਤਾਵਰਨ ਨੂੰ ਦੇਖ ਕੇ ਅੰਤਰ ਪ੍ਰੇਰਨਾ ਪ੍ਰਾਪਤ ਕਰਦਾ ਹੈ ਅਤੇ ਕਦੇ ਵਿਅਕਤੀ ਦੇ ਅੰਦਰੋਂ ਹੀ ਅੰਤਰ ਪ੍ਰੇਰਨਾ ਪੈਦਾ ਹੋ ਜਾਂਦੀ ਹੈ। ਜਿਵੇਂ ਕੀ ਜਦੋ ਬੱਚਾ ਹੋਸਟਲ ਵਿਚ ਰਹਿੰਦਾ ਹੈ ਅਤੇ ਲਾਈਬਰੇਰੀ ਜਾਂਦਾ ਹੈ ਤੇ ਉਥੇ ਸਾਰਿਆਂ ਨੂੰ ਪੜਦੇ ਹੋਏ ਦੇਖ ਕੇ ਉਸ ਦੇ ਅੰਦਰ ਵੀ ਬਾਹਰਲੀ ਪ੍ਰੇਰਨਾ ਪੈਦਾ ਹੋ ਜਾਂਦੀ ਹੈ ਅਤੇ ਕਈ ਵਿਦਿਆਰਥੀ ਅਜਿਹੇ ਹੁੰਦੇ ਹਨ ਜਿਨਾ ਦੇ ਅੰਦਰ ਪੜਨ ਦਾ ਸ਼ੋਂਕ ਹੁੰਦਾ ਹੈ। ਉਹ ਆਪਣੇ ਆਪ ਹੀ ਵਿਦਿਆ ਪ੍ਰਾਪਤ ਕਰਦੇ ਹਨ । ਚਾਹੇ ਕੋਈ ਦੂਸਰਾ ਪੜ ਰਿਹਾ ਹੈ ਜਾਂ ਨਹੀਂ ਉਹ ਆਪਣਾ ਸਮਾਂ ਪੜ੍ਹਾਈ ਵਿਚ ਹੀ ਗੁਜਾਰਦੇ ਹਨ। ਇਸ ਤਰ੍ਹਾਂ ਅਸੀ ਕਹਿ ਸਕਦੇ ਹਾਂ ਅੰਤਰ ਪ੍ਰੇਰਨਾ ਕਿਸੇ ਵੀ ਕੰਮ ਨੂੰ ਚੰਗੀ ਤਰ੍ਹਾਂ ਸਿੱਖਣ ਵਿਚ ਪੂਰਾ ਰੋਲ ਅਦਾ ਕਰਦੀ ਹੈ।

**1.4.4.1.3 ਸ਼ਖਸ਼ੀਅਤ ( Personality):-** ਹਰ ਵਿਅਕਤੀ ਦੀ ਆਪਣੀ ਹੀ ਸ਼ਖਸ਼ੀਅਤ ਹੁੰਦੀ ਹੈ। ਜਿਸ ਨੂੰ ਅਸੀ Unique Personality ਕਹਿੰਦੇ ਹਾਂ ਭਾਵ ਹਰ ਵਿਅਕਤੀ ਵਿਚ ਸਿੱਖਣ ਦਾ ਜਜ਼ਬਾ ਪਾਇਆ ਜਾਂਦਾ ਹੈ। ਕਿਸੇ ਵਿਚ ਘੱਟ ਅਤੇ ਕਿਸੇ ਵਿਚ ਜਿਆਦਾ ਅਤੇ ਹਰ ਵਿਅਕਤੀ ਆਪਣੇ ਅਨੁਸਾਰ ਹੀ ਸਿੱਖਦਾ ਹੈ। ਉਹ ਆਪਣੀ ਯੋਗਤਾ ਆਪਣੀ ਕਾਰਜ ਵਿਧੀ ਆਪਣੀ ਕਾਮਯਾਬੀ ਅਤੇ ਨਾਕਾਮੀ ਨੂੰ ਆਪਣੇ ਹੀ ਢੰਗ ਨਾਲ ਬਿਆਨ ਕਰਦਾ ਹੈ। ਦੇਖਿਆ ਗਿਆ ਹੈ ਕਿ ਕਾਮਯਾਬੀ ਵਿਚ ਵਿਅਕਤੀ ਹਮੇਸ਼ਾ ਆਪਣੀ ਬੁੱਧੀ, ਯੋਗਤਾ, ਮਿਹਨਤ, ਤਰੀਕੇ ਆਦਿ ਦੀ ਹੀ ਪ੍ਰਸੰਸਾ ਕਰਦਾ ਹੈ। ਅਤੇ ਨਾਕਾਮੀ ਨੂੰ External Factor ਤੇ ਸੁੱਟ ਦਿੰਦਾ ਹੈ ਜਿਵੇਂ ਕਿ ਕੰਮ ਬਹੁਤ ਕਠਿਨ ਸੀ। ਅਧਿਆਪਕ ਮੇਰੇ ਵਿਰੁੱਧ ਸੀ । ਰੇਫਰੀ ਸਾਡੇ ਉਲਟ ਸੀ।

ਹਰ ਵਿਅਕਤੀ ਵਿਚ ਜਾਗਰੁੱਪਤਾ (Arousal) ਦੀ ਪ੍ਰਕਿਰਿਆ ਪਾਈ ਜਾਂਦੀ ਹੈ। ਜਿਹੜੀ ਕੀ ਉਸ ਵਿਚ ਬੇਚੇਨੀ ਅਤੇ ਪ੍ਰੇਸ਼ਾਨੀ ਪੈਦਾ ਕਰਦੀ ਹੈ ਕਿ ਉਸ ਮਕਸਦ ਨੂੰ ਪ੍ਰਾਪਤ ਕੀਤਾ ਜਾਵੇ। ਇਸ ਲਈ ਜਰੂਰੀ ਹੈ ਕਿ High Level of Arousal ਵਿਅਕਤੀ ਨੂੰ Learning ਚੰਗੀ ਤਰ੍ਹਾਂ ਕਰਨ ਵਿਚ ਮਦਦ ਕਰਦਾ ਹੈ।

**1.4.4.1.4 ਸੰਵੇਗ( Emotion ):-** ਇਹ ਇਕ ਅਜਿਹੀ ਹਾਲਤ ਦਾ ਨਾਂ ਹੈ ਜਿਸ ਵਿਚ ਅਕਲ ਅਤੇ ਸਮਝ ਆਪਣਾ ਸਾਥ ਛੱਡ ਦਿੰਦੀ ਹੈ ਅਤੇ ਸੰਵੇਗ ਜਾਂ ਜਜ਼ਬਾਤ ਦੀ ਰੂਹ ਵਿਚ ਬੈਠ ਕੇ ਫੈਸਲੇ ਕੀਤੇ ਜਾਂਦੇ ਹਨ। ਅਜਿਹਾ ਵਿਅਕਤੀ ਪ੍ਰੇਸ਼ਾਨੀ ਵਾਲੀ ਪ੍ਰਕਿਰਿਆ ਦੇ ਨਾਲ Learning ਪ੍ਰਾਪਤ ਕਰਦਾ ਹੈ। ਇਸ ਤਰ੍ਹਾਂ ਦੀ Learning ਬਹੁਤ ਜਲਦੀ ਕਰਦਾ ਹੈ। ਪਰ ਬਹੁਤ ਘੱਟ ਸਮੇਂ ਯਾਦ ਰਹਿੰਦਾ ਹੈ ਇਸ ਵਿਚ ਡਰ, ਬੇਚੈਨੀ, ਬੇਯਕੀਨੀ ਅਤੇ ਭੈਅ ਆਦਿ ਪਾਇਆ ਜਾਂਦਾ ਹੈ ।ਇਸ ਦੀ ਉਦਾਹਰਨ, ਜਿਵੇ ਇਮਤਿਹਾਨ ਦਾ ਡਰ ਕਾਰਨ ਇਮਤਿਹਾਨ ਵਾਲੇ ਕਮਰੇ ਵਿਚ ਚੀਜਾ ਦਾ ਭੁੱਲ ਜਾਣਾ । ਇਸ ਤਰ੍ਹਾਂ ਦੀ Learning ਦੇ ਸਮੇਂ ਨਾਕਾਮਯਾਬੀ ਹੀਣਤਾ , ਬਹੁਤ ਜ਼ਿਆਦਾ ਮੁਕਾਬਲੇਬਾਜੀ ਅਤੇ ਬੇਇਜਤੀ ਆਦਿ ਵੀ ਸੰਵੇਗ ਪੈਦਾ ਕਰਦੀ ਹੈ। ਜਿਸ ਦੇ ਕਾਰਨ ਵਿਅਕਤੀ ਆਪਣੀ ਯੋਗਤਾ ਦੇ ਅਨੁਸਾਰ ਆਪਣੀ Performance ਨੂੰ ਚੰਗਾ ਬਣਾਉਣ ਦੀ ਕੋਸ਼ਿਸ਼ ਕਰਦਾ ਹੈ।

ਕਈ ਵਾਰ ਕਿਸੇ ਖਾਸ ਘਟਨਾ ਵਿਚ ਸੰਵੇਗ ਸਿੱਖਣ ਲਈ ਬਹੁਤ ਚੰਗਾ ਸਾਬਤ ਹੁੰਦਾ ਹੈ ਅਤੇ ਇਸ ਵਿਚ Learning ਬਹੁਤ ਤੇਜ਼ ਹੋ ਜਾਂਦੀ ਹੈ ਅਤੇ Performance ਬਹੁਤ ਜਿਆਦਾ ਵੱਧ ਜਾਂਦੀ ਹੈ। ਪਰ ਇਸ ਘਟਨਾ ਦੇ ਗੁਜਰਣ ਦੇ ਬਾਅਦ ਵਿਅਕਤੀ ਤੇ ਬੁਰਾ ਅਸਰ ਪੈਂਦਾ ਹੈ ਜਿਵੇ ਇੰਟਰਵਿਓ ਜਾਂ ਕੰਮਪੀਟੀਸ਼ਨ ਵਿਚ ਵਿਅਕਤੀ ਬਹੁਤ ਵਧੀਆ Performance ਕਰਨ ਦੀ ਕੋਸ਼ਿਸ਼ ਕਰਦਾ ਹੈ।

**1.4.4.1.5 ਪਰਪੱਕਤਾ(Maturation):-** ਸਰੀਰਕ ਉਮਰ ਦੇ ਨਾਲ-ਨਾਲ ਅੰਗਾਂ ਵਿਚ ਵੀ ਪਰਿਵਰਤਨ ਆਉਂਦੇ ਰਹਿੰਦੇ ਹਨ। ਇਕ ਖਾਸ ਉਮਰ ਵਿਚ ਇਕ ਖਾਸ Learning ਹੀ ਕੀਤੀ ਜਾ ਸਕਦੀ ਹੈ। ਜਿਵੇਂ ਕੀ ਇਕ ਸਾਲ ਦਾ ਬੱਚਾ ਸਾਈਕਲ ਚਲਾਉਣੀ ਨਹੀ ਸਿੱਖ ਸਕਦਾ ਕਿਉਂਕਿ ਉਸ ਦੇ ਸਰੀਰ ਦੇ ਅੰਗ ਉਨੇ ਮੈਚੋਅਰ ਨਹੀ ਹੋਏ । ਇਸੇ ਤਰ੍ਹਾਂ ਜਿਉ-ਜਿਉ ਬੱਚਾ ਵੱਡਾ ਹੁੰਦਾ ਜਾਂਦਾ ਹੈ ਉਸ ਵਿਚ Super Ego ਪੈਦਾ ਹੁੰਦੀ ਜਾਂਦੀ ਹੈ ਜਿਸ

ਨਾਲ ਉਸ ਦੇ ਇਰਾਦਿਆ ਅਤੇ ਉਸ ਦੇ ਕੰਮਾਂ ਵਿੱਚ ਸੁਧਾਰ ਪੈਦਾ ਹੁੰਦਾ ਹੈ ਜਿਵੇਂ ਜਿਵੇਂ ਮੈਚੋਰੇਸ਼ਨ ਵਧਦੀ ਹੈ ਉਸੇ ਤਰ੍ਹਾਂ Learning ਵੀ ਚੰਗੀ ਹੁੰਦੀ ਹੈ ਪਰ ਜਦੋਂ ਵਿਅਕਤੀ (mature) ਜ਼ਿਆਦਾ ਹੋ ਜਾਂਦਾ ਹੈ ਤਾਂ ਸਿੱਖਣ ਤੇ ਵੀ ਬੁਰਾ ਅਸਰ ਪੈਣਾ ਸ਼ੁਰੂ ਹੋ ਜਾਂਦਾ ਹੈ।

**1.4.4.1.6 ਉਮੀਦਾਂ ( Expectation) :-** ਹਰ ਵਿਅਕਤੀ ਆਪਣੀ ਯੋਗਤਾ ਦੇ ਬਾਰੇ ਜਾਣੂ ਹੁੰਦਾ ਹੈ। ਉਸ ਨੂੰ ਆਪਣੀਆਂ ਵਿਸ਼ੇਸ਼ਤਾਈਆਂ ਅਤੇ ਕਮੀਆਂ ਦਾ ਪਤਾ ਹੁੰਦਾ ਹੈ ਜਿਸ ਨਾਲ ਉਸ ਨੂੰ ਆਪਣੇ ਬਾਰੇ ਉਮੀਦਾਂ ਸਥਾਪਿਤ ਕਰਨ ਵਿਚ ਮਦਦ ਮਿਲਦੀ ਹੈ ਇਹ ਉਮੀਦਾਂ ਉਸ ਵਿਚ Learning ਦੇ ਪੱਧਰ ਨੂੰ ਲਾਗੂ ਕਰਦੀਆਂ ਹਨ । ਦੇਖਿਆ ਗਿਆ ਹੈ ਕਿ ਅਸੀ ਕਿਸੇ ਵਿਅਕਤੀ ਦੇ ਬਾਰੇ ਉਮੀਦਾਂ ਰੱਖਦੇ ਹਾਂ ਉਸ ਤੇ ਪੂਰਾ ਉਤਰਣ ਦੀ ਕੋਸ਼ੀਸ਼ ਕਰਦੇ ਹਾਂ। ਐਸੀ ਪ੍ਰਕਿਰਿਆ ਨੂੰ Self fulfilling Prophecy ਕਿਹਾ ਜਾਂਦਾ ਹੈ । ਇਕ ਤਜਰਬੇ ਵਿਚ ਔਰਤਾਂ ਦੇ ਦੋ ਗਰੁੱਪ ਬਣਾਏ ਗਏ । ਪਹਿਲੇ ਗਰੁੱਪ ਨੂੰ ਕਿਹਾ ਗਿਆ ਔਰਤਾਂ ਮਰਦਾਂ ਜਿੰਨੀ ਬੁੱਧੀ ਰੱਖਦੀਆ ਹਨ ਅਤੇ ਹਿਸਾਬ ਕਿਤਾਬ ਵਿਚ ਮਰਦਾਂ ਦਾ ਮੁਕਾਬਲਾ ਕਰਦੀਆਂ ਹਨ ਅਤੇ ਦੁਜੇ ਗਰੁੱਪ ਨੂੰ ਕਿਹਾ ਗਿਆ ਕਿ ਔਰਤਾਂ ਹਿਸਾਬ ਕਿਤਾਬ ਵਿਚ ਨਾਲਾਈਕ ਹੁੰਦੀਆਂ ਹਨ। ਅਤੇ ਆਦਮੀਆਂ ਨਾਲੋ ਘੱਟ ਸਿਖਦੀਆਂ ਹਨ ।

ਔਰਤਾ ਦੇ ਦੋਨਾਂ ਗਰੁੱਪਾਂ ਨੂੰ ਆਦਮੀਆਂ ਨਾਲ ਸਿੱਖਾਇਆ ਗਿਆ ਪਹਿਲੇ ਗਰੁੱਪ ਦੀਆਂ ਔਰਤਾਂ ਨੂੰ ਹਰ ਟੈਸਟ ਦੇ ਬਾਅਦ ਦੱਸਿਆ ਗਿਆ ਕਿ ਉਨਾਂ ਦੀ Performance ਮਰਦਾਂ ਦੇ ਬਰਾਬਰ ਹੈ। ਪਹਿਲਾਂ-ਪਹਿਲਾਂ ਤਾਂ ਔਰਤਾਂ ਦੀ Performance ਆਦਮੀਆਂ ਨਾਲੋ ਘੱਟ ਸੀ ਪਰ ਹੋਲੀ- ਹੋਲੀ ਆਦਮੀਆਂ ਦੇ ਬਰਾਬਰ ਆ ਗਈ । ਜਦੋ ਕੀ ਦੁਜੇ ਗਰੁੱਪ ਵਾਲੀਆਂ ਔਰਤਾਂ ਨੂੰ ਹਰ ਟੈਸਟ ਦੇ ਬਾਅਦ ਦੱਸਿਆ ਗਿਆ ਕਿ ਉਨਾਂ ਦੀ Performance ਮਰਦਾਂ ਨਾਲੋ ਘੱਟ ਸੀ ਭਾਵ ਪਹਿਲਾਂ-ਪਹਿਲਾਂ ਔਰਤਾਂ ਦੀ Performance ਉਸ ਨਾਲੋ ਵੀ ਬੁਰੀ ਹੁੰਦੀ ਗਈ । ਇਸ ਤਰ੍ਹਾਂ ਉਮੀਦ ਦਾ ਅਸਰ ਵਿਅਕਤੀ ਦੇ ਸਿੱਖਣ ਤੇ ਪੈਂਦਾ ਹੈ।

**1.4.4.2 ਕਾਰਕ ਤੱਤ (Task Factors)**:-

ਸਿੱਖਣ ਦਾ ਸੰਬਧ ਉਹਨਾ ਕਾਰਜਾਂ ਨਾਲ ਵੀ ਹੈ ਜਿਹਨਾਂ ਨੂੰ ਵਿਅਕਤੀ ਸਿੱਖਣਾ ਚਾਹੁੰਦਾ ਹੈ। ਇਹਨਾਂ ਕਾਰਜਾ ਦਾ ਸਰੂਪ, ਮਹੱਤਤਾ, ਲੰਬਾਈ , ਮਨਸਾ(ਵਿਸ਼ਾ),ਅਰਥ ਆਦਿ ਸਿੱਖਣ ਦੇ ਲਈ ਸ਼ਾਮਲ ਹੁੰਦੇ ਹਨ । ਜਿਹੜੇ ਹੇਠ ਲਿਖੇ ਹਨ:-

**1.4.4.2.1 ਕਾਰਜ ਦਾ ਸਰੂਪ (Nature of Task):-** ਸਿੱਖਣ ਨੂੰ ਪ੍ਰਭਾਵਿਤ ਕਰਨ ਵਾਲੇ ਤੱਤਾਂ ਵਿਚ ਸਿੱਖਣ ਦੀ ਸੂਰਤ, ਸ਼ਕਲ ਅਤੇ ਹਾਲਤ ਦੀ ਵੀ ਬਹੁਤ ਮਹੱਤਤਾ ਹੈ। ਇਹ ਇਸ ਗੱਲ ਦਾ ਵਿਸਲੇਸ਼ਣ ਕਰਦੇ ਹਨ। ਜੋ ਕਾਰਜ ਕੀਤਾ ਜਾ ਰਿਹਾ ਹੈ ਉਹ ਕਿਸ ਪ੍ਰਕਾਰ ਦਾ ਹੈ ਕਿ ਉਸ ਨੂੰ ਜੁਬਾਨੀ, ਮੂੰਹ ਨਾਲ ਹੀ ਸਿੱਖਣਾ ਹੈ ਜਾਂ ਉਸ ਨੂੰ ਆਪਣੇ ਹੱਥਾ, ਪੈਰਾ, ਅੱਖਾਂ ਦਾ ਵੀ ਪ੍ਰਯੋਗ ਕਰਕੇ ਸਿੱਖਣਾ ਹੈ । ਇਸ ਲਈ ਇਸ ਵਿਚ ਦੋ ਤਰ੍ਹਾਂ ਦੀ Learning ਦਾ ਸਰੂਪ ਸ਼ਾਮਿਲ ਹੈ ਪਹਿਲਾ ਜਬਾਨੀ ਸਿੱਖਣਾ (Verbal Learning), ਜਿਸ ਵਿਚ ਸੰਕਲਪ ਸਿੱਖਣਾ(Concept Learning), ਸਿਧਾਂਤ ਬਾਰੇ ਸਿੱਖਣਾ (Rule Learning), ਵਖਰਾਪਣ ਸਿੱਖਣਾ (Discrimination Learning), ਹੈ।

ਦੂਸਰੀ Learning ਵਿਚ ਮਹਾਰਤ ਸਿੱਖਣਾ (skill Learning) ਜਿਸ ਵਿਚ ਗਤੀ ਤਾਲਮੇਲ (Motor co-ordination) ਉਂਗਲੀਆਂ ਦੀ ਸਫਾਈ ਨਾਲ ਸਿੱਖਣਾ(Finger dexterity Learning) ਅੱਖਾਂ, ਹੱਥਾਂ, ਪੈਰਾਂ ਦੀ ਤਾਲਮੇਲ ਨਾਲ ਸਿੱਖਣਾ (Eye,Hand,Foot co-ordination Learning) ਅਤੇ ਉਤੇਜਕ-ਅਨੁਕ੍ਰਿਆ ਨਾਲ ਸਿੱਖਣਾ (Stimulus Response Learning) ਆਦਿ ਸ਼ਾਮਿਲ ਹਨ ਜਿਹਨਾਂ ਨਾਲ ਕਾਰਜ ਦੇ ਪ੍ਰਤੀ ਅਤੇ ਉਤੇਜਕ ਦੇ ਪ੍ਰਤੀ ਵਿਅਕਤੀ ਆਪਣੇ ਆਪ ਨੂੰ ਤਾਲਮੇਲ ਵਿਚ ਰੱਖ ਕੇ ਸਿੱਖਦਾ ਹੈ।

**1.4.4.2.2 ਕਾਰਜ ਦੀ ਮਹਤੱਤਾ (Impotance of Task):-** ਸਿੱਖਣ ਦੇ ਕੰਮਾਂ ਵਿਚ ਇਸ ਗੱਲ ਦਾ ਵੀ ਖਾਸ ਧਿਆਨ ਰੱਖਿਆ ਜਾਂਦਾ ਹੈ ਕਿ ਜੋ ਵਿਅਕਤੀ ਕੰਮ ਸਿੱਖ ਰਿਹਾ ਹੈ ਉਹ ਕੰਮ ਉਸ ਲਈ ਕੀ ਮਹਤੱਤਾ ਰੱਖਦਾ ਹੈ ।

ਕੋਈ ਵਿਅਕਤੀ ਸ਼ੌਂਕ ਲਈ ਸਿੱਖਦਾ ਹੈ ਕਿਸੇ ਦੇ ਨੇੜੇ ਉਹ ਕੰਮ ਉਸ ਦੀ ਯੋਗਤਾ ਨੂੰ ਵਧਾਉਣ ਵਿਚ ਮੱਦਦ ਕਰਦਾ ਹੈ। ਕਿਸੇ ਨੂੰ ਉਹ ਨਿਜੀ ਕਾਰਨਾ ਕਰਕੇ ਸਿੱਖਣਾ ਪੈਂਦਾ ਹੈ। ਕਈ ਬੜੀ ਜਿੰਮੇਦਾਰੀ ਨਾਲ ਸਿੱਖਦੇ ਹਨ । ਕਈ ਸਿਰਫ ਸਮਾਂ ਕੱਢਣ ਲਈ ਹੀ ਸਿੱਖਦੇ ਹਨ। ਇਸ ਤਰ੍ਹਾਂ ਕਾਰਜ ਦੀ ਮਹਤੱਤਾ ਨੂੰ ਕਈ ਭਾਗਾਂ ਦੁਆਰਾ ਅਧਿਐਨ ਕੀਤਾ ਜਾਂਦਾ ਹੈ

**(i)Attainment Value (ii) Utility Value (iii) Instrinsic Value (iv) Interest Value (v) Reflective Value.**

**1.4.4.2.3 ਕਾਰਜ ਦੀ ਲੰਬਾਈ (Length of the Task):-**ਕਿਸੇ ਵੀ ਕੰਮ ਨੂੰ ਸਿੱਖਣ ਵਿਚ ਇਸ ਗੱਲ ਦਾ ਵੀ ਰੋਲ ਹੈ ਕਿ ਉਹ ਕਿੰਨੀ ਦੇਰ ਵਿਚ ਪੂਰਾ ਹੋਵੇਗਾ। ਇਸ ਦਾ ਸਮਾਂ ਜਾਂ ਲਬਾਈ ਕਿੰਨੀ ਹੈ।

ਜੇ ਕੰਮ ਲੰਬਾ ਹੋਵੇਗਾ ਤਾਂ ਉਸ ਨੂੰ ਸਿੱਖਣ ਵਿਚ ਜਿਆਦਾ ਸਮਾਂ ਲਗਦਾ ਹੈ ਇਸ ਵਿਚ ਮਿਹਨਤ ਜ਼ਿਆਦਾ ਲਗਦੀ ਹੈ ਜਦੋਂ ਕਿ ਛੋਟੇ ਕੰਮ ਨੂੰ ਘਟ ਸਮੇਂ ਵਿਚ ਸਿੱਖ ਸਕਦਾ ਹੈ ਪਰ ਜੇ ਕੰਮ ਨੂੰ ਯਾਦ ਕਰਨ ਦੀ ਗੱਲ ਕਰੀਏ ਤਾਂ ਜੇ ਲੰਬਾ ਅਤੇ ਛੋਟਾ ਕੰਮ ਇਕ ਬਾਰ ਚੰਗੀ ਤਰ੍ਹਾਂ ਸਿੱਖ ਲਿਆ ਜਾਵੇ ਤਾਂ ਇਹਨਾ ਵਿਚ ਇਕ ਹੀ ਜਿੰਨੀ ਬਰਾਬਰਤਾ ਪਾਈ ਜਾਂਦੀ ਹੈ।

**1.4.4 .2.4 ਕਾਰਜ ਦਾ ਵਿਸ਼ਾਵਸਤੂ (Subject Matter of Task):-** ਇਸ ਦਾ ਸਬੰਧ ਕਾਰਜ ਦੀ ਵਿਸ਼ਾ - ਵਸਤੂ ਨਾਲ ਹੈ। ਅਸਾਨ ਅਤੇ ਸਾਦਾ ਕੰਮ ਜਲਦੀ ਸਿੱਖ ਲਿਆ ਜਾਂਦਾ ਹੈ। ਇਸ ਵਿਚ ਜਲਦੀ ਹੀ ਮਹਾਰਤ ਪ੍ਰਾਪਤ ਹੋ ਜਾਂਦੀ ਹੈ। ਜਦੋ ਕਿ ਕਠਿੰਣ ਕੰਮ ਨੂੰ ਸਿੱਖਣ ਵਿਚ ਸਮਾਂ ਜਿਆਦਾ ਲਗਦਾ ਹੈ ਆਸਾਨ ਕੰਮ ਸਿੱਖਦੇ ਸਮੇਂ ਸ਼ੁਰੂ ਵਿਚ ਚੰਗੀ ਤਰ੍ਹਾਂ ਨਾਲ ਸਿੱਖ ਲਿਆ ਜਾਂਦਾ ਹੈ। ਪਰ ਹੋਲੀ-ਹੋਲੀ ਸਿੱਖਣ ਦੀ ਗਤੀ ਘਟ ਜਾਦੀ ਹੈ। ਅਤੇ ਦਿਲਚਸਪੀ ਵਿਚ ਕਮੀ ਆ ਜਾਂਦੀ ਹੈ। ਜਦੋ ਕਿ ਜੋ ਕੰਮ ਕਠਿਨ ਹੋਵੇ ਉਸ ਨੂੰ ਸ਼ੁਰੂ ਵਿਚ ਹੋਲੀ-ਹੋਲੀ ਸਿਖਿਆ ਜਾਦਾ ਹੈ। ਪਰ ਬਾਅਦ ਵਿਚ ਇਸ ਦੇ ਸਿੱਖਣ ਦੀ ਰਫਤਾਰ ਵਿਚ ਵਾਧਾ ਆ ਜਾਂਦਾ ਹੈ। ਜਦੋ ਕਿ ਅਜਿਹਾ ਕੰਮ ਵਿਚਕਾਰ ਤੋ ਔਖਾ ਹੋਵੇ ਉਹ ਸ਼ੁਰੂ ਤੋ ਆਖਰ ਤੱਕ ਇਕ ਹੀ ਰਫਤਾਰ ਵਿਚ ਸਿੱਖਿਆ ਜਾਂਦਾ ਹੈ ।

**1.4.4.2.5 ਕਾਰਜ ਦੀ ਸਿਲਸਲਾਵਾਰ ਤਰਤੀਵ (Serial Position of Task):-** ਕਿਸੇ ਕੰਮ ਵਿਚ ਤਰਤੀਵ ਅਤੇ ਸਗੰਠਨ ਸਿੱਖਣ ਲਈ ਬਹੁਤ ਮਹਤੱਤਾ ਰੱਖਦਾ ਹੈ। ਜੇ ਕਿਸੇ ਕੰਮ ਨੂੰ Systematic ਢੰਗ ਨਾਲ ਕੀਤਾ ਜਾਵੇ ਤਾਂ ਸਿੱਖਣਾ ਬਹੁਤ ਚੰਗਾ ਹੁੰਦਾ ਹੈ । ਪਰ ਜੇ ਬੇ-ਤਰਤਿਬੇ ਢੰਗ ਨਾਲ ਸਿੱਖਿਆ ਜਾਵੇ ਤਾਂ ਸਿੱਖਣਾ ਬਹੁਤ ਜਿਆਦਾ ਪ੍ਰਭਾਵਿਤ ਨਹੀ ਹੁੰਦਾ।

ਜੇ ਕਿਸੇ Subject ਨੂੰ ਸੂਚੀ ਦਾ ਸਿਲਸਲਾਵਾਰ ਯਾਦ ਕਰਨ ਲਈ ਕਿਹਾ ਗਿਆ ਅਤੇ ਸੂਚੀ ਇਕ ਹੀ ਤਰਤੀਬ ਵਿਚ ਉਸ ਦੇ ਸਾਹਮਣੇ ਪੇਸ਼ ਕੀਤੀ ਗਈ ਤਾਂ ਦੇਖਿਆ ਗਿਆ ਕਿ Subject ਸੂਚੀ ਵਿਚ ਪੇਸ਼ ਕੀਤੇ ਗਏ ਅਜਿਹੇ Task ਨੂੰ ਜਲਦੀ ਯਾਦ ਕੀਤਾ ਜਾਂਦਾ ਹੈ। ਜਿਹੜਾ ਸ਼ੁਰੂ ਵਿਚ ਪੇਸ਼ ਕੀਤਾ ਗਿਆ ਜਾਂ ਆਖਰ ਵਿਚ ਜਦੋਂ ਕਿ ਵਿਚਕਾਰ ਵਿਚ ਪੇਸ਼ ਕੀਤਾ ਕੰਮ ਆਸਤਾ-ਆਸਤਾ ਯਾਦ ਹੁੰਦਾ ਹੈ ਅਤੇ ਮੁਸ਼ਕਿਲ ਨਾਲ ਯਾਦ ਹੁੰਦਾ ਹੈ।

**1.4.4.2.6 ਕਾਰਜ ਦਾ ਅਰਥ (Meaning of Task):-** ਜੇ ਕੰਮ ਦੇ ਅਰਥਾਂ ਦਾ ਪਤਾ ਹੋਵੇ ਤਾਂ ਉਸ ਕੰਮ ਨੂੰ ਸਿੱਖਣਾ ਜਿਆਦਾ ਆਸਾਨ ਹੈ ਉਸ ਕੰਮ ਦੇ ਮੁਕਾਬਲੇ ਜਿਹੜੇ ਕੰਮ ਦਾ ਅਰਥ ਨਾ ਨਿਕਲਦਾ ਹੋਵੇ ।ਇਸ ਗੱਲ ਤੇ Ebbinghause ਨੇ ਵੀ ਪ੍ਰਯੋਗ ਕੀਤਾ ਤੇ ਦੇਖਿਆ ਕਿ ਜਿਹਨਾਂ ਸ਼ਬਦਾਂ ਦਾ ਅਰਥ ਨਹੀ ਉਹਨਾਂ ਨੂੰ ਯਾਦ ਕਰਨਾ ਕਠਿਣ ਹੈ ਤੇ ਜਿਨ੍ਹਾਂ ਦਾ ਅਰਥ ਨਿਕਲਦਾ ਹੈ ਉਹਨਾਂ ਨੂੰ ਯਾਦ ਕਰਨਾ ਆਸਾਨ ਹੈ।

**1.4.4.3 ਸਿੱਖਣ ਦੀਆ ਵਿਧੀਆ ( Methods of Learning):-** ਅਜਿਹੇ ਤੱਤ ਜਿਹੜੇ ਸਿੱਖਣ ਨੂੰ ਪ੍ਰਭਾਵਿਤ ਕਰਦੇ ਹਨ ਉਸ ਵਿਚ ਸਿੱਖਣ ਦੀਆ ਵਿਧੀਆਂ ਵੀ ਸ਼ਾਮਿਲ ਹਨ। ਇਹ ਵਿਧੀਆਂ ਇਸ ਗੱਲ ਦੀ ਵੀ ਵਿਆਖਿਆ ਕਰਦੀਆ ਹਨ ਕਿ ਸਿੱਖਣ ਦਾ ਮਾਪ ਕਿਵੇਂ ਕੀਤਾ ਜਾਵੇ ਜਾਂ ਕਿਹੜੇ ਕਿਹੜੇ ਢੰਗਾਂ ਨਾਲ Performance ਵਿਚ ਵਾਧਾ ਕੀਤਾ ਜਾ ਸਕਦਾ ਹੈ। ਇਹ ਮੁਖ ਢੰਗ ਹੇਠ ਲਿਖੇ ਹਨः-

**1.4.4.3.1 ਸਿੱਖਣ ਦੇ ਵਿਚਕਾਰਲਾ ਗੇਪ (Interval between Learning)**
**1.4.4.3.2 ਇਕੱਠੀ ਬਨਾਮ ਵੱਖਰੀ-ਵੱਖਰੀ ਸਿੱਖਣ ( Massed vs Distributed Learning)**
**1.4.4.3.3 ਚੁਸਤ ਬਨਾਮ ਸੁਸਤ ਸਿੱਖਣ (Active vs Passive Learning)**
**1.4.4.3.4 ਸਿਟੇ ਦਾ ਗਿਆਨ ( Knowledge of results )**
**1.4.4.3.5 ਸਿੱਖਣ ਦੇ ਡਿਜਾਇਣ ਦਾ ਗਿਆਨ (Knowledge of design Learning )**
**1.4.4.3.6 ਮੇਲਮਿਲਾਪ ਅਤੇ ਇਕਸਾਰਤਾ (Association and Rhythm)**
**1.4.4.3.7 ਟੋਕਨ ਅਰਥ ਵਿਵਸਥਾ (Token Economy)**
**1.4.4.3.8 ਸਮਰਣ ਕਰਨਾਂ (Recall)**
**1.4.4.3.9 ਜਿਗਾਰਨੀਕ ਪ੍ਰਭਾਵ (Zegarnik Effect )**

ਇਹਨਾਂ ਵਿੱਧੀਆਂ ਨੂੰ ਸਿੱਖਣ ਵਿਚ ਕੁਸ਼ੱਲਤਾ ਅਤੇ ਅਰਥ ਵਿਵਸਥਾ (Efficiency and Economy in Learning) ਦੀਆਂ ਵਿੱਧੀਆਂ ਦੇ ਤੋਰ ਤੇ ਵੀ ਜਾਣਿਆਂ ਜਾਂਦਾ ਹੈ। ਜਿਨਾਂ ਨੂੰ ਸੰਖੇਪ ਵਿਚ ਹੇਠਾਂ ਵਰਨਣ ਕੀਤਾ ਜਾ ਰਿਹਾ ਹੈ :-

**1.4.4.3.1 ਸਿੱਖਣ ਦੇ ਵਿਚਕਾਰਲਾ ਗੇਪ (Interval between Learning):-** ਅਗਰ ਕਿਸੇ ਕੰਮ ਨੂੰ ਸਿੱਖਦੇ ਸਮੇਂ ਸਹੀ ਆਰਾਮ ਕੀਤਾ ਜਾਵੇ ਤਾਂ ਸਿੱਖਣ ਦੀ ਮਾਤਰਾ ਨੂੰ ਵਧਾਇਆ ਜਾ ਸਕਦਾ ਹੈ ਅਤੇ ਸਮਾਂ ਵੀ ਬਚਾਇਆ ਜਾ ਸਕਦਾ ਹੈ ਇਸ ਗੱਲ ਨੂੰ ਅਰਕਰ ਅਤੇ ਬੁਰਨੇ (Archer and Bourne) ਨੇ ਆਪਣੇ ਪ੍ਰਯੋਗਾਂ ਦੁਆਰਾ ਸਿੱਧ ਕੀਤਾ ਕਿ ਲਗਾਤਾਰ ਕੰਮ ਨਾਲ ਉਕਤਾ ਜਾਂਦਾ ਹੈ ਅਤੇ ਉਸ ਤੋ ਰੁਚੀ ਖਤਮ ਹੋਣਾ ਸ਼ੁਰੂ ਹੋ ਜਾਂਦੀ ਹੈ ਜੇ ਵਿਚਕਾਰ ਵਿਚ ਸਹੀ ਗੈਪ ਦੇ ਦਿੱਤਾ ਜਾਵੇ ਤਾਂ ਵਿਅਕਤੀ ਉਸ ਵਿਚ ਆਪਣੀ ਥਕਾਵਟ ਦੂਰ ਕਰ ਲੈਂਦਾ ਹੈ ਅਤੇ ਫਿਰ ਤਾਜਾ ਦਮ ਹੋ ਜਾਂਦਾ ਹੈ । ਆਮ ਸਥਿਤੀ ਵਿਚ ਸਹੀ ਗੈਪ 15ਸੈਕੰਟ ਤੋ 5 ਮਿੰਟ ਤੱਕ ਜਾਂ ਹਰ ਘੰਟਾ ਕੰਮ ਤੋ ਬਾਅਦ 15 ਮਿੰਟ ਤੋ ਅੱਧਾ ਘੰਟਾ ਤੱਕ ਹੋ ਸਕਦਾ ਹੈ।

**1.4.4 .3 .2 . ਇਕੱਠੀ ਬਨਾਮ ਵੱਖਰੀ-ਵੱਖਰੀ ਸਿੱਖਣ ( Massed vs Distributed Learning):-**
ਜਦੋ ਅਸੀ ਇਕੱਠੇ ਤਰੀਕੇ ਦੇ ਨਾਲ ਸਿੱਖਦੇ ਹਾਂ ਤਾਂ ਸਾਰੇ ਕੰਮ ਨੂੰ ਇਕ ਹੀ ਸਮੇ ਬਗੈਰ ਕੀਸੇ ਗੈਪ ਦੇ ਸਿੱਖ ਸਕਦੇ ਹਾਂ ਉਦਾਹਰਨ ਵਜੋਂ ਜੇ ਅਸੀ ਲਗਾਤਾਰ ਛੇ ਘੰਟੇ ਤੱਕ ਪੜਦੇ ਰਹਿਏ ਤਾਂ ਇਸ ਨੂੰ ਇਕੱਠੀ ਸਿੱਖਣ (**Massed Learning)** ਕਹਿੰਦੇ ਹਨ।ਜਦੋਂ ਇਹ ਅਭਿਆਸ ਵਕਫੇ ਨਾਲ ਕੀਤਾ ਜਾਦਾ ਹੈ ਤਾਂ ਇਸ ਨੂੰ ਵੱਖਰੀ ਵੱਖਰੀ ਸਿੱਖਣ ਕਿਹਾ ਜਾਂਦਾ ਹੈ।ਇਹਨਾ ਦੋਨ੍ਹਾਂ ਤਰੀਕਿਆ ਦੀ ਮਹੱਤਤਾ ਆਪਣੀ ਆਪਣੀ ਥਾਂ ਤੇ ਹੈ। ਕੰਮ ਦੀ ਸਥਿਤੀ ਦੇ ਅਨੁਸਾਰ ਇਕੱਠੀ ਬਨਾਮ ਵੱਖਰੀ-ਵੱਖਰੀ ਸਿੱਖਣ ਨੂੰ ਚੁਣਿਆ ਜਾਂਦਾ ਹੈ ।ਪ੍ਰਯੋਗ ਦੱਸਦੇ ਹਨ ਕਿ ਇਕੱਠੀ ਸਿੱਖਣ ਉਸ ਸਮੇ ਲਾਭਦਾਇਕ ਹੁੰਦੀ ਹੈ ਜਦੋ ਕੰਮ ਛੋਟਾ ਹੋਵੇ ਜਾਂ ਕਿਸੇ ਸਮੱਸਿਆ ਦੇ ਬਹੁਤ ਉੱਤਰ ਹੋਣ । ਜਿਵੇਂ ਕਿ ਅਰਿਕਸਨ (Erikson) ਦੀ ਇਕ ਅਧਿਐਨ ਵਿਚ ਭੁੱਲ ਭਲਈਆਂ ਵਿਚ ਬਹੁਤ ਸਾਰੇ ਤਰੀਕਿਆ ਨਾਲ ਸਮੱਸਿਆ ਨੂੰ ਹੱਲ ਕੀਤਾ ਜਾ ਸਕਦਾ ਹੈ ਅਤੇ ਇਹ ਦੇਖਿਆ ਗਿਆ ਕਿ ਇਕੱਠੀ ਸਿੱਖਣ ਜਿਆਦਾ ਲਾਭਦਾਇਕ ਰਹੀ ਕਿਉਂਕਿ ਜਿਹਨਾ ਵਿਅਕਤੀਆਂ ਨੇ ਇਕ ਹੀ ਬੈਠਕ ਵਿਚ ਭੁਲ ਭੱਲਈਆਂ ਹੱਲ ਕਰ ਲਈਆਂ ਉਹਨਾ ਦੀ (Performance) ਚੰਗੀ ਸੀ । ਇਹ ਗੱਲ ਵੀ ਸਿੱਧ ਹੋ ਚੁੱਕੀ ਹੈ ਕਿ ਵੱਖਰੀ ਵੱਖਰੀ ਸਿੱਖਣ ਨਾਲ ਕੀਤਾ ਗਿਆ ਕੰਮ ਜ਼ਿਆਦਾਤਰ ਯਾਦ ਰਹਿੰਦਾ ਹੈ। ਇਕੱਠੀ ਸਿੱਖਣ ਨਾਲ ਸਿੱਖੇ ਹੋਏ ਕੰਮ ਦੇ ਮੁਕਾਬਲੇ ਨਾਲੋਂ ।

**1.4.4.3.3 ਚੁਸਤ ਬਨਾਮ ਸੁਸਤ ਸਿੱਖਣ (Active vs Passive Learning):-**ਜਦੋ ਕੋਈ ਵਿਅਕਤੀ ਸਿੱਖਣ ਦੇ ਵਿਚਕਾਰ ਤਨਾਉ ਦਾ ਸ਼ਿਕਾਰ ਨਹੀ ਹੁੰਦਾ ਸਗੋ ਆਰਾਮ ਦੀ ਸਥਿਤੀ ਵਿਚ ਸ਼ੁਰੂ ਤੋ ਲੈ ਕੇ ਆਖਰ ਤੱਕ ਆਮ ਤਰੀਕੇ ਨਾਲ ਸਿੱਖਦਾ ਹੈ ਤਾਂ ਉਸ ਨੂੰ ਸੁਸਤ ਸਿੱਖਣ ਕਹਿੰਦੇ ਹਨ। ਜਦੋਂ ਕਿ ਚੁਸਤ ਸਿੱਖਣ ਵਿਚ ਵਿਅਕਤੀ ਬੜੇ ਧਿਆਨ ਨਾਲ , ਸਾਵਧਾਨੀ ਨਾਲ ਅਤੇ ਬੜੀ ਫਿਕਰ ਨਾਲ ਕਿਸੇ ਚੀਜ਼ ਨੂੰ ਸਿੱਖਦਾ ਹੈ ਅਤੇ ਆਪਣੇ ਦਿਮਾਗ

ਵਿਚ ਬਿਠਾਉਂਦਾ ਹੈ ਅਤੇ ਉਸ ਨੂੰ ਵਾਰ ਵਾਰ ਕਰਦਾ ਹੈ।ਇਸ ਸਬੰਧ ਵਿਚ ਗੈਟਸ (Gates) ਨੇ ਬਹੁਤ ਸਾਰੇ ਪ੍ਰਯੋਗ ਕੀਤੇ।

**1.4.4.3.4 ਸਿੱਟੇ ਦਾ ਗਿਆਨ ( Knowledge of results ):-**ਜੇ ਸਬਜੈਕਟ ਨੂੰ ਉਸ ਦੀ Performance ਬਾਰੇ ਨਾਲ ਦੀ ਨਾਲ ਦੱਸਿਆ ਜਾਂਦਾ ਹੈ ਤਾਂ ਉਸ ਦੀ ਸਿੱਖਣ ਅਜਿਹੇ ਕੰਮ ਵਿਚ ਵਧੀਆ ਹੁੰਦੀ ਹੈ।ਪਰ ਜੇ ਉਸ ਨੂੰ ਕੰਮ ਦੇ ਨਾਲ ਨਾਲ ਸਿੱਟੇ ਦਾ ਗਿਆਨ ਨਾ ਦਿੱਤਾ ਜਾਵੇ ਤਾਂ ਉਸ ਨਾਲ Performance ਘੱਟ ਜਾਂਦੀ ਹੈ। ਐਨਜਲ (Angell) ਨੇ ਇਸ ਸਬੰਧ ਵਿਚ ਬਹੁਤ ਸਾਰੇ ਪ੍ਰਯੋਗ ਕਰਕੇ ਇਸ ਗੱਲ ਨੂੰ ਸਿੱਧ ਕੀਤਾ।

**1.4.4.3.5 ਸਿੱਖਣ ਦੇ ਡਿਜਾਇਨ ਦਾ ਗਿਆਨ (Knowledge of design Learning ):-** ਪ੍ਰਯੋਗਾਂ ਤੋਂ ਇਹ ਸਿੱਧ ਹੋਇਆ ਹੈ ਕਿ ਜੇ ਸਬਜੈਕਟ ਨੂੰ ਸਿੱਖਣ ਦੇ ਤਰੀਕੇ ਦੇ ਬਾਰੇ ਵਿਚ ਪ੍ਰਯੋਗ ਸ਼ੁਰੂ ਹੋਣ ਤੋ ਪਹਿਲਾ ਹੀ ਦੱਸ ਦਿੱਤਾ ਜਾਵੇ ਕਿ ਇਸ ਦਾ ਉਦੇਸ਼ ਕੀ ਹੈ ਤਾਂ ਉਸ ਕੰਮ ਨੂੰ ਚੰਗੇ ਤਰੀਕੇ ਦੇ ਨਾਲ ਸਿੱਖਿਆ ਜਾ ਸਕਦਾ ਹੈ । ਕਰੇਸ਼ ਨੇ ਵੀ ਬੱਚਿਆਂ ਉਪਰ ਇਸ ਗੱਲ ਨੂੰ ਲੈ ਕੇ ਪ੍ਰਯੋਗ ਕੀਤਾ।

**1.4.4.3.6 ਮੇਲ-ਮਿਲਾਪ ਅਤੇ ਇਕਸਾਰਤਾ (Associative and Rhythm):-** ਜੇ ਇਕ ਭਾਗ ਨੂੰ ਦੂਜੇ ਭਾਗ ਨਾਲ ਮਿਲਾਕੇ ਸਿੱਖਿਆ ਜਾਵੇ ਤਾਂ ਉਹ ਚੰਗੇ ਤਰੀਕੇ ਦੇ ਨਾਲ ਸਿੱਖਿਆ ਜਾ ਸਕਦਾ ਹੈ। ਅਜਿਹੇ ਕੰਮ ਜਿਹੜੇ ਕਿ ਕਈ ਸਥਿਤੀਆਂ ਵਿਚ ਸਿੱਖਣ ਵਿਚ ਬੋਰ ਹੋਣ ।ਜੇ ਇਹਨਾਂ ਲਈ ਅਜਿਹੀ ਹੀ ਸੰਖੇਪ ਸੁਧਾਰ ਕੀਤੀ ਜਾਵੇ ਜਾਂ ਉੱਚੀ ਆਵਾਜ਼ ਵਿਚ ਪੜ੍ਹੀ ਜਾਵੇ ਜਾਂ ਤਰੱਨਮ ਨਾਲ ਗਾਈ ਜਾਵੇ ਤਾਂ ਸਿੱਖਣ ਬਹੁਤ ਜਲਦੀ ਹੁੰਦੀ ਹੈ ਅਤੇ ਬਹੁਤ ਦੇਰ ਰਹਿੰਦੀ ਹੈ।

**1.4.4.3.7 ਟੋਕਨ ਅਰਥ ਵਿਵਸਥਾ (Token Economy):-**ਇਹ ਇਕ ਅਜਿਹਾ ਪ੍ਰੋਗਰਾਮ ਹੈ ਜਿਹੜਾ ਕਿ ਮਾਨਸਿਕ ਰੋਗੀਆਂ ਲਈ ਸਿੱਖਣ ਵਿਚ ਬਹੁਤ ਮਹੱਤਵ ਰੋਲ ਅਦਾ ਕਰਦਾ ਹੈ ਇਸ ਵਿਚ ਟੋਕਨ ਦਿੱਤੇ ਜਾਂਦੇ ਹਨ।ਜੋ ਕਿ ਬਾਅਦ ਵਿਚ ਖਾਸ ਵਿਵਹਾਰ ਨੂੰ ਅਪਣਾਉਣ ਲਈ ਪ੍ਰਯੋਗ ਕੀਤੇ ਜਾਂਦੇ ਹਨ।

**1.4.4.3.8 ਸਮਰਣ ਕਰਨਾ (Recall):-** ਜੇ ਸਬਜੈਕਟ ਕਿਸੇ ਕੰਮ ਨੂੰ ਸਿੱਖਣ ਤੋ ਬਾਅਦ ਉਸ ਕੰਮ ਨੂੰ ਵਾਰ ਵਾਰ ਦੁਹਰਾਉਂਦਾ ਹੈ ਜਾਂ ਦਿਮਾਗ ਵਿਚ ਤਾਜ਼ਾ ਕਰਦਾ ਹੈ ਜਾਂ ਉਸ ਨੂੰ ਲਿੱਖ ਲੈਂਦਾ ਹੈ ਤਾ ਉਹ ਚੰਗੀ ਸਿੱਖਣ ਹੋ ਜਾਂਦੀ ਹੈ।

**1.4.4.3.9 ਜਿਗਾਰਨੀਕ ਪ੍ਰਭਾਵ (Zegarnik Effect ):-**ਪ੍ਰਯੋਗਾਂ ਤੋ ਸਿੱਧ ਹੋਇਆ ਹੈ ਕਿ ਜੇ ਕੋਈ ਵਿਅਕਤੀ ਕੰਮ ਨੂੰ ਅਧੂਰਾ ਛੱਡ ਦੇਵੇ ਤਾਂ ਉਹ ਕੰਮ ਜਿਆਦਾ ਦੇਰ ਤੱਕ ਯਾਦ ਰਹਿੰਦਾ ਹੈ।ਉਸ ਕੰਮ ਦੇ ਮੁਕਾਬਲੇ ਜਿਹੜਾ ਕਿ ਪੂਰਾ ਕਰ ਦਿੱਤਾ ਜਾਂਦਾ ਹੈ।

**1.4.5 ਸਿੱਟਾ :-** ਇਸ ਪਾਠ ਵਿਚ ਇਹ ਦੇਖਣ ਨੂੰ ਮਿਲਦਾ ਹੈ ਕਿ ਸਿੱਖਣ ਜਾਨਵਰਾਂ ਵਿਚ ਅਤੇ ਵਿਅਕਤੀਆਂ ਵਿਚ ਜਨਮ ਤੋ ਲੈ ਕੇ ਮਰਨ ਤੱਕ ਭਾਵ ਬਚਪਨ ਤੋ ਲੈਕੇ ਬੁਢਾਪੇ ਤੱਕ ਚਲਦਾ ਰਹਿੰਦਾ ਹੈ। ਸਿੱਖਣਾ ਜੀਵ ਦੇ ਵਿਵਹਾਰ ਵਿਚ ਆਏ ਪੱਕੇ ਪਰਿਵਰਤਨ ਅਤੇ ਸੁਧਾਰ ਜਿਹੜਾ ਕਿ ਅਭਿਆਸ ਅਤੇ ਅਨੁਭਵ ਦੁਆਰਾ ਆਉਂਦਾ ਹੈ ਨੂੰ ਕਿਹਾ ਜਾਂਦਾ ਹੈ।ਸਿੱਖਣ ਦੀਆਂ ਸੱਤ ਕਿਸਮਾਂ ਨੂੰ ਵੀ ਵਰਨਣ ਕੀਤਾ ਗਿਆ ਹੈ। ਜਿਹੜੀਆਂ ਕਿ ਗਤੀਆਤਮਕ ਸਿੱਖਣਾ(Motor Learning), ਜੁਬਾਨੀ ਸਿੱਖਣਾ (Verbal Learning), ਸੰਕਲਪਾਤਮਕ ਸਿੱਖਣਾ (Conceptual Learning), ਪ੍ਰਤੱਖਆਤਮਕ ਸਿੱਖਣਾ (Perceptual Learning), ਸਹਿਚਾਰੀ ਸਿੱਖਣਾ(Associative Learning), ਪ੍ਰਸੰਸਾਤਮਕ ਸਿੱਖਣਾ (Appreciational Learning), ਮਨੋਵਿਰਤੀ ਸਿੱਖਣਾ (Attitudinal Learning) ਹਨ। ਇਸ ਵਿਚ ਉਹਨਾਂ ਤੱਤਾ ਨੂੰ ਵੀ ਵਰਨਣ ਕੀਤਾ ਗਿਆ ਹੈ ਜਿਹੜੇ ਕਿ ਸਿੱਖਣ ਨੂੰ ਪ੍ਰਭਾਵਿਤ ਕਰਦੇ ਹਨ। ਇਹ ਤਿੰਨ ਤਰ੍ਹਾਂ ਦੇ ਮੁੱਖ ਤੌਰ ਤੇ ਪਾਏ ਜਾਂਦੇ ਹਨ ਜਿਹੜੇ ਕਿ ਨਿਜੀ ਤੱਤ, ਕਾਰਜ ਤੱਤ ਅਤੇ ਸਿੱਖਣ ਦੀਆਂ ਵਿੱਧੀਆਂ ਹਨ। ਇਸ ਪੂਰੇ ਪਾਠ ਨੂੰ ਪੜ੍ਹਣ ਤੋ ਬਾਅਦ ਸਿੱਖਣ ਦੇ ਬਾਰੇ ਮਨੋਵਿਗਿਆਨਿਕ ਵਿਸ਼ਲੇਸ਼ਨ ਪੂਰੀ ਤਰ੍ਹਾਂ ਨਾਲ ਹੋ ਜਾਂਦਾ ਹੈ।

**ਅਭਿਆਸ**

ਪ੍ਰਸ਼ਨ 1.ਸਿੱਖਣ ਨੂੰ ਪ੍ਰਭਾਵਿਤ ਕਰਨ ਵਾਲੇ ਕਾਰਕਾਂ ਦਾ ਵਰਣਨ ਕਰੋ।
ਪ੍ਰਸ਼ਨ 2.ਸਿੱਖਣ ਦੇ ਸਰੂਪ ਨੂੰ ਵਿਸਤਾਰ ਵਿਚ ਲਿਖੋ।
ਪ੍ਰਸ਼ਨ 3.ਸਿੱਖਣ ਦੀ ਪਰਿਭਾਸ਼ਾ ਲਿਖੋ ਅਤੇ ਸਿੱਖਣ ਦੀਆਂ ਕਿਸਮਾਂ ਬਾਰੇ ਜਾਣਕਾਰੀ ਦਿਉ।

## 1.4.6 ਸ਼ਬਦਾਵਲੀ

**ਗਤੀਆਤਮਕ ਸਿੱਖਣਾ (Motor Learning):-** ਗਤੀਆਤਮਕ ਹੁਨਰ ਦੀਆਂ ਸਾਰੀਆਂ ਕਿਸਮਾਂ ਨੂੰ ਗਤੀਆਤਮਕ ਸਿੱਖਣਾ ਵਿਚ ਸ਼ਾਮਲ ਕੀਤਾ ਜਾਂਦਾ ਹੈ। ਜਿਵੇਂ ਕੀ ਕਿਵੇਂ ਤੈਰਿਆ ਜਾਵੇ, ਕਿਵੇਂ ਘੋੜੇ ਦੀ ਸਵਾਰੀ ਕੀਤੀ ਜਾਵੇ ,ਕਿਵੇਂ ਕਾਰ ਚਲਾਈ ਜਾਵੇ, ਕਿਵੇਂ ਜਹਾਜ ਨੂੰ ਚਲਾਇਆ ਜਾਵੇ , ਕਿਵੇਂ ਗਿਟਾਰ ਨੂੰ ਵਜਾਇਆ ਜਾਵੇ ਆਦਿ। ਸਾਰੀ ਸਿਖਲਾਈ , ਜਿਸ ਵਿਚ ਵਿਅਕਤੀ ਦਾ ਸਰੀਰ ਇਨਾਂ ਨੂੰ ਸਿੱਖਣ ਲਈ ਉਸ ਢੰਗ ਦੀ ਸਿਖਲਾਈ ਨੂੰ ਸਿੱਖਦਾ ਹੈ। ਇਸ ਨੂੰ ਗਤੀਆਤਮਕ ਸਿੱਖਣਾ ਕਿਹਾ ਜਾਂਦਾ ਹੈ। ਜਿਵੇਂ ਕਿ ਬਚਪਨ ਵਿਚ ਜਾਨਵਰ ਅਤੇ ਇਨਸਾਨ ਦੇ ਬੱਚੇ ਆਪਣੇ ਸਰੀਰ ਦੇ ਅੰਗਾਂ ਦੇ ਦੁਆਰਾ ਚੀਜਾਂ ਨੂੰ ਪਕੜਨਾ, ਚਲਣਾ, ਚੜਨਾ ਆਦਿ ਸਿੱਖਦੇ ਹਨ ਤਾਂ ਇਹ ਸਭ ਕੁੱਝ ਸਿੱਖਣਾ ਗਤੀਆਤਮਕ ਸਿੱਖਣ ਵਿਚ ਆਉਂਦਾ ਹੈ।

**ਪ੍ਰਤੱਖਆਤਮਕ ਸਿੱਖਣਾ (Perceptual Learning):-** ਵਾਤਾਵਰਨ ਵਿਚੋਂ ਜਦੋਂ ਵਿਅਕਤੀ ਦੀਆਂ ਗਿਆਨ ਇੰਦਰੀਆਂ (Sense organs) ਵੱਖ-ਵੱਖ ਤਰ੍ਹਾਂ ਦੀ ਸੰਵੇਦਨਾਵਾਂ ਪ੍ਰਾਪਤ ਕਰਦੀਆ ਹਨ। ਅਤੇ ਉਹਨਾ ਸੰਵੇਦਨਾਵਾ ਨੂੰ ਜਦੋਂ ਵਿਅਕਤੀ ਪਹਿਚਾਣ ਲੈਂਦਾ ਹੈ। ਤਾਂ ਉਹ ਪ੍ਰਤੱਖਆਤਮਕ ਸਿੱਖਣਾ ਬਣ ਜਾਂਦੀਆ ਹਨ।

**ਸਹਿਚਾਰੀ ਸਿੱਖਣਾ (Associative Learning):-** ਸਹਿਚਾਰੀ ਸਿੱਖਣ ਤੋ ਭਾਵ ਜਦੋ ਵਿਅਕਤੀ ਆਪਣੇ ਭੂਤਕਾਲ ਵਿਚ ਵੱਖ-ਵੱਖ ਘਟਨਾਵਾਂ ਜਾਂ ਗੱਲਾ ਜਾਂ ਸੰਕਲਪਾ ਨੂੰ ਕਿਸੇ ਹੋਰ ਨਾਲ ਜੋੜਦਾ ਹੈ ਤੇ ਉਸ ਆਧਾਰ ਤੇ ਉਸ ਸੰਕਲਪ, ਚੀਜ ਜਾਂ ਕੰਮ ਨੂੰ ਸਿੱਖ ਜਾਂਦਾ ਹੈ। ਤਾਂ ਉਸ ਨੂੰ ਸਹਿਚਾਰੀ ਸਿੱਖਣਾ ਕਹਿੰਦੇ ਹਨ।

**ਪ੍ਰਸੰਸਾਤਮਕ ਸਿੱਖਣਾ (Appreciational Learning):-**ਪ੍ਰਸੰਸਾ ਦੁਆਰਾ ਕਿਸੇ ਕੰਮ ਨੂੰ ਸਿੱਖਣਾ ਹੀ ਪ੍ਰਸੰਸਾਤਮਕ ਸਿੱਖਣਾ ਹੈ ਭਾਵ ਜਦੋਂ ਕਿਸੇ ਵਿਅਕਤੀ ਦੇ ਮਾਨਸਿਕ ਅਤੇ ਸਰੀਰਕ ਯੋਗਤਾ ਦੀ ਪ੍ਰਸੰਸਾ ਕੀਤੀ ਜਾਵੇ ਤਾਂ ਉਹ ਚੀਜ ਨੂੰ ਬੜੀ ਜਲਦੀ ਸਿੱਖ ਲੈਂਦਾ ਹੈ। ਪ੍ਰਸੰਸਾ ਇਕ Positive Emotion ਹੈ। ਜਿਸ ਦੁਆਰਾ ਵਿਅਕਤੀ ਕੰਮ ਨੂੰ ਸਿੱਖਦਾ ਹੈ। ਪ੍ਰਸੰਸਾ ਵਿਅਕਤੀ ਵਿਚ ਅੰਤਰਪ੍ਰੇਰਨਾ ਪੈਦਾ ਕਰਦੀ ਹੈ ਜਿਸ ਨਾਲ ਵਿਅਕਤੀ ਦੇ ਅੰਦਰ ਕੰਮ ਨੂੰ ਸਿੱਖਣ ਦੀ ਇੱਛਾ ਅਤੇ ਸ਼ਕਤੀ ਪੈਦਾ ਹੁੰਦੀ ਹੈ ।

**ਜਿਗਾਰਨੀਕ ਪ੍ਰਭਾਵ (Zegarnik Effect ):-**ਪ੍ਰਯੋਗਾਂ ਤੋ ਸਿੱਧ ਹੋਇਆ ਹੈ ਕਿ ਜੇ ਕੋਈ ਵਿਅਕਤੀ ਕੰਮ ਨੂੰ ਅਧੂਰਾ ਛੱਡ ਦੇਵੇ ਤਾਂ ਉਹ ਕੰਮ ਜਿਆਦਾ ਦੇਰ ਤੱਕ ਯਾਦ ਰਹਿੰਦਾ ਹੈ।ਉਸ ਕੰਮ ਦੇ ਮੁਕਾਬਲੇ ਜਿਹੜਾ ਕਿ ਪੂਰਾ ਕਰ ਦਿੱਤਾ ਜਾਂਦਾ ਹੈ।

**1.4.7 ਹਵਾਲਾ :-**

**1.** Introduction to Psychology by Hilgard ,Atkinson and Atkinson.
2. Experimental Psychology by Woodworth and Schlosberg.
3. Introduction to Psychology by Mohanty.
4. Experimental Psychology by Babu Ran Chuhan.

**ਪਾਠ ਨੰ: 1.5** **ਡਾ. ਮੁਹਮਦ ਇਰਫਾਨ ਫਾਰੂਕੀ**

# ਯਤਨ ਅਤੇ ਭੁੱਲ ਦੁਆਰਾ ਸਿੱਖਣਾ ਅਤੇ ਗੈਸਟਾਲਟ ਪ੍ਰਸਤਾਵ (ਅੰਤਰਦ੍ਰਿਸ਼ਟੀ ਦੁਆਰਾ ਸਿੱਖਣਾ)

**ਪਾਠ ਬਣਤਰ :**

1.5.0. ਉਦੇਸ਼
1.5.1. ਭੂਮਿਕਾ
1.5.2. ਸਿੱਖਣ ਦੇ ਸਿਧਾਂਤ
1.5.3. ਯਤਨ ਅਤੇ ਭੁੱਲ ਦੁਆਰਾ ਸਿੱਖਣਾ
1.5.4. ਯਤਨ ਅਤੇ ਭੁੱਲ ਵਿੱਧੀ ਦੀਆਂ ਵਿਸ਼ੇਸ਼ਤਾਈਆਂ
1.5.5. ਸਿੱਖਣ ਦੇ ਨਿਯਮ (Laws of Learning)
1.5.6. ਗੈਸਟਾਲਟ ਪ੍ਰਸਤਾਵ
1.5.7. ਅੰਤਰਦ੍ਰਿਸ਼ਟੀ ਦੁਆਰਾ ਸਿੱਖਣ (Learning by Insight)
1.5.8. ਅੰਤਰਦ੍ਰਿਸ਼ਟੀ ਦੁਆਰਾ ਸਿੱਖਣ (Insight Learning) ਦੀਆਂ ਵਿਸ਼ੇਸ਼ਤਾਈਆਂ
1.5.9. ਸੂਝ ਦੁਆਰਾ ਸਿੱਖਣ ਵਿਧੀ ਦੀ ਅਲੋਚਨਾ
1.5.10. ਸਿੱਟਾ
1.5.11 ਸ਼ਬਦਾਵਲੀ
1.5.12. ਹਵਾਲਾ

## 1.5.0 ਉਦੇਸ਼:-

ਇਸ ਪਾਠ ਨੂੰ ਲਿਖਦੇ ਸਮੇਂ ਇਹ ਉਦੇਸ਼ ਰੱਖਿਆ ਗਿਆ ਹੈ ਕਿ ਜੀਵ ਕਿਹੜੇ ਕਿਹੜੇ ਸਿਧਾਂਤਾਂ ਦੀ ਲਕਸ਼ਮਣ ਰੇਖਾ ਵਿਚ ਰਹਿ ਕੇ ਕਿਸੇ ਕੰਮ ਨੂੰ ਸਿੱਖਦਾ ਹੈ। ਮਨੋਵਿਗਿਆਨੀਆਂ ਨੇ ਭਾਵੇਂ ਬਹੁਤ ਸਾਰੇ ਸਿੱਖਣ ਦੇ ਸਿਧਾਂਤ ਦਿੱਤੇ ਹਨ ਪਰ ਮੁੱਖ ਸਿਧਾਤ ਤਿੰਨ ਹਨ। ਇਸ ਪਾਠ ਵਿਚ ਯਤਨ ਅਤੇ ਭੁੱਲ ਸਿਧਾਤ ਅਤੇ ਅੰਤਰਦ੍ਰਿਸ਼ਟੀ ਦੁਆਰਾ ਸਿੱਖਣਾ ਵਿੱਧੀ ਦੇ ਦੁਆਰਾ ਕਿਵੇਂ ਸਿੱਖਿਆ ਜਾਦਾ ਹੈ ਇਹਨਾਂ ਦੇ ਕਿਹੜੇ ਕਿਹੜੇ ਨਿਯਮ ਹਨ ਅਤੇ ਇਹਨਾ ਨਿਯਮਾਂ ਦਾ ਯਤਨ ਅਤੇ ਭੁਲ ਵਿਧੀ ਅਤੇ ਅੰਤਰਦ੍ਰਿਸ਼ਟੀ ਦੁਆਰਾ ਸਿੱਖਣਾ ਵਿੱਧੀ ਦੁਆਰਾ ਸਿੱਖੇ ਹੋਏ ਕੰਮ ਤੇ ਕੀ ਅਸਰ ਪੈਂਦਾ ਹੈ।ਅਤੇ ਇਸ ਦੇ ਕਿਹੜੇ ਕਿਹੜੇ ਨੁਕਸ ਹਨ ਇਹਨਾ ਨੂੰ ਵੀ ਵਿਸਥਾਰ ਨਾਲ ਵਰਨਣ ਕੀਤਾ ਗਿਆ ਹੈ ਅਤੇ ਨਾਲ ਨਾਲ ਪ੍ਰਯੋਗਾ ਦੀ ਸਹਾਇਤਾ ਨਾਲ ਸਮਝਾਉਣ ਦੀ ਕੋਸ਼ਿਸ਼ ਵੀ ਕੀਤੀ ਗਈ ਹੈ।

## 1.5.1 ਭੂਮਿਕਾ

ਪਿਛਲੇ ਪਾਠ ਵਿਚ ਦਿੱਤੀਆਂ ਹੋਈਆਂ ਪਰਿਭਾਸ਼ਾਵਾਂ ਨੂੰ ਸਾਬਤ ਕਰਨ ਲਈ ਸਿੱਖਣ ਦੀ ਪ੍ਰਕਿਰਿਆ ਨੂੰ ਸਹੀ ਢੰਗ ਨਾ ਵਰਣਨ ਕਰਨ ਲਈ ਵੱਖ-ਵੱਖ ਮਨੋਵਿਗਿਆਨੀਆਂ ਨੇ ਵੱਖ-ਵੱਖ ਢੰਗਾ ਨਾਲ ਸਿੱਖਣ ਦੇ ਸਿਧਾਂਤ ਦਿਤੇ। ਜਿਸ ਦੇ ਨਾਲ ਸਿੱਖਣ ਦੀ ਵਿਧੀ ਦਾ ਵਰਣਨ ਵੀ ਹੋ ਜਾਦਾ ਹੈ। ਇਸ ਪਾਠ ਵਿੱਚ ਮੁੱਖ ਤੌਰ ਤੇ ਦੋ ਤਰ੍ਹਾਂ ਦੇ ਸਿੱਖਣ ਬਾਰੇ ਦੱਸਿਆ ਹੈ। (1) trial and Error theroy ਅਤੇ (2) ਅੰਤਰਦ੍ਰਿਸ਼ਟੀ ਦੁਆਰਾ ਸਿੱਖਣਾ।

## 1.5.2 ਸਿੱਖਣ ਦੇ ਸਿਧਾਂਤ

ਮਨੋਵਿਗਿਆਨੀਆਂ ਵਿੱਚ ਸਿੱਖਣ ਦੇ ਉਤੇ ਬਹੁਤ ਜਿਆਦਾ ਖੋਜ ਪੁਰਾਣੇ ਸਮੇ ਤੋ ਹੀ ਆ ਰਹੀ ਹੈ ਜਿਸ ਕਰਕੇ ਇਸ ਦੀਆ ਵੱਖ-ਵੱਖ ਮਨੋਵਿਗਿਆਨੀਆ ਨੇ ਵੱਖ-ਵੱਖ ਗਰੁੱਪਾਂ ਵਿੱਚ ਵੱਖ-ਵੱਖ ਸਿੱਖਣ ਦੇ ਸਿਧਾਂਤ ਦਿਤੇ ਜਿਹੜੇ ਕਿ ਮੁੱਖ ਹੇਠਾਂ ਦਿਤੇ ਹਨ।

**1.5.2.1** ਪਹਿਲੇ ਗਰੁੱਪ ਵਿੱਚ Connectionism ਜਾਂ Associative ਜਾਂ Peripheral ਜਾਂ Stimulus Response Theories of Learning ਦੇ ਤੋਰ ਤੇ ਜਾਣਿਆ ਜਾਂਦਾ ਹੈ ਜਿਸ ਵਿਚ ਚਾਰ ਸਿਧਾਂਤ ਵੱਖ-ਵੱਖ ਮਨੋਵਿਗਿਆਨੀਆਂ ਦੇ ਅਨੁਸਾਰ ਦਿਤੇ ਗਏ:-

- **1.5.2.1.1** ਯਤਨ ਅਤੇ ਤਰੁੱਟੀ ਸਿਧਾਂਤ (Trial and Error theory of Learning)
- **1.5.2.2.2** ਅਨੁਬੰਧਿਤ ਪ੍ਰਤੀਕ੍ਰਿਆ ਦਾ ਸਿਧਾਂਤ (Conditioned response theory of learning)
  - (ੳ) ਪੈਵਲੋਵ ਕਲਾਸੀਕਲ ਅਨੁਬੰਧਿਤ ਅਨੁਕ੍ਰਿਆ ਸਿਧਾਂਤ(Pavlov's classical conditioning theory)
  - (ਅ) ਸਕੀਨਰ ਦਾ ਕਾਰਨ ਮੂਲਕ ਅਨੁਕੂਲਨ ਸਿਧਾਂਤ (Skinner's instrumental conditioning theory)
- **1.5.2.2.3** ਹੱਲ ਦਾ ਵਿਵਸਥਿਤ ਵਿਵਹਾਰ ਸਿਧਾਂਤ (Hull's systematic behaviour theory)
- **1.5.2.2.4** ਗੁਥਰੀ ਦਾ ਸਹਿਵਰਤੀ ਅਨੁਕੂਲਨ ਸਿਧਾਂਤ(Guthrie's contiguous conditioning theory) ਇਸੇ ਤਰ੍ਹਾਂ ਖੇਤਰੀ ਜਾਂ ਕੇਂਦਰੀ ਜਾਂ ਗਿਆਣਾਤਮਕ ਸਿੱਖਣਾ

**1.5.2.2** ਦੂਜੇ ਗਰੁੱਪਾ ਵਿੱਚ ਵੱਖ-ਵੱਖ ਸਿੱਖਣ ਦੇ ਸਿਧਾਤ ਆਉਦੇ ਹਨ ਉਦੇਸ਼ਾਤਮਕ ਸਿਧਾਤ (Field or central or cognitive or purposive theories of learning) :-

- **1.5.2.2.1** ਸੂਝ ਜਾਂ ਅੰਤਰ ਦ੍ਰਸਿਟੀ ਦੁਆਰਾ ਸਿੱਖਣਾ(Insight learning theory)
- **1.5.2.2.2** ਚਿੰਨ੍ਹ ਸਮੂਹ ਗੈਸਟਾਲਟ ਸਿਧਾਂਤ(Sign Gestalt theory of learning)

ਉੱਪਰ ਦਿੱਤੇ ਸਿਧਾਂਤਾ ਵਿੱਚ ਦੋ ਸ਼੍ਰਣੀਆਂ ਬਣਾਈਆਂ ਗਈਆਂ ਹਨ। ਪਹਿਲੇ ਸਿਧਾਂਤ ਵਿੱਚ connectionism ਭਾਵ S.R.Relationshipਨੂੰ ਜਿਆਦਾ ਮਹੱਤਤਾ ਦਿੱਤੀ ਗਈ ਹੈ।ਜਦੋ ਕੀ ਦੂਸਰੀ ਸ਼੍ਰੇਣੀ ਜਾਂ ਗਰੁਪ ਵਿੱਚ ਸੂਝ ਜਾਂ ਉਦੇਸ਼ ਜਾਂ ਮਕਸਦ ਜਾਂ ਬੁੱਧੀ ਦਾ ਮਹੱਤਵ ਪ੍ਰਯੋਗ ਦੱਸਿਆ ਗਿਆ ਹੈ।

## 1.5.3 ਯਤਨ ਅਤੇ ਭੁਲ ਦੁਆਰਾ ਸਿੱਖਣਾ (Trial and Error Learning) :-

ਯਤਨ ਅਤੇ ਭੁਲ ਦੁਆਰਾ ਸਿੱਖਣ ਦੀ ਵਿਧੀ Connectionism ਤੇ ਅਧਾਰਿਤ ਹੈ ਭਾਵ Stimulus ਅਤੇ response ਦਾ ਆਪਸੀ ਸੰਬੰਧ(connection) ਹੀ Trial and error learning ਵਿੱਚ ਵੇਖਣ ਨੂੰ ਮਿਲਦਾ ਹੈ। ਸਿਧੇ ਤੋਰ ਤੇ ਦੇਖਿਆ ਜਾਵੇ Trial and error learning ਤੇ ਇਕ ਸਾਧਾਰਨ ਪ੍ਰਯੋਗ ਸਭ ਤੋ ਪਹਿਲਾ ਅਲੈਗਜੈਡਰ ਬੈਨ (Alexender Bain) ਨੇ ਆਪਣੀ ਰਚਨਾਤਮਕ ਬੁੱਧੀ ਸਿਧਾਂਤ (Constructive Intellect

Theory) ਵਿੱਚ ਕੀਤਾ ।ਇਸ ਤੋ ਬਾਅਦ ਮੋਰਗਨ ਨੇ ਇਸ ਸਿਧਾਂਤ ਬਾਰੇ ਪ੍ਰਯੋਗ ਕੀਤਾ । ਪਰ ਵਿਗਿਆਨਿਕ ਢੰਗ ਨਾਲ ਪ੍ਰਯੋਗਸ਼ਾਲਾ ਆਵਸਥਾ ਵਿਚ ਪ੍ਰਯੋਗ ਕਰਕੇ ਅਮਰੀਕਾ ਦੇ ਮਨੋਵਿਗਿਆਨੀ ਥਾਰਨਡਾਈਕ ਨੇ ਇਸ ਸਿਧਾਂਤ ਦੇ ਸਹੀ ਅਰਥ ਨੂੰ ਵਰਨਣ ਕਰ ਦਿਤਾ। ਥਾਰਨਡਾਈਕ ਨੇ ਹੀ Theory of connectionism ਦਾ ਨਿਰਮਾਨ ਕੀਤਾ ਥਾਰਨਡਾਈਕ ਨੇ 1595 ਵਿਚ ਆਪਣੀ Ph.D the Thesis ਜਿਸ ਦਾ ਨਾਮ Animal Intelligence ਸੀ ਵਿੱਚ S.R.Connection ਬਾਰੇ ਵਿਸਥਾਰ ਨਾਲ ਪ੍ਰਯੋਗ ਕਰਕੇ ਮਨੋਵਿਗਿਆਨ ਵਿੱਚ ਇਕ ਨਵੀ ਵਿੱਧੀ ਪ੍ਰਦਾਨ ਕੀਤੀ।

1595 ਤੋਂ1930 ਦੇ ਵਿੱਚ ਥਾਰਨਡਾਈਕ ਨੇ ਜੋ ਸਿੱਖਣ ਦੀ ਪਰਿਭਾਸ਼ਾ ਗਰੈਹਣ ਕੀਤੀ ਸੀ। ਉਹ ਇਕ ਮੂਲ ਵਿਆਖਿਆ (fundamental explanation) ਹੈ। ਅਤੇ ਉਸ ਦੀ ਇਸ ਵਿਆਖਿਆ ਵਿਚ ਇਸ ਦੋਰ ਦੇ ਸਮੇ ਵਿਚ ਕੋਈ ਰੱਦੋ ਬਦਲ ਨਹੀ ਕੀਤੀ ਗਈ ਹੈ। ਥਾਰਨਡਾਈਕ ਦੇ ਅਨੁਸਾਰ ਵਿਅਕਤੀ ਜਾਂ ਪਸ਼ੂ ਕਿਸੇ ਕੰਮ ਨੂੰ ਭੁਲ ਅਤੇ ਯਤਨ ਦੀ ਵਿੱਧੀ ਦੁਆਰਾ ਹੀ ਸਿੱਖਦਾ ਹੈ। ਜੀਵ ਦੇ ਸਾਹਮਣੇ ਜਦੋਂ ਕੋਈ ਸਮੱਸਿਆ ਆਉਦੀ ਹੈ ਤਾਂ ਉਹ ਵੱਖ-ਵੱਖ ਤਰ੍ਹਾਂ ਦੀ ਅਨੁਕ੍ਰਿਆ ਕਰਦਾ ਹੈ ਤਾਂ ਕਿ ਸਮੱਸਿਆ ਦਾ ਹੱਲ ਲਭਿਆ ਜਾ ਸਕੇ । ਇਸ ਲਈ ਉਸ ਵੱਲੋ ਕੀਤੇ ਗਏ ਵੱਖ-ਵੱਖ ਪ੍ਰਤੀਕ੍ਰਿਆ (response) ਨੂੰ ਚੁਣ ਲਿਆ ਜਾਦਾ ਹੈ ਜਿਸ ਦੁਆਰਾ ਉਸ ਪ੍ਰਤੀਕ੍ਰਿਆ ਦਾ connection ਉਸ Stimulus ਨਾਲ ਹੋ ਜਾਂਦਾ ਹੋਵੇ। ਜਦੋ ਇਹ ਵੱਖ-ਵੱਖ ਪ੍ਰਤੀਕ੍ਰਿਆ ਦਿੰਦਾ ਹੈ ਤਾਂ ਉਸ ਸਮੇ ਉਹ ਯਤਨ ਵਿਚ ਹੁੰਦਾ ਹੈ ਅਤੇ ਇਸ ਕੋਸ਼ਿਸ਼ ਦੇ ਸਮੇ ਵਿਚ ਉਸ ਤੋ ਵੱਖ-ਵੱਖ ਗਲਤੀਆ ਵੀ ਹੁੰਦੀਆ ਹਨ ਆਖਰ ਉਹ ਇਹ ਵੱਖ-ਵੱਖ ਪ੍ਰਤੀਕ੍ਰਿਆ ਕਰਨ ਤੋ ਬਾਅਦ ਸਹੀ ਪ੍ਰਤੀਕ੍ਰਿਆ ਤੇ ਪਹੁੰਚ ਜਾਦਾ ਹੈ ਅਤੇ ਸਮੱਸਿਆ ਦਾ ਹੱਲ ਨਿਕਲ ਆਉਦਾ ਹੈ। ਥਾਰਨਡਾਈਕ ਨੇ ਸਹੀ ਅਨੁਕਿਰਿਆ ਨੂੰ ਪਰਿਭਾਸ਼ਿਤ ਕਰਦੇ ਹੋਏ ਕਿਹਾ ਹੈ ਕਿ ਸਹੀ ਅਨੁਕਿਰਿਆ ਉਹ ਅਨੁਕਿਰਿਆ ਹੁੰਦੀ ਹੈ ਜਿਸ ਦੇ ਕਰਨ ਤੋ ਬਾਅਦ ਪੁਰਨਬਲਨ (Reinforcement) ਪ੍ਰਣਾਲੀ ਨੂੰ ਮਿਲਦੀ ਹੈ ਅਤੇ ਇਹੀ ਕਾਰਨ ਹੈ ਕੀ ਥਾਰਨਡਾਈਕ ਦੇ ਸਿਖਣ ਦੇ ਸਵਿਧਾਨ ਨੂੰ S.R.Reinforcement Theory ਵਿਚ ਰੱਖਿਆ ਗਿਆ ਹੈ। ਜਦੋਂ ਪ੍ਰਾਣੀ ਸਹੀ ਅਨੁਕਿਰਿਆ ਕਰ ਲੈਂਦਾ ਹੈ ਤਾਂ ਬਾਅਦ ਵਿਚ ਉਸ ਖਾਸ Stimulus ਨਾਲ ਜੁੜ ਜਾਂਦਾ ਹੈ ਇਸ ਤਰ੍ਹਾਂ ਦੇ ਸੰਬੰਧ ਨੂੰ ਜਦੋਂ ਵਾਰ-ਵਾਰ ਕੀਤਾ ਜਾਂਦਾ ਹੈ ਤਾਂ ਉਸ Connection ਨਾਲ ਵਿਅਕਤੀ ਸਿੱਖਣ ਦੀ ਪ੍ਰਕਿਰਿਆ ਪੂਰੀ ਕਰ ਲੈਂਦਾ ਹੈ।


ਥਾਰਨਡਾਈਕ ਦਾ ਵਿਚਾਰ ਹੈ ਕਿ ਪ੍ਰਾਣੀ ਦੇ ਕੰਮ ਵਿੱਚ ਬੁੱਧੀ , ਕਲਪਨਾ, ਚਿੰਤਨ, ਅਨੁਕੂਲਨ ਅਤੇ ਅੰਤਰਦ੍ਰਿਸ਼ਟੀ ਦੀ ਵਰਤੋ ਨਹੀ ਕਰਦਾ ਸਗੋਂ ਜਦੋਂ ਉਹ ਨਵੀਂ ਸਥਿਤੀ ਦਾ ਸਾਹਮਣਾ ਕਰਦਾ ਹੈ ਤਾਂ ਉਹ ਬੇ-ਤਰਤੀਬੀ ਗਤੀਆਂ ਕਰਦਾ ਹੈ । ਅਤੇ ਵਾਰ-ਵਾਰ ਕਰਨ ਨਾਲ ਅਸਫਲ ਗਤੀਆ ਅਲੋਪ ਹੋ ਜਾਂਦੀਆ ਹਨ। ਅਤੇ ਸਫਲ ਗਤੀਆ ਦਾ ਸਥਿਰਨ ਹੋ ਜਾਦਾ ਹੈ ਸਿੱਖਣ ਵਾਲੇ ਨੂੰ ਅਚਾਨਕ ਸਫਲਤਾ ਮਿਲ ਜਾਦੀ ਹੈ ।

ਜਿਵੇਂ ਕਿ ਪਹਿਲਾਂ ਦੱਸਿਆ ਜਾ ਚੁੱਕਾ ਹੈ ਕਿ Alexander Bain,Morgan ਨੇ ਵੀ Trial and Error Learning ਉਤੇ Experiment ਕਰਨ ਦੀ ਕੋਸ਼ਿਸ਼ ਕੀਤੀ ਸੀ। ਪਰ ਕਿਉਕਿ ਥਾਰਨਡਾਈਕ ਦੀ Theory ਨੂੰ ਮਾਨਤਾ ਪ੍ਰਾਪਤ ਹੋਈ ਹੈ ਇਸ ਲਈ ਥਾਰਨਡਾਈਕ ਮਨੋਵਿਗਿਆਨੀ ਵਲੋ ਵੱਖ-ਵੱਖ ਜਾਨਵਰਾ ਉੱਤੇ ਕਿਤੇ Experiments ਨੂੰ ਵਰਨਣ ਕੀਤਾ ਜਾ ਰਿਹਾ ਹੈ।

### 1.5.3.1 ਥਾਰਨਡਾਈਕ ਦਾ ਮੱਛੀ ਤੇ ਪ੍ਰਯੋਗ ।

ਸਭ ਤੋ ਪਹਿਲਾ ਥਾਰਨਡਾਈਕ ਨੇ ਮੱਛੀਆ ਤੇ ਪ੍ਰਯੋਗ ਕੀਤੇ। ਅਤੇ ਇਹ ਸਿਟਾ ਕੱਢਿਆ ਕਿ ਸਭ ਤੋ ਘੱਟ ਬੁੱਧੀ ਵਾਲਾ ਜੀਵ (ਮੱਛੀ)ਯਤਨ ਅਤੇ ਭੁੱਲ ਵਿਧੀ ਦੁਆਰਾ ਸਿਖਦਾ ਹੈ। ਇਕ ਐਕਵੈਰੀਅਮ (Acquariam)(ਇਹ ਇਕ ਤਰ੍ਹਾਂ ਦਾ ਵੱਡਾ ਬੋਕਸ ਹੁੰਦਾ ਹੈ। ਜਿਸ ਵਿਚ ਮੱਛੀਆ ਨੂੰ ਪਾਣੀ ਵਿਚ ਰੱਖਿਆ ਜਾਦਾ ਹੈ) ਐਕਵੈਰੀਅਮ ਚਾਰ ਫੁੱਟ ਲੰਬੀ ਅਤੇ ਤਿੰਨ ਫੁੱਟ ਚੋੜੀ ਲਈ ਗਈ ਉਸ ਵਿਚ ਨੌ ਇੰਚ ਪਾਣੀ ਭਰ ਲਿਆ ਗਿਆ ਐਕਵੈਰੀਅਮ ਦੇ ਅੱਧ ਵਿਚ ਇਕ ਸੀਸ਼ੇ ਦੀ ਸਲਾਈਡ ਜਿਸ ਵਿਚ ਇਕ ਸੁਰਾਖ ਸੀ ਫਿਟ ਕੀਤਾ ਗਿਆ। ਉਸ ਦਾ ਅੱਧਾ ਹਿਸਾ ਛਾਂ

ਵੱਲ ਕਰ ਦਿਤਾ ਗਿਆ ਅਤੇ ਅੱਧੇ ਹਿਸੇ ਵਿਚ ਧੁੱਪ ਪੈਣ ਦਿਤੀ ਗਈ। ਮੱਛੀ ਧੁੱਪ ਤੋ ਆਪਣੇ ਆਪ ਨੂੰ ਬਚਾਉਦੀ ਹੈ। ਅਤੇ ਛਾਂ ਵਾਲੇ ਭਾਗ ਵਿਚ ਰਹਿਣਾ ਪਸੰਦ ਕਰਦੀ ਹੈ। ਇਸ ਪ੍ਰਯੋਗ ਵਿਚ ਥਾਰਨਡਾਈਕ ਨੇ ਕੁਝ ਖਾਣ ਨੂੰ ਛਾਂ ਵਾਲੇ ਪਾਸੇ ਰੱਖ ਦਿਤਾ ਅਤੇ ਕੁੱਝ ਮੱਛੀਆਂ ਛੱਡ ਦਿਤੀਆਂ । ਇਕ ਮੱਛੀ ਨੂੰ ਧੁਪ ਵਾਲੇ ਪਾਸੇ ਛੱਡ ਦਿਤਾ ਗਿਆ।


ਐਕਵੇਰੀਅਮ


ਦੇਖਣ ਨੂੰ ਇਹ ਆਇਆ ਕਿ ਮੱਛੀ ਧੁੱਪ ਤੋ ਬਚਣ ਲਈ ਅਤੇ ਆਪਣੇ ਛਾਂ ਵਾਲੇ ਪਾਸੇ ਮੱਛੀਆਂ ਨੂੰ ਦੇਖਦੀ ਹੋਈ ਸਲਾਈਡ ਵੱਲ ਜਾਣ ਦੀ ਕੋਸ਼ਿਸ਼ ਕਰ ਰਹੀ ਸੀ। ਅਤੇ ਸਲਾਈਡ ਦੇ ਸੁਰਾਖ ਨੂੰ ਲੱਭਣ ਤੇ ਉਹ ਛਾਂ ਵੱਲ ਜਾਣ ਲੱਗੀ ।ਇਸ ਤਰ੍ਹਾਂ ਮੱਛੀ ਨੂੰ ਸੁਰਾਖ ਲੱਭਣ ਲਈ ਵੱਖ-ਵੱਖ ਤਰ੍ਹਾਂ ਦੀਆ ਹਰਕਤਾ ਦੇਖਣ ਨੂੰ ਮਿਲੀਆਂ।ਅਤੇ ਜਦੋ ਉਸ ਨੂੰ ਸੁਰਾਖ ਮਿਲ ਗਿਆ ਤਾਂ ਉਹ ਉਸ ਸੁਰਾਖ ਵਿਚ ਨੂੰ ਹੀ ਛਾਂ ਵਾਲੇ ਪਾਸੇ ਵੱਲ ਜਾਣ ਲੱਗੀ। ਇਸ ਤਰ੍ਹਾਂ ਵਾਰ-ਵਾਰ ਇਹ ਪ੍ਰਯੋਗ ਕਰਨ ਤੇ ਦੇਖਣ ਨੂੰ ਮਿਲਿਆ ਕੀ ਉਨ੍ਹਾਂ ਨੇ ਆਪਣੇ ਅਨੁਭਵ ਤੋ ਫਾਈਦਾ ਉਠਾ ਕੇ ਆਪਣੀਆ ਹਰਕਤਾ ਅਤੇ ਗਲਤੀਆਂ ਖਤਮ ਕੀਤੀਆਂ ਅਤੇ ਉਸ ਸੁਰਾਖ ਦਾ ਪ੍ਰਯੋਗ ਕੀਤਾ। ਇਸ ਤਰ੍ਹਾਂ ਥਾਰਨਡਾਈਕ ਨੇ ਇਸ ਪ੍ਰਯੋਗ ਦੁਆਰਾ ਇਹ ਦੇਖਿਆ ਕਿ ਮੱਛੀਆਂ ਨੇ Trial and Error Theory ਦੁਆਰਾ ਸਿੱਖ ਲਿਆ। ਇਸ ਤਰ੍ਹਾਂ ਵਾਰ-ਵਾਰ ਵੱਖ-ਵੱਖ ਮੱਛੀਆਂ ਤੇ ਇਹ ਪ੍ਰਯੋਗ ਦੁਹਰਾਇਆ ।

### 1.5.3.2 ਥਾਰਨਡਾਈਕ ਦਾ ਚੂਹਿਆਂ ਤੇ ਪ੍ਰਯੋਗ

ਥਾਰਨਡਾਈਕ ਨੇ ਇਸ ਪ੍ਰਯੋਗ ਵਿਚ ਇਕ ਮੇਜ ਦਾ ਪ੍ਰਯੋਗ ਕੀਤਾ। ਇਸ ਮੇਜ ਵਿਚ A ਬਿੰਦੂ ਤੋ ਚਾਰ ਸੰਭਵ ਬਾਹਰ ਜਾਣ ਦੇ ਰਸਤੇ ਮੋਜੂਦ ਸਨ। ਪਰ ਇਨ੍ਹਾ ਵਿਚੋ ਇਕ ਸਹੀ ਰਸਤਾ ਹੈ ਜਿਹੜਾ ਕਿ ਚੂਹਿਆ ਨੂੰ ਬਾਹਰ ਜਾਣ ਲਈ ਸਮਰਥ ਬਣਾਉਦਾ ਹੈ ਜਿਥੇ ਚੂਹੇ ਦੇ ਲਈ ਖਾਣ ਲਈ ਦਾਣੇ ਅਤੇ ਉਸ ਦੇ ਬਾਕੀ ਸਾਥੀ ਚੂਹੇ ਵੀ ਸਨ ।

Goal

A




## ਚੂਹਿਆਂ ਉਤੇ ਪ੍ਰਯੋਗ ਕੀਤਾ ਮੇਜ਼

ਥਾਰਨਡਾਈਕ ਨੇ ਚੂਹੇ ਦਾ ਵੀ ਵਿਵਹਾਰ ਮੱਛੀ ਵਾਂਗ ਹੀ ਨੋਟ ਕੀਤਾ। ਚੂਹਾ ਵੱਖ-ਵੱਖ ਰਸਤਿਆਂ ਵੱਲ ਨੂੰ ਜਾਂਦਾ ਪਰ ਉਸ ਨੂੰ ਰਸਤੇ ਦੇ ਆਖਰ ਵਿਚ ਬੰਦ ਰਸਤੇ(Blind Alleys)ਮਿਲਦੇ ਅਚਾਨਕ ਹੀ ਉਸ ਨੂੰ ਸਹੀ ਰਸਤਾ ਲੱਭ ਗਿਆ ਅਤੇ ਉਹ ਬਾਹਰ ਚਲਾ ਗਿਆ। ਇਸ ਤਰ੍ਹਾਂ ਥਾਰਨਡਾਈਕ ਨੇ ਇਸ ਪ੍ਰਕਿਰਿਆ ਨੂੰ ਵਾਰ-ਵਾਰ ਚੂਹੇ ਦੇ ਕਰਨ ਤੇ ਇਹ ਦੇਖਿਆ ਕਿ ਉਸ ਦਾ ਸਮਾ ਅਤੇ ਗਲਤੀਆ ਘੱਟ ਗਈਆ ਅਤੇ ਇਸ ਪ੍ਰਕਾਰ ਉਹ ਯਤਨ ਅਤੇ ਤਰੁੱਟੀ ਵਿੱਧੀ ਦੁਆਰਾ ਮੇਜ ਵਿੱਚੋ ਬਾਹਰ ਆਉਣਾ ਸਿੱਖ ਗਿਆ।ਅਤੇ ਇਸੇ ਤਰ੍ਹਾਂ ਬਾਕੀ ਚੂਹਿਆ ਤੇ ਵੀ ਇਹ ਪ੍ਰਯੋਗ ਕੀਤਾ ਗਿਆ ਅਤੇ ਦੇਖਿਆ ਗਿਆ ਕਿ ਚੂਹੇ ਭੁੱਲ ਅਤੇ ਯਤਨ ਵਿੱਧੀ ਦੁਆਰਾ ਸਿੱਖ ਜਾਦੇ ਸਨ।

### 1.5.3.3 ਥਾਰਨਡਾਈਕ ਦਾ ਬਿੱਲੀਆਂ ਤੇ ਪ੍ਰਯੋਗ।

ਥਾਰਨਡਾਈਕ ਨੇ ਬਿਲੀਆਂ ਉਤੇ ਪ੍ਰਯੋਗ ਸਿਖਣ ਦੇ ਯਤਨ ਅਤੇ ਭੁੱਲ ਵਿਧੀ ਨੂੰ ਸਭ ਤੋ ਮਹੱਤਵਪੂਰਨ ਅਤੇ ਵਿਗਿਆਨਕ ਮੰਨਿਆ ਹੈ। ਥਾਰਨਡਾਈਕ ਨੇ ਇਕ ਪਜਲ ਬਾਕਸ(Puzzle Box) ਖਾਸ ਕਿਸਮ ਦਾ ਤਿਆਰ ਕੀਤਾ। ਜਿਸ ਵਿਚ ਇਕ ਪਾਸੇ ਲੀਵਰ ਲੱਗਾ ਹੋਈਆ ਸੀ। ਉਸ ਲੀਵਰ ਦੇ ਦਬਾਉਣ ਨਾਲ ਬਾਕਸ ਦਾ ਦਰਵਾਜਾ ਖੁੱਲ ਜਾਦਾ ਸੀ। ਉਸ ਨੇ ਇਕ ਬਿੱਲੀ ਨੂੰ 24 ਘੰਟੇ ਭੁਖੀ ਰੱਖਿਆ ਤੇ ਉਸ ਨੂੰ Puzzle Box ਵਿਚ ਬੰਦ ਕਰ ਦਿੱਤਾ ਤੇ ਬਾਹਰ ਇਕ ਗੋਸਤ ਦਾ ਟੁਕੜਾ ਰੱਖ ਦਿੱਤਾ । ਬਿੱਲੀ ਭੁਖੀ ਹੋਣ ਕਰਕੇ ਉਸ ਗੋਸਤ ਦੇ ਟੁਕੜੇ ਨੂੰ ਪ੍ਰਾਪਤ ਕਰਨਾ ਚਾਹੁੰਦੀ ਸੀ। ਇਸ ਲਈ ਉਹ ਪਿੰਜਰੇ ਦੇ ਚਾਰੇ ਪਾਸੇ ਆਪਣੇ ਪੰਜੇ ਮਾਰਦੀ ਰਹੀ ਤੇ ਇਧਰ-ਉਧਰ ਉਛਲਦੀ ਕੁਦੱਦੀ ਰਹੀ। ਭਰ ਦਰਵਾਜਾ ਨਹੀ ਖੁਲੀਆ । ਅਚਾਨਕ ਉਸ ਦਾ ਪੇਰ ਲੀਵਰ ਤੇ ਆ ਗਿਆ ਤਾਂ ਦਰਵਾਜਾ ਖੁਲ ਗਿਆ। ਉਹ ਬਾਹਰ ਆ ਗਈ । ਇਸ ਤਰ੍ਹਾਂ ਥਾਰਨਡਾਈਕ ਨੇ ਉਸ ਨੂੰ ਦੁਬਾਰਾ ਉਸ ਪਿੰਜਰੇ ਵਿਚ




ਤਾੜ ਦਿੱਤਾ। ਉਹ ਦੁਬਾਰਾ ਕੋਸ਼ੀਸ਼ ਕਰਨ ਲੱਗੀ ਤੇ ਉਸ ਤੋ ਲੀਵਰ ਨੂੰ ਦਬਣ ਨਾਲ ਦਰਵਾਜਾ ਖੁਲ ਗਿਆ । ਇਸ ਤਰ੍ਹਾਂ ਥਾਰਨਡਾਈਕ ਨੇ 20 ਯਤਨ ਹਰ ਰੋਜ ਕਰਕੇ ਪੰਜ ਦਿਨ ਵਿੱਚ ਸੌ ਯਤਨ ਬਿੱਲੀ ਨੂੰ ਦਿਤੇ ਅਤੇ ਆਖਰ ਵਿੱਚ ਇਹ ਦੇਖਿਆ ਗਿਆ ਕਿ ਬਿੱਲੀ ਗਲਤ ਹਰਕਤਾ ਛੱਡਦੀ ਗਈ ਅਤੇ ਸਿਧੀ ਲੀਵਰ ਨੂੰ ਦਬਾ ਕੇ ਬਾਹਰ ਆਉਣ ਲੱਗੀ। ਜਿਸ ਨਾਲ ਸਮਾ ਵੀ ਘੱਟ ਲੱਗਣ ਲੱਗਾ ਅਤੇ ਗਲਤੀਆ ਵੀ ਘੱਟ ਹੁੰਦੀਆ ਗਈਆ ਇਹੀ ਪ੍ਰਯੋਗ ਥਾਰਨਡਾਈਕ ਨੇ ਕਈ ਹੋਰ ਬਿਲੀਆ ਤੇ ਦੁਹਰਾਇਆ ਅਤੇ ਇਸ ਨਤੀਜੇ ਤੇ ਪਹੁੰਚਿਆ ਕਿ ਬਿੱਲੀ ਯਤਨ ਅਤੇ ਭੁੱਲ ਵਿਧੀ ਦੁਆਰਾ ਸਿੱਖ ਗਈ।

ਇਸ ਪ੍ਰਯੋਗ ਤੋ ਇਲਾਵਾ ਥਾਰਨਡਾਈਕ ਨੇ ਕੁਤਿਆ ਅਤੇ ਬਾਂਦਰਾ ਤੇ ਵੀ ਪੱਜਲ ਬਾਕਸ ਦੀ ਵਰਤੋ ਕਰਕੇ ਪ੍ਰਯੋਗ ਕੀਤੇ ਅਤੇ ਇਸ ਸਿਟੇ ਤੇ ਪਹੁੰਚਿਆ ਕਿ ਬਿੱਲੀਆ ਹੀ ਨਹੀ ਸਗੋ ਕੁੱਤੇ ਅਤੇ ਬਾਂਦਰ ਵੀ ਬਿਲੀ ਵਾਂਗ ਯਤਨ ਅਤੇ ਭੁੱਲ ਵਿਧੀ ਦੁਆਰਾ ਸਿੱਖਦੇ ਹਨ। ਇਸ ਤੋ ਇਲਾਵਾ ਥਾਰਨਡਾਈਕ ਨੇ ਚੂਹਿਆਂ ਤੇ ਵੀ ਪ੍ਰਯੋਗ ਕੀਤੇ। ਜਿਸ ਵਿੱਚ ਕਈ ਰਸਤੇ ਸਨ। ਇਕ ਰਸਤੇ ਨੂੰ ਛੱਡ ਕੇ ਬਾਕੀ ਸਾਰੇ ਰਸਤੇ ਆਖਰ ਵਿੱਚ ਆ ਕੇ ਬੰਦ ਹੋ ਜਾਦੇ ਸਨ

ਜੇ ਚੂਹਾ ਗਲਤ ਰਸਤੇ ਤੇ ਜਾਦਾ ਸੀ ਤਾਂ ਉਸ ਨੂੰ ਕਰੰਟ ਲਗਦਾ ਸੀ। ਅਤੇ ਜੇ ਉਹ ਸਹੀ ਰਸਤੇ ਤੇ ਜਾਦਾ ਸੀ ਤਾਂ ਉਹ ਬਾਹਰ ਨਿਕਲ ਸਕਦਾ ਸੀ। ਜਿਥੇ ਉਸ ਨੂੰ ਭੋਜਨ ਮਿਲ ਜਾਦਾ ਸੀ । ਇਸ ਤਰ੍ਹਾਂ ਥਾਰਨਡਾਈਕ ਨੇ ਦੇਖਿਆ ਕਿ ਕਰੰਟ ਲਗਣ ਵਾਲੇ ਰਸਤੇ ਨੂੰ ਛਡ ਦਿਤਾ ਅਤੇ ਸਹੀ ਰਸਤੇ ਨੂੰ ਚੁਣ ਲਿਆ ਅਤੇ ਯਤਨ ਅਤੇ ਭੁੱਲ ਵਿਧੀ ਦੁਆਰਾ ਸਿੱਖ ਗਿਆ।

### 1.5.4 ਯਤਨ ਅਤੇ ਭੁੱਲ ਵਿੱਧੀ ਦੀਆਂ ਵਿਸ਼ੇਸ਼ਤਾਈਆਂ:-

ਥਾਰਨਡਾਈਕ ਤੋ ਇਲਾਵਾ Mcdougall, Miller ਅਤੇ Dollard ਆਦਿ ਮਨੋਵਿਗਿਆਨੀਆ ਨੇ ਵੀ ਯਤਨ ਅਤੇ ਭੁੱਲ ਸਿਧਾਂਤ ਦੇ ਦੁਆਰਾ ਪ੍ਰਯੋਗ ਕਰਕੇ ਇਹ ਸਿੱਧ ਕੀਤਾ ਕਿ ਪਸ਼ੂ ਅਤੇ ਇਨਸਾਨ ਇਸ ਵਿਧੀ ਦੁਆਰਾ ਸਿੱਖ ਸਕਦੇ ਹਨ। ਥਾਰਨਡਾਈਕ ਨੇ ਇਸ ਪ੍ਰਯੋਗ ਤੋ ਬਾਅਦ ਕੁੱਝ ਅਜਿਹੀਆ ਯਤਨ ਅਤੇ ਭੁੱਲ ਸਿਧਾਂਤ ਦੀਆ ਵਿਸ਼ੇਸ਼ਤਾਈਆ ਜਾਂ ਮੁੱਖ ਕਿਰਿਆਵਾ ਨੂੰ ਦੱਸਿਆ ਜਿਹੜੀਆ ਕੀ ਹੇਠਾ ਲਿਖੀਆ ਹਨ।-

**1.5.4.1 Drive:-** ਥਾਰਨਡਾਈਕ ਨੇ ਬਿੱਲੀ ਨੂੰ ਪਹਿਲਾਂ 24 ਘੰਟੇ ਭੁੱਖੀ ਰੱਖਿਆ ਤਾਂ ਕਿ ਉਸ ਵਿੱਚ Drive ਪੈਦਾ ਹੋ ਸਕੇ। ਭੁੱਖ ਦੀ ਪ੍ਰੇਰਨਾ ਨੇ ਬਿੱਲੀ ਨੂੰ ਬਾਹਰ ਜਾਣ ਲਈ ਪ੍ਰੇਰਿਤ ਕੀਤਾ ਕਿਉਂਕਿ ਬਾਕਸ ਤੋਂ ਬਾਹਰ ਉਸ ਦੇ ਖਾਣ ਲਈ ਗੋਸਤ ਪਿਆ ਸੀ। ਜਿਸ ਕਰਕੇ ਉਸ ਦੀ ਪ੍ਰੇਰਣਾ ਦੀ ਤਿਬਰਤਾ ਵਧੀ ਹੋਈ ਸੀ।

**1.5.4.2 Goal:-** ਥਾਰਨਡਾਈਕ ਨੇ ਇਹ ਵੀ ਦੇਖਿਆ ਕੀ ਜਦੋ ਤਕ ਜੀਵ ਅੱਗੇ ਕੋਈ ਗੋਲ ਨਹੀ ਹੁੰਦਾ ਭਾਵ ਕੋਈ ਮਕਸਦ ਨਹੀ ਹੁੰਦਾ ਉਸ ਸਮੇ ਤੱਕ ਉਹ ਭਜ-ਦੋੜ ਨਹੀ ਕਰਦਾ।ਬਿੱਲੀ ਪਿਜਰੇ ਤੋ ਬਾਹਰ ਜਾ ਕੇ ਆਪਣੇ ਭੋਜਨ ਨੂੰ ਖਾਣ ਤੇ ਟੀਚੇ ਦੇ ਤੋਰ ਤੇ ਬਾਹਰ ਨਿਕਲਨਾ ਚਾਹੁੰਦੀ ਸੀ ।ਇਹੀ ਉਸ ਦਾ Goal ਸੀ।

**1.5.4.3 Block:-** ਬਲੋਕ ਤੋ ਭਾਵ ਰੁਕਾਵਟ ਤੋ ਲਿਆ ਜਾਦਾ ਹੈ। ਥਾਰਨਡਾਈਕ ਨੇ ਦੇਖਿਆ ਕੀ ਉਸ ਦੇ ਗੋਲ ਤੱਕ ਪਹੁੰਚਣ ਲਈ ਜੇ ਰੁਕਾਵਟ ਨਾ ਹੁੰਦੀ ਭਾਵ ਦਰਵਾਜਾ ਖੁੱਲਾ ਹੁੰਦਾ ਤਾਂ ਉਹ ਯਤਨ ਅਤੇ ਭੁੱਲ ਵਿੱਧੀ ਨੂੰ ਲਾਗੂ ਨਾ ਕਰਦੀ । ਦਰਵਾਜੇ ਦਾ ਬੰਦ ਹੋਣਾ ਉਹ ਵੀ ਲੀਵਰ ਨਾਲ ਖੁਲਣਾ ਇਕ ਬਲੋਕ ਦੇ ਤੋਰ ਤੇ ਰੱਖਿਆ ਗਿਆ ਸੀ।

**1.5.4.4 Random movements:-** ਬਿੱਲੀ ਕਿਉਕਿ ਪਿੰਜਰੇ ਤੋ ਬਾਹਰ ਨਿਕਲਨਾ ਚਾਹੁੰਦੀ ਸੀ।ਅਤੇ ਦਰਵਾਜਾ ਬੰਦ ਸੀ । ਇਸ ਕਰਕੇ ਉਸ ਨੇ ਉਲਟ ਪੁਲਟ ਹਰਕਤਾ ਕੀਤੀਆ ਤਾਂਕਿ ਉਹ ਬਾਹਰ ਨਿਕਲ ਸਕੇ।

**1.5.4.5 Change success:-** ਉਲਟ ਪੁਲਟ ਹਰਕਤਾਂ ਬਾਅਦ ਅਚਾਨਕ ਬਿਲੀ ਨੂੰ ਕਾਮਯਾਬੀ (success) ਮਿਲੀ । ਇਹ ਕਾਮਯਾਬੀ ਉਸ ਦੀ ਸੁਝ ਦੁਆਰਾ ਨਹੀ ਬਲਕਿ ਅਚਾਨਕ ਉਸ ਦਾ ਪੈਰ ਲੀਵਰ ਤੇ ਆ ਗਿਆ ਅਤੇ ਉਸ ਨੂੰ ਕਾਮਯਾਬੀ ਮਿਲ ਗਈ ਭਾਵ ਦਰਵਾਜਾ ਖੁੱਲ ਗਿਆ ਅਤੇ ਉਹ ਬਾਹਰ ਆ ਗਈ ।

**1.5.4.6 Selection of Proper movement:-** ਜਦੋ ਥਾਰਨਡਾਈਕ ਨੇ ਵਾਰ-ਵਾਰ ਬਿੱਲੀ ਤੇ ਯਤਨ ਕੀਤੇ । ਤਾਂ ਬਿੱਲੀ ਗਲਤ ਹਰਕਤਾ ਨੂੰ ਛਡਣ ਲੱਗੀ ਅਤੇ ਸਹੀ ਹਰਕਤ੍ਹਾਂ ਨੂੰ Select ਕਰਨ ਲੱਗੀ । ਜਿਸ ਨਾਲ ਉਸ ਦਾ ਸਮਾਂ ਵੀ ਘਟਣ ਲੱਗਿਆ ਅਤੇ ਉਸ ਦੀਆਂ ਉਲਟ ਪੁਲਟ ਹਰਕਤਾਂ ਵੀ ਘਟੀਆਂ।

**1.5.4.7 Fixation:-** ਆਖਰ ਵਿਚ ਬਿੱਲੀ ਨੇ ਪਿਜਰੇ ਤੋਂ ਬਾਹਰ ਨਿਕਲਨ ਲਈ ਦਰਵਾਜੇ ਨੂੰ ਖੋਲਣ ਦਾ ਸਹੀ ਰਸਤੇ ਨੂੰ Fix ਕੀਤਾ।ਅਤੇ ਸਾਰੀਆਂ ਹਰਕਤਾਂ ਨੂੰ ਛੱਡ ਦਿਤਾ । ਦੂਜੇ ਸ਼ਬਦਾਂ ਵਿਚ ਅਸੀ ਕਹਿ ਸਕਦੇ ਹਾਂ ਕਿ ਬਿਨਾ ਕੋਈ ਗਲਤੀ ਦੇ ਦਰਵਾਜਾ ਖੋਲਣ ਵਿੱਚ ਕਮਯਾਬ ਹੋਈ।

ਥਾਰਨਡਾਈਕ ਨੇ ਇਸ ਸਿਧਾਂਤ ਨੂੰ "Learning by selecting and connecting"ਕਿਹਾ ਕਿਉਂਕਿ ਇਸ ਵਿਚ ਸਹੀ ਅਤੇ ਖਾਸ response select ਕੀਤੇ ਜਾਦੇਂ ਹਨ।ਅਤੇ ਉਹਨਾ ਨੂੰ ਹੀ ਆਪਸ ਵਿਚ connectਕਰ ਲਿਆ ਜਾਂਦਾ ਹੈ। ਜਿਸ ਨਾਲ ਵਿਅਕਤੀ ਸਿੱਖ ਜਾਂਦਾ ਹੈ ਭਾਵ ਉਤੇਜਕ (Stimulus) ਦਾ ਪ੍ਰਤੀਕ੍ਰਿਆ (response)ਨਾਲ ਇਕ connection ਹੋ ਜਾਂਦਾ ਹੈ।ਇਹ connection ਵਿਅਕਤੀ ਦੇ Nervous System ਵਿਚ ਪੈਦਾ ਹੋ ਜਾਦਾ ਜਿਸ ਕਰਕੇ Learning ਹੋ ਜਾਂਦੀ ਹੈ। ਇਸੇ ਕਰਕੇ ਅਸੀ ਕਹਿ ਸਕਦੇ ਹਾਂ।

There is a definate association between sense impression and impulses to action. This Association is known as a bond or connection.Since it is these bonds or connections which are strengethened or weakened in the making and breaking of habits.Thorndike's system is some times called "Bond Psychology"or simply"Connectionism".

ਇਸ ਸਿਧਾਂਤ ਨੂੰ ਦਿੰਦੇ ਸਮੇਂ ਕੁਝ ਅਜਿਹੇ ਨਿਯਮਾਂ ਦਾ ਵੀ ਵਰਨਣ ਕੀਤਾ ਜਿਨਾ ਨੂੰ Laws of Learning ਕਿਹਾ ਜਾਂਦਾ ਹੈ।

## 1.5.5 . ਸਿੱਖਣ ਦੇ ਨਿਯਮ (Laws of Learning)

ਥਾਰਨਡਾਈਕ ਨੇ ਪਹਿਲੀ ਵਾਰ Learning ਦੇ Laws ਦਿੱਤੇ ਜਿਹੜੇ ਕਿ ਸਿੱਖਣ ਦੇ ਕਾਰਨ ਦੀ ਵੀ ਵਿਆਖਿਆ ਕਰਦੇ ਹਨ। ਇਹ ਨਿਯਮ ਹੇਠਾ ਲਿਖੇ ਹਨ:-

**5.5.1. ਅਭਿਆਸ ਦਾ ਨਿਯਮ**(law of Exercise)

**5.5.2. ਤੱਤਪ੍ਰਤਾ ਦਾ ਨਿਯਮ** (Law of Readiness)

**5.5.3. ਪ੍ਰਭਾਵ ਦਾ ਨਿਯਮ** (Law of Effect)

**1.5.5.1 ਅਭਿਆਸ ਦਾ ਨਿਯਮ (law of exercise):-** ਅਭਿਆਸ ਦਾ ਨਿਯਮ ਨੂੰ ਆਦਤ ਨਿਰਮਾਨ ਦਾ ਨਿਯਮ (Law of habit formation) ਵੀ ਕਿਹਾ ਜਾਂਦਾ ਹੈ। ਇਸ ਦਾ ਅਰਥ ਹੈ ਜੇਕਰ ਕਿਸੇ ਕਿਰਿਆ ਨੂੰ ਵਾਰ ਵਾਰ ਦੁਹਰਾਇਆ ਜਾਵੇ ਤਾਂ ਉਹ ਕਿਰਿਆ ਜਾਂ ਕਾਰਜ ਮਜਬੂਤ ਹੋ ਜਾਂਦਾ ਹੈ। ਉਧਾਹਰਨ ਵਜੋ ਜੇਕਰ ਅਸੀ ਕੋਈ ਸਬਕ ਪੜਦੇ ਹਾਂ ਅਤੇ ਉਸ ਨੂੰ ਵਾਰ ਵਾਰ ਦੁਹਰਾਉਦੇ ਹਾਂ ਤਾਂ ਉਸ ਦਾ Connection ਬਹੁੱਤ ਮਜਬੂਤ ਹੋ ਜਾਦਾ ਹੈ ਅਤੇ ਸਾਨੂੰ ਯਾਦ ਹੋ ਜਾਂਦਾ ਹੈ ।ਇਸੇ ਤਰ੍ਹਾਂ ਜੇ ਕੋਈ ਫੁਟਬਾਲ ਦਾ ਖਿਡਾਰੀ ਰੋਜਾਨਾ ਫੁਟਬਾਲ ਖੇਡਣ ਦੀ ਅਭਿਆਸ ਕਰਦਾ ਹੈ। ਤਾਂ ਉਹ ਬਹੁਤ ਚੰਗੀ ਤਰ੍ਹਾਂ ਨਾਲ ਫੁਟਬਾਲ ਖੇਡਣੀ ਸਿੱਖ ਜਾਦਾ ਹੈ ਇਸੇ ਤਰ੍ਹਾਂ ਜੇ ਕੋਈ ਸਕੂਟਰ ਜਾਂ ਮੋਟਰਸਾਇਕਲ ਵਾਰ ਵਾਰ ਚਲਾਉਦਾ ਹੈ ਤਾਂ ਉਸ ਨੂੰ ਚੰਗੀ ਤਰ੍ਹਾਂ ਚਲਾਉਣਾ ਸਿਖ ਜਾਦਾ ਹੈ ।

Hilgard and Bower,1975 ਵਿਚ ਇਸ ਨਿਯਮ ਦੀ ਪਰਿਭਾਸ਼ਾ ਦਿੰਦੇ ਹੋਏ ਕਿਹਾ ਕਿ ਅਭਿਆਸ ਨਿਯਮ ਇਹ ਦੱਸਦਾ ਹੈ ਕਿ ਅਭਿਆਸ ਕਰਨ ਨਾਲ ਅਨੁਕਿਰਿਆ ਦਾ ਸੰਬੰਧ ਮਜਬੂਤ ਹੁੰਦਾ ਹੈ। ਅਤੇ ਅਭਿਆਸ ਰੋਕ ਦੇਣ ਨਾਲ ਸੰਬੰਧ ਕੰਮਜੋਰ ਪੈ ਜਾਦਾ ਹੈ। ਥਾਰਨਡਾਈਕ ਨੇ ਇਸ ਨਿਯਮ ਨੂੰ ਅੱਗੇ ਦੋ ਭਾਗਾ ਵਿੱਚ ਵੰਡਿਆ:-

**1.5.5.1.1 ਉਪਯੋਗ ਦਾ ਨਿਯਮ (Law of Use):-** ਉਪਯੋਗ ਦੇ ਨਿਯਮ ਅਨੁਸਾਰ ਕਿਸੀ ਪ੍ਰਕਿਰਿਆ ਨੂੰ ਕਿਸੇ ਪ੍ਰਸਥਿਤੀ ਵਿਚ ਵਾਰ ਵਾਰ ਉਪਯੋਗ ਕਰਨ ਨਾਲ ਕਿਰਿਆ ਅਤੇ ਪ੍ਰਸਥਿਤੀ ਦਾ ਗੁੱੜਾ ਸੰਬੰਧ ਪੈਦਾ ਹੋ ਜਾਦਾ ਹੈ।

**1.5.5.1.2 ਅਨਉਪਯੋਗ ਦਾ ਨਿਯਮ(Law of Disuse):-** ਅਨਉਪਯੋਗ ਦੇ ਨਿਯਮ ਅਨੁਸਾਰ ਜਦੋਂ ਕੁਝ ਸਮੇਂ ਲਈ ਪ੍ਰਸਥਿਤੀ ਅਤੇ ਪ੍ਰਤੀਕਿਰਿਆ ਵਿੱਚ ਸੰਬੰਧ ਕਾਇਮ ਨਹੀ ਰਹਿ ਸਕਦਾ । ਤਾਂ ਪ੍ਰਸਥਿਤੀ ਅਤੇ ਅਨੁਕਿਰਿਆ ਵਿਚ ਸੰਬੰਧ ਕੰਮਜੋਰ ਹੋ ਜਾਦਾ ਹੈ।

ਇਸ ਤਰ੍ਹਾਂ ਅਸੀ ਕਹਿ ਸਕਦੇ ਹਾਂ ਕਿ ਉਪਯੋਗ ਦਾ ਨਿਯਮ Practiseਦੇ ਨਾਲ Connection ਵਿਚ ਮਜਬੂਤੀ ਪੈਦਾ ਕਰਦਾ ਹੈ। ਦੂਜੇ ਪਾਸੇ ਅਨਉਪਯੋਗ ਦੇ ਨਿਯਮ ਨਾਲ Connection ਵਿੱਚ ਕੰਮਜੋਰੀ ਪੈਦਾ ਹੁੰਦੀ ਹੈ ਭਾਵ ਵਿਅਕਤੀ ਭੁੱਲ ਜਾਦਾ ਹੈ। ਇਸ ਤਰ੍ਹਾਂ ਇਹ ਗੱਲ ਸਾਹਮਣੇ ਆਉਦੀ ਹੈ Practice makes a man perfect.

ਇਸ ਤਰ੍ਹਾਂ ਨਾਲ ਅਭਿਆਸ ਨਿਯਮ ਅਨੁਸਾਰ ਸਿਖਣ ਦੀ ਪ੍ਰਕਿਰਿਆ ਅਭਿਆਸ ਦੇ ਕਰਨ ਨਾਲ ਹੁੰਦੀ ਹੈ । ਪਰ ਕੁਝ ਮਨੋਵਿਗਿਆਨੀ ਨੇ ਅਭਿਆਸ ਨਿਯਮ ਦੀ ਅਲੋਚਨਾ ਕੀਤੀ ਹੈ । ਜਿਹੜੇ ਕਿ ਮੁੱਖ ਤਿੰਨ ਅਲੋਚਨਾਵਾ ਹਠਾਂ ਲਿਖੀਆ ਹਨ:-

ਕੁਝ ਅਲੋਚਕਾ ਦਾ ਵਿਚਾਰ ਹੈ ਕਿ ਸਿਖਣ ਦੀ ਪ੍ਰਕਿਰਿਆ ਸਿਰਫ ਅਭਿਆਸ ਦੇ ਕਰਨ ਨਾਲ ਹੀ ਨਹੀ ਹੁੰਦੀ। ਗੈਸਟਾਲਟ ਮਨੋਵਿਗਿਆਨੀਾ ਨੇ ਪ੍ਰਯੋਗ ਕਰਕੇ ਇਹ ਦਿਖਾ ਦਿਤਾ ਕੀ ਅਭਿਆਸ ਤੋ ਇਲਾਵਾ ਸੂਝ (Insight) ਭਾਵ ਸਮਝ ਦੀ ਵੀ ਜਰੂਰਤ ਪੈਦੀ ਹੈ।

ਥਾਰਨਡਾਈਕ ਨੇ ਅਭਿਆਸ ਨਿਯਮ ਵਿਚ ਇਹ ਵੀ ਦਿਖਾਇਆ ਹੈ ਕਿ ਵਿਅਕਤੀ ਉਸ ਅਨੁਕ੍ਰਿਆ ਨੂੰ ਸਿੱਖਦਾ ਹੈ ਜਿਸ ਨੂੰ ਵਾਰ-ਵਾਰ ਦੁਹਰਾਉਦਾ ਹੈ। ਅਤੇ ਉਸ ਅਨੁਕ੍ਰਿਆ ਨੂੰ ਭੁੱਲ ਜਾਦਾ ਹੈ। ਜਿਸ ਨੂੰ ਵਾਰ ਵਾਰ ਦੁਹਰਾਉਦਾ ਨਹੀ ਹੈ। ਹੁਣ ਇਕ ਨਜਰ ਥਾਰਨਡਾਈਕ ਦੀ ਬਿੱਲੀ ਦੀ ਕਿਰਿਆਵਾ ਤੇ ਪਾਓ। ਬਿੱਲੀ ਭਿੰਨ-ਭਿੰਨ ਕਿਰਿਆਵਾ ਵਿੱਚੋ ਇਕ ਕਿਰਿਆ ਠੀਕ ਕਰਦੀ ਹੈ ਬਾਕੀ ਸਾਰੀਆ ਗਲਤ ਕਿਰਿਆਵਾਂ ਕਰੀ ਜਾਦੀ ਹੈ। ਭਾਵ ਸਹੀ ਅਨੁਕ੍ਰਿਆ ਦਾ ਅਨੁਪਾਤ ਗਲਤ ਅਨੁਕ੍ਰਿਆਵਾਂ ਨਾਲੋ ਬਹੁੱਤ ਹੀ ਘੱਟ ਕੀਤਾ ਜਾਦਾ ਹੈ। ਇਸ ਦਾ ਅਰਥ ਇਹ ਹੈ ਕਿ ਬਿੱਲੀ ਸਹੀ ਅਨੁਕ੍ਰਿਆ ਨੂੰ ਵਾਰ ਵਾਰ ਦੁਹਰਾਉਣ ਨਾਲ ਭੁੱਲ ਜਾਦੀ ਹੈ । ਇਸ ਤਰ੍ਹਾਂ ਥਾਰਨਡਾਈਕ ਦੇ ਅਭਿਆਸ ਨਿਯਮ ਦੀ ਪੁਸਟੀ ਉਸ ਦੇ ਆਪਣੇ ਹੀ ਪ੍ਰਯੋਗ ਵਿੱਚ ਨਹੀ ਹੁੰਦੀ।

ਕੁੱਝ ਅਲੋਚਕਾ ਨੇ ਆਪਣੇ ਪ੍ਰਯੋਗ ਦੇ ਆਧਾਰ ਤੇ ਇਹ ਵੀ ਦਿਖਾਇਆ ਹੈ ਕਿ ਅਭਿਆਸ ਦੀ ਮਾਤਰਾ ਦੋ ਅਵਸਥਾਓ ਤੌਂ ਬਰਾਬਰ ਰਹਿਣ ਨਾਲ ਵੀ ਕਿਸੇ ਇੱਕ ਅਵਸਥਾ ਵਿਚ ਪਰਿਨਾਮ ਗਿਆਨ (Knowledge of results) ਦੇ ਕਾਰਨ ਸਿਖਣ ਦੀ ਪ੍ਰਕਿਰਿਆ ਕੰਮਜੋਰ ਹੋ ਜਾਂਦੀ ਹੈ । Knowledge of results ਦੇ ਨਾਲ ਕੀਤੇ ਗਏ ਅਭਿਆਸ ਦੇ ਨਾਲ ਸਿਖੀ ਗਈ ਅਨੁਕ੍ਰਿਆ ਤੁਲਨਾਤਮਕ ਉਸ ਨਾਲੋ ਜਿਆਦਾ ਮਜਬੂਤ ਹੁੰਦੀ ਹੈ।

ਉਪਰ ਕੀਤੀ ਗਈ ਅਲੋਚਨਾਵਾ ਤੌਂ ਥਾਰਨਡਾਈਕ ਨੇ ਆਪਣੇ ਆਪ ਹੀ ਅਨੁਭਵ ਕੀਤਾ ਫਲਸਰੂਪ ਉਹਨਾ ਨੇ, 1929 ਵਿੱਚ New Haven ਸ਼ਹਿਰ ਵਿੱਚ ਹੋ ਰਹੇ International Congress of Psychology ਦੀ ਕਾਨਫ੍ਰੇਂਸ ਵਿੱਚ ਇਹ ਸ਼ਬਦ ਕਹੇ ਸਨ ਕਿ "ਮੈ ਗਲਤ ਸੀ"(I was wrong).

**1.5.5.2 . ਤੱਤਪ੍ਰਤਾ ਦਾ ਨਿਯਮ (Law of Readiness):-**

ਇਸ ਸਿਧਾਂਤ ਅਨੁਸਾਰ ਜਦੋਂ ਵਿਅਕਤੀ ਸਿੱਖਣ ਲਈ ਮਾਨਸਿਕ ਤੌਰ ਤੇ ਤਿਆਰ ਹੁੰਦਾ ਹੈ ਤਾਂ ਉਹ ਤੇਜੀ ਨਾਲ ਸਿੱਖਦਾ ਹੈ ਅਤੇ ਸਿੱਖਣ ਨਾਲ ਉਸ ਨੂੰ ਸੰਤੁਸਟੀ ਹੁੰਦੀ ਹੈ। ਅਸੀ ਸਿੱਖਣ ਵਾਲੇ ਨੂੰ ਸਿੱਖਣ ਲਈ ਮਜਬੂਰ ਨਹੀ ਕਰ ਸਕਦੇ ਅਤੇ ਨਾ ਹੀ ਉਹ ਸਿੱਖੇਗਾ ਜੇ ਉਹ ਮਾਨਸਿਕ ਤੋਰ ਤੇ ਸਿੱਖਣ ਲਈ ਤਿਆਰ ਨਹੀ ਹੈ। ਜਿਵੇ ਕੀ ਤੁਸੀ ਉਸ ਘੋੜੇ ਨੂੰ ਪਾਣੀ ਨਹੀ ਪਿਆ ਸਕਦੇ ਜਿਹੜਾ ਕਿ ਪਾਣੀ ਪੀਣ ਲਈ ਮਾਨਸਿਕ ਤੋਰ ਤੇ ਤਿਆਰ ਨਹੀ ਹੈ। ਅਸੀ ਉਸ ਘੋੜੇ ਨੂੰ ਪਾਣੀ ਕੋਲ ਲੈ ਕੇ ਜਾ ਤਾਂ ਸਕਦੇ ਹਾਂ ਪਰ ਪਿਲਾਉਣ ਲਈ ਮਜਬੂਰ ਨਹੀ ਕਰ ਸਕਦੇ ।ਇਸ Law ਵਿੱਚ Readiness ਦਾ ਅਰਥ ਮਾਨਸਿਕ ਤੋਰ ਤੇ ਤਿਆਰ ਹੋਣ ਤੋ ਲਿਆ ਜਾਂਦਾ ਹੈ। ਥਾਰਨਡਾਈਕ ਨੇ ਇਸ ਨਿਯਮ ਨੂੰ ਇਕ ਬਹੁਤ ਹੀ ਮਹੱਤਵਪੂਰਨ ਨਿਯਮ ਮੰਨਿਆ ਹੈ ਕਿ ਇਸ ਨਿਯਮ ਦੁਆਰਾ ਸਾਨੂੰ ਕੇਵਲ ਇਹ ਪਤਾ ਚਲਦਾ ਹੈ ਕਿ ਸਿਖਣ ਵਾਲਾ ਵਿਅਕਤੀ ਕਿਹੜੀਆ- ਕਿਹੜੀਆ ਪ੍ਰਸਥਿਤੀਆ ਵਿਚ ਸੰਤੁਸ਼ਟ ਹੁੰਦਾ ਹੈ। ਅਤੇ ਕਿਹੜੀਆ- ਕਿਹੜੀਆ ਵਿਚ ਦੁਖੀ ਹੈ । ਥਾਰਨਡਾਈਕ ਨੇ ਮੁੱਖ ਤਿੰਨ ਪ੍ਰਕਾਰ ਦੀਆ ਪ੍ਰਸਥਿਤੀਆ ਦਾ ਵਰਣਨ ਕੀਤਾ ਹੈ:-

ਜਦੋ ਵਿਅਕਤੀ ਕਿਸੇ ਕੰਮ ਨੂੰ ਕਰਨ ਦੇ ਲਈ ਤਿਆਰ ਰਹਿੰਦਾ ਹੈ ਅਤੇ ਉਸੇ ਕੰਮ ਨੂੰ ਕਰਨ ਲਈ ਦਿੱਤਾ ਜਾਦਾ ਹੈ। ਤਾਂ ਉਸ ਨੂੰ ਉਸ ਵਿਚ ਸੰਤੁਸ਼ਟੀ ਪ੍ਰਾਪਤ ਹੁੰਦੀ ਹੈ।

ਜਦੋ ਵਿਅਕਤੀ ਕਿਸੇ ਕੰਮ ਨੂੰ ਕਰਨ ਦੇ ਲਈ ਤਿਆਰ ਨਹੀ ਰਹਿੰਦਾ । ਉਸ ਨੂੰ ਉਹੀ ਕੰਮ ਕਰਨ ਦੇ ਲਈ ਦਿੱਤਾ ਜਾਵੇ ਤਾਂ ਉਹ ਦੁਖੀ ਜਾਂ ਅਸੰਤੁਸ਼ਟ ਹੁੰਦਾ ਹੈ।

ਜਦੋ ਕੋਈ ਵਿਅਕਤੀ ਕਿਸੇ ਕੰਮ ਨੂੰ ਕਰਨ ਲਈ ਤਿਆਰ ਰਹਿੰਦਾ ਹੈ। ਅਤੇ ਉਸ ਨੂੰ ਉਹ ਕੰਮ ਕਰਨ ਲਈ ਨਹੀ ਦਿੱਤਾ ਜਾਦਾ ਤਾਂ ਉਹ ਉਸ ਕੰਮ ਤੋ ਦੁਖੀ ਜਾ ਅਸੰਤੁਸ਼ਟ ਹੁੰਦਾ ਹੈ।

**1.5.5.3 ਪ੍ਰਭਾਵ ਦਾ ਨਿਯਮ (Law of Effect)**

ਜਦੋ ਕਿਸੀ ਕਿਰਿਆ ਦੇ ਫਲਸਰੂਪ ਸਤੁੰਸਟੀ ਸੁੱਖ ਅਤੇ ਅਨੰਦ ਪ੍ਰਾਪਤ ਹੁੰਦਾ ਹੈ ਤਾਂ ਉਸ ਕਿਰਿਆ ਨੂੰ ਪ੍ਰਾਣੀ ਵਾਰ-ਵਾਰ ਕਰਨਾ ਚਾਹੁੰਦਾ ਹੈ। ਪਰ ਇਸ ਦੇ ਉਲਟ ਜੇ ਕਿਸੇ ਕਿਰਿਆ ਦੇ ਫਲਸਰੂਪ ਵਿਅਕਤੀ ਦੁੱਖ , ਪ੍ਰੇਸ਼ਾਨੀ , ਸੰਤੋਸ਼ ਅਨੁਭਵ ਕਰਦਾ ਹੈ ਤਾਂ ਉਸ ਨੂੰ ਵਾਰ-ਵਾਰ ਕਰਨ ਤੋ ਬਚਦਾ ਹੈ । ਇਸ ਤੋ ਇਹ ਸਿਧ ਹੁੰਦਾ ਹੈ ਕਿ ਉਹ ਕਿਰਿਆ ਜਿਸ ਤੋ ਵਿਅਕਤੀ ਖੁਸ਼ੀ ਅਤੇ ਸੰਤੁਸ਼ਟੀ ਪ੍ਰਾਪਤ ਕਰਦਾ ਹੈ ਉਸ ਨਾਲ Stimulus ਅਤੇ Response ਵਿੱਚ ਸੰਬੰਧ(Bond)ਬਹੁਤ ਚੰਗਾ ਹੋ ਜਾਦਾ ਹੈ । ਇਸੇ ਤਰ੍ਹਾਂ ਜਦੋ ਵਿਅਕਤੀ ਨੂੰ ਦੁੱਖ ਅਤੇ ਸੰਤੋਸ਼ ਕਿਸੇ ਕੰਮ ਦੇ ਕਰਨ ਤੋ ਪੈਦਾ ਹੁੰਦਾ ਹੈ ਤਾਂ Stimulus ਅਤੇ Response ਦਾ ਸੰਬੰਧ ਕੰਮਜੋਰ ਹੋ ਜਾਦਾ ਹੈ। ਇਸ ਤਰ੍ਹਾਂ ਕੁੱਝ ਹੋਰ ਮਨੋਵਿਗਿਆਨੀਆਂ ਨੇ Hilgard ਅਤੇ Bower,1975 ਨੇ ਇਸ ਨਿਯਮ ਦੀ ਵਿਆਖਿਆ ਕਰਦੇ ਹੋਏ ਕਿਹਾ ਕਿ ਉਹੀ ਕੰਮ ਜਲਦੀ ਸਿੱਖਦਾ ਹੈ ਜਿਸ ਤੋ ਅਨੰਦ ਅਤੇ ਸੰਤੁਸ਼ਟੀ ਮਿਲਦੀ ਹੈ ਅਤੇ ਉਸ ਕੰਮ ਨੂੰ ਸਿਖਣ ਵਿਚ ਕਠਿਨਾਈ ਕਰਦਾ ਹੈ ਜਿਸ ਵਿਚ ਉਸ ਨੂੰ ਦੁੱਖ ਅਤੇ ਅਸਤੁੰਸ਼ਟੀ ਪ੍ਰਾਪਤ ਹੁੰਦੀ ਹੈ।

ਕੁੱਝ ਮਨੋਵਿਗਿਆਨੀ ਨੇ ਇਸ ਨੂੰ ਸੰਤੋਸ਼ ਅਤੇ ਅਸੰਤੋਸ਼(Law of satisfaction and unsatisfaction)ਜਾਂ ਪੁਰਸਕਾਰ ਅਤੇ ਡੰਡ (Law of reward and Punishment) ਦਾ ਨਾ ਵੀ ਦਿੱਤਾ ਹੈ। ਇਸੇ ਨਿਯਮ ਦੇ ਆਧਾਰ ਤੇ ਸਕੀਨਰ ਨੇ ਆਪਣੇ ਸਿੱਖਣ ਦਾ ਸਿਧਾਂਤ ਦਿੱਤਾ ਪਰ ਉਸ ਨੇ ਇਸ ਤੋ ਰੋਸ਼ਨੀ ਤਾਂ ਲੈ ਲਈ ਪਰ ਹੋਰ ਢੰਗ ਨਾਲ ਨਿਯਮ ਨੂੰ ਪੇਸ਼ ਕੀਤਾ।

**1.5.5.3.1 ਪ੍ਰਭਾਵ ਨਿਯਮ ਦੀ ਅਲੋਚਨਾ (Criticism of Law of Effect)**

ਕੁੱਝ ਮਨੋਵਿਗਿਆਨੀਆਂ ਦੁਆਰਾ ਇਸ ਨਿਯਮ ਦੇ ਵਿਰੋਧ ਉਪਰ ਆਵਾਜ ਉਠਾਈ ਗਈ ਅਤੇ ਇਸ ਦੀ ਅਲੋਚਨਾ ਵੀ ਕੀਤੀ ਗਈ।

ਪ੍ਰਭਾਵ ਨਿਯਮ ਵਿਚ ਸੰਤੋਸ਼ਜਨਕ ਪ੍ਰਭਾਵ ਅਤੇ ਅਸੰਤੋਸ਼ ਜਾਂ ਦੁੱਖ ਦੋ ਅਜਿਹੇ ਪਦ ਹਨ ਜਿਹੜੇ ਅਲੋਚਕਾ ਦੇ ਅਨੁਸਾਰ Subjective ਹਨ । ਭਾਵ ਇਸ ਨੂੰ ਅਸੀ ਇੰਝ ਵੀ ਕਹਿ ਸਕਦੇ ਹਾਂ ਕਿ ਇਸ ਨਿਯਮ ਦਾ ਅਸਰ ਪਸ਼ੂਆਂ ਤੇ ਠੀਕ ਢੰਗ ਨਾਲ ਲਾਗੂ ਨਹੀ ਹੁੰਦਾ ਕਿਉਕਿ ਇਹ ਕਿਵੇ ਪਤਾ ਲਗ ਸਕਦਾ ਹੈ ਕਿ ਪਸ਼ੂਆਂ ਵਿਚ ਕਿਸੇ ਕਿਰਿਆ ਨੂੰ ਕਰਨ ਤੌਂ ਬਾਅਦ ਉਨਾ ਅੰਦਰ ਸਤੁੰਸ਼ਟੀ ਜਾਂ ਦੁੱਖ ਹੋਇਆ ਹੈ। ਥਾਰਨਡਾਈਕ ਦੁਆਰਾ ਅਲੋਚਕਾਂ ਦੇ ਇਨ੍ਹਾ ਵਿਚਾਰਾ ਦਾ ਖੰਡਨ ਕੀਤਾ ਗਿਆ ਅਤੇ ਉਹਨਾਂ ਨੇ ਕਿਹਾ ਹੈ ਕਿ Satisfaction ਅਤੇ Annoyance "Subjective Term" ਨਹੀ ਹਨ।ਇਹਨਾ ਨੂੰ ਅਸੀ ਵਾਸਤਵਿਕ ਢੰਗ ਨਾਲ ਸਮਝਾ ਸਕਦੇ ਹਾਂ ਅਤੇ ਵਿਆਖਿਆ ਵੀ ਕਰ ਸਕਦੇ ਹਾਂ। ਜੇ ਜਾਨਵਰ ਸੰਤੋਸ਼ਜਨਕ ਹਾਲਤ ਵਿਚ ਹਨ ਤਾਂ ਉਹ ਉਸੇ ਕੰਮ ਨੂੰ Renew ਕਰ ਲੈਦੇ ਹਨ ਜਾਂ ਉਸ ਨੂੰ Maintain ਕਰਦੇ ਹਨ। ਨਾ ਕਿ ਉਹ ਸਾਰੀ ਅਨੁਕ੍ਰਿਆਵਾਂ ਤੋ ਵਾਂਝੇ ਰਹਿਦੇ ਹਨ । ਇਸੇ ਤਰੀਕੇ ਨਾਲ ਸੰਤੋਸ਼ਜਨਕ ਸਥਿਤੀ ਵਿਚ ਉਹ ਕਿਸੇ ਵੀ ਚੀਜ ਨੂੰ ਸੁਰੱਖਿਅਕ ਕਰਕੇ ਨਹੀ ਰੱਖਦੇ। ਅਤੇ ਉਸ ਕੰਮ ਜਾਂ ਚੀਜ ਦਾ ਅੰਤ ਕਰ ਦਿੰਦੇ ਹਨ। ਇਸ ਤੋ ਇਹ ਸਿੱਧ ਹੁੰਦਾ ਹੈ ਕਿ Satisfaction ਅਤੇ annoyance ਸਿਰਫ Subjective Term ਹੀ ਨਹੀ ਹਨ। ਸਗੋ ਇਨਾਂ ਨੂੰ Objective ਢੰਗ ਨਾਲ ਵੀ ਇਨ੍ਹਾ ਨੂੰ ਵੇਖਿਆ ਜਾ ਸਕਦਾ ਹੈ। ਜਿਵੇਂ ਕਿ ਜੇ ਇਕ ਮੱਝ ਜਾਂ ਗਾਂ ਨੂੰ ਤੁੜੀ ਵਿਚ ਪਿਸਿਆ ਹੋਇਆ ਦਾਣਾ ਪਸੰਦ ਹੈ ਤਾਂ ਉਹ ਉਸ ਤੁੜੀ ਨੂੰ ਖਾਵੇਗੀ ਅਤੇ ਜਦੋ ਵੀ ਪਾਇਆ ਜਾਵੇਗਾ ਤਾਂ ਉਸ ਨੂੰ ਖਾਕੇ ਆਪਣੀ ਭੁੱਖ ਮਿਟਾ ਲਵੇਗੀ। ਪਰ ਜੇ ਉਸ ਨੂੰ ਇਸ ਖਾਣੇ ਤੋ ਅਸੰਤੁਸ਼ਟੀ ਪ੍ਰਾਪਤ ਹੁੰਦੀ ਹੈ ਤਾਂ ਇਸ ਖਾਣੇ ਨੂੰ ਖਾਣ ਤੋ ਬੰਦ ਕਰ ਦੇਵੇਗੀ।

ਦੂਸਰੀ ਅਲੋਚਨਾ ਇਹ ਸੀ ਕਿ ਪ੍ਰਭਾਵ ਨਿਯਮ ਵਿਚ Backward Effect ਦਾ ਦਬਾਅ ਵੀ ਸ਼ਾਮਿਲ ਹੁੰਦਾ ਹੈ ਇਸ ਨਿਯਮ ਦੇ ਅਨੁਸਾਰ ਪ੍ਰਾਣੀ ਕਿਸੇ Stimulus ਦੇ ਪ੍ਰਤੀ ਅਨੁਕ੍ਰਿਆ (response) ਪਹਿਲੇ ਕਰਦਾ ਹੈ ਅਤੇ ਉਸ ਦੇ ਬਾਅਦ ਉਸ ਨੂੰ ਪੁਰਸਕਾਰ ਮਿਲਦਾ ਹੈ। ਭਾਵ ਅਨੁਕ੍ਰਿਆ ਪਹਿਲਾ ਹੁੰਦੀ ਹੈ ਅਤੇ ਪੁਰਸਕਾਰ ਬਾਅਦ ਵਿਚ ਮਿਲਦਾ ਹੈ। ਅਲੋਚਕਾਂ ਦਾ ਵਿਚਾਰ ਹੈ ਕਿ ਕਿਸੀ ਘਟਨਾ ਦਾ ਪ੍ਰਭਾਵ ਅੱਗੇ ਆਉਣ ਵਾਲੇ ਸਮੇ ਵਿਚ ਹੁੰਦਾ ਹੈ।

ਇਸ ਦਾ ਪ੍ਰਭਾਵ ਉਸ ਅਨੁਕਿਰਿਆ ਉਤੇ ਕਿਵੇਂ ਹੋ ਸਕਦਾ ਹੈ। ਜਿਹੜੀ ਇਸ ਘਟਨਾ ਤੋ ਪਹਿਲਾ ਹੀ ਹੋ ਗਈ ਹੈ। ਥਾਰਨਡਾਈਕ ਨੇ ਪ੍ਰਯੋਗ ਵਿੱਚ ਬਿੱਲੀ ਲੀਵਰ ਨੂੰ ਦਬਾਅ ਕੇ ਦਰਵਾਜਾ ਪਹਿਲਾ ਖੋਲ ਲੈਦੀ ਹੈ। ਅਤੇ ਭੋਜਨ (ਪੁਰਸਕਾਰ) ਬਾਅਦ ਵਿਚ ਮਿਲਦਾ ਹੈ। ਪੁਰਸਕਾਰ ਮਿਲਨ ਦੀ ਘਟਨਾ ਦਾ ਪ੍ਰਭਾਵ ਉਸ ਤੋ ਪਹਿਲਾ ਹੋਣ ਵਾਲੀ ਅਨੁਕ੍ਰਿਆ ਤੇ ਕਿਵੇ ਪੇ ਸਕਦਾ ਹੈ? ਲੇਕਿਨ ਇਹ ਪੱਖ ਵੀ ਗਲਤ ਸਾਬਿਤ ਹੋ ਗਿਆ ਹੈ । ਥਾਰਨਡਾਈਕ ਨੇ ਦੱਸਿਆ ਕਿ ਕਿਸੇ ਵੀ reward response ਨੇ ਭਵਿਖ ਵਿਚ ਹੋਣ ਦੀ ਸੰਭਾਵਨਾ ਆਪਣੇ ਆਪ ਅਧਿਕ ਹੋ ਜਾਦੀ ਹੈ। ਇਸੇ ਤਰ੍ਹਾਂ Punished response ਦੇ ਭਵਿਖ ਵਿਚ ਹੋਣ ਦੀ ਸੰਭਾਵਨਾ ਆਪਣੇ ਆਪ ਘੱਟ ਹੋ ਜਾਂਦੀ ਹੈ। ਇਹੀ ਕਾਰਨ ਹੈ ਕਿ ਪੁਰਸਕਾਰ ਦੇਣ ਨਾਲ ਪ੍ਰਾਣੀ ਉਸੀ ਅਨੁਕ੍ਰਿਆ ਨੂੰ ਕਰਨਾ ਚਾਹੁੰਦਾ ਹੈ ਅਤੇ ਫਲਸਰੂਪ ਸਿੱਖ ਲੈਦਾ ਹੈ। ਅਤੇ ਦੰਡ ਦੇਣ ਨਾਲ ਉਸ ਅਨੁਕ੍ਰਿਆ ਨੂੰ ਨਹੀ ਦੁਹਰਾਉਦਾ ਅਤੇ ਫਲਸਰੂਪ ਪ੍ਰਾਣੀ ਉਸ ਨੂੰ ਨਹੀ ਸਿੱਖ ਪਾਉਦਾ ਹੈ। ਇਸ ਤਰ੍ਹਾਂ Toleman ਦੇ ਕਥਨ ਅਨੁਸਾਰ ਕਸ਼ਟ ਦਾਈ ਕਿਰਿਆ ਸਿੱਖਣ ਦੀ ਇਛਾ ਵਧੇਰੇ ਪਰਵਲ ਹੁੰਦੀ ਹੈ।

ਇਸ ਤੋ ਇਲਾਵਾ ਥਾਰਨਡਾਈਕ ਨੇ ਕੁਝ ਹੋਰ Law ਵੀ ਦਿਤੇ ਜਿਨਾ ਨੂੰ Secondary Law of Learning ਕਿਹਾ ਜਾਦਾ ਹੈ। ਅਤੇ ਉਹ Law ਹੇਠਾ ਲਿਖੇ ਹਨ:-

**1.5.5.4 . ਵਾਤਾਵਰਨ ਦਾ ਨਿਯਮ (Law of Frequency)**

**1.5.5.5 . ਤਿਬਰਤਾ ਦਾ ਨਿਯਮ (Law of Intensity)**

**1.5.5.6 . ਤਾਜਗੀ ਦਾ ਨਿਯਮ (Law of Freshness)**

**1.5.5.7 . ਭਿੰਨ ਪ੍ਰਤੀਕ੍ਰਿਆਵਾ ਦਾ ਨਿਯਮ (Law of Varied Reaction)**

**1.5.5.8 . ਤੱਤਪਰਤਾ ਰਵੱਈਏ ਦਾ ਨਿਯਮ (Law of Attitude & Set)**

**1.5.5.9 . ਅਨੁਰੂਪਤਾ ਦਾ ਨਿਯਮ (Law of Analogy)**

**1.5.5.10 .ਸਪਸ਼ਟਤਾ ਦਾ ਨਿਯਮ (Law of Vividness)**

**1.5.5.11 . ਅਚਿਰਕਾਲਤਾ ਦਾ ਨਿਯਮ (Law of Recency)**

**1.5.5.4 ਵਾਤਾਵਰਨ ਦਾ ਨਿਯਮ (Law of Frequency):-** ਇਸ ਤੋ ਭਾਵ ਇਹ ਹੈ ਕਿ ਜੇ ਪ੍ਰਸਥਿਤੀ ਯੋਗ ਹੋਵੇ ਮਨਾਸਬ ਹੋਵੇ ਅਤੇ ਲਗਾਤਾਰ ਇਕ ਹੀ ਤਰ੍ਹਾਂ ਦੀ ਹੋਵੇ ਤਾਂ ਜਿਨਾਂ ਜਿਆਦਾ ਅਭਿਆਸ ਕੀਤਾ ਜਾਵੇਗਾ। ਉਨਾ ਹੀ Stimulus ਅਤੇ Response ਦਾ ਸੰਬੰਧ ਮਜਬੂਤ ਹੋਵੇਗਾ ਅਤੇ ਵਿਅਕਤੀ ਚੰਗੀ ਤਰ੍ਹਾਂ ਨਾਲ ਸਿੱਖ ਜਾਵੇਗਾ।

**1.5.5.5 ਤਿਬਰਤਾ ਦਾ ਨਿਯਮ(Law of Intensity):-** ਇਸ ਦਾ ਭਾਵ ਇਹ ਹੈ ਕਿ ਕੰਮ ਸਿੱਖਦੇ ਸਮੇ ਜਿਨਾਂ ਜਿਆਦਾ ਸਰੀਰਕ ਅਤੇ ਮਾਨਸਿਕ ਸ਼ਕਤੀ ਖਰਚ ਕੀਤੀ ਜਾਵੇਗੀ।ਉਨ੍ਹਾਂ ਹੀ ਸਿੱਖਣਾ ਚੰਗਾ ਹੋਵੇਗਾ

**1.5.5.6 ਤਾਜਗੀ ਦਾ ਨਿਯਮ(Law of Freshness):-** ਇਸ ਤੋ ਭਾਵ ਹੈ ਕਿ ਅਗਰ ਵਿਅਕਤੀ ਮਾਨਸਿਕ ਸਰੀਰਕ ਤੋਰ ਤੇ ਜਿਨਾ ਜਿਆਦਾ ਤਾਜਾ ਹੋਵੇਗਾ ।ਉਸ ਵਿਚ ਕੰਮ ਕਰਨ ਦੀ ਸ਼ਕਤੀ ਅਤੇ ਸ਼ੁੱਧਤਾ ਜਿਆਦਾ ਹੋਵੇਗੀ। ਜਿਸ ਨਾਲ ਉਹ ਚੀਜਾ ਨੂੰ ਜਲਦੀ ਹੀ ਅਤੇ ਜਿਆਦਾ ਮਾਤਰਾ ਵਿਚ ਸਿੱਖ ਲੈਦਾ ਹੈ।

**1.5.5.7 ਭਿੰਨ ਪ੍ਰਤੀਕ੍ਰਿਆਵਾ ਦਾ ਨਿਯਮ(Law of Varied Reaction):-** ਇਸ ਨਿਯਮ ਅਨੁਸਾਰ ਜਦੋ ਵਿਅਕਤੀ ਕਿਸੇ ਵੀ ਪ੍ਰਸਥਿਤੀ ਦਾ ਸਾਹਮਣਾ ਕਰਦਾ ਹੈ। ਤਾਂ ਉਹ ਵੱਖ-ਵੱਖ ਤਰ੍ਹਾਂ ਦੀ ਕਿਰਿਆ ਕਰਦਾ ਹੈ। ਅਤੇ ਆਪਣੇ ਸਹੀ ਅਨੁਕ੍ਰਿਆ ਤੇ ਪਹੁੰਚਣ ਲਈ ਉਹ ਕੀਤੀਆ ਗਈਆ ਭਿੰਨ- ਭਿੰਨ ਗੱਲਤ ਅਨੁਕ੍ਰਿਆਵਾ ਨੂੰ ਛੱਡ ਦਿੰਦਾ ਹੈ।

**1.5.5.8 ਤੱਤਪਰਤਾ ਰਵੱਈਏ ਦਾ ਨਿਯਮ(Law of Attitude & Setness):-** ਸਿੱਖਣ ਨੂੰ ਵਿਅਕਤੀ ਦਾ Attitude ਅਤੇ Set ਪੂਰੀ ਤਰ੍ਹਾਂ Guide ਕਰਦਾ ਹੈ। ਜੇ ਕਿਸੇ ਵਿਅਕਤੀ ਦਾ ਕੰਮ ਪ੍ਰਤੀ Healthy Attitude ਪੈਦਾ ਹੋ ਜਾਦਾ ਹੈ ਤਾਂ ਉਹ ਕੰਮ ਬਹੁਤ ਹੀ ਸਹੀ ਢੰਗ ਨਾਲ ਸਿੱਖਿਆ ਜਾ ਸਕਦਾ ਹੈ।

**1.5.5.9 ਅਨੁਰੂਪਤਾ ਦਾ ਨਿਯਮ (Law of Analogy):-** ਨਵੀ ਪ੍ਰਸਥਿਤੀ ਵਿਚ ਵਿਅਕਤੀ ਅਨੁਕ੍ਰਿਆ ਕਰਦਾ ਹੈ। ਤਾਂ ਉਹ ਆਪਣੇ ਭੂਤਕਾਲ ਵਿੱਚ ਮਿਲਦੀ-ਜੁਲਦੀ ਪ੍ਰਸਥਿਤੀ ਵਿਚ ਕੀਤੀ ਅਨੁਕ੍ਰਿਆ ਦੇ ਆਧਾਰ ਤੇ ਹੀ ਕੰਮ ਨੂੰ ਸਿੱਖਣ ਦੀ ਕੋਸ਼ੀਸ਼ ਕਰੇਗਾ ਅਤੇ ਆਪਣੇ ਕੀਤੇ ਗਏ ਅਨੁਕ੍ਰਿਆ ਨੂੰ ਉਸ ਨਾਲ ਮੁਕਾਬਲਾ (Compare) ਕਰੇਗਾ।

**1.5.5.10 ਸਪਸ਼ਟਤਾ ਦਾ ਨਿਯਮ(Law of Vividness):-** ਜਦੋ ਵਿਅਕਤੀ ਕਿਸੇ ਪ੍ਰਸਥਿਤੀ ਵਿਚ ਕਈ ਅਨੁਕ੍ਰਿਆਵਾਂ ਕਰਦਾ ਹੈ। ਤਾਂ ਉਹ ਇਸ ਗੱਲ ਪ੍ਰਤੀ ਸਪੱਸ਼ਟ ਹੁੰਦਾ ਹੈ।ਕਿ ਜੋ ਕੰਮ ਉਸ ਨੇ ਸਿੱਖਣਾ ਹੈ। ਉਸ ਬਾਰੇ ਉਹ ਪੂਰੀ ਤਰ੍ਹਾਂ ਜਾਣੂ ਹੈ। ਭਾਵ ਆਪਣੀ ਕਰਨ ਵਾਲੀ ਅਨੁਕ੍ਰਿਆ ਬਾਰੇ ਉਹ ਪੂਰੀ ਤਰ੍ਹਾਂ ਸਪੱਸ਼ਟ ਹੈ। ਜੇ ਹੈ ਤਾਂ ਉਹ ਉਸ ਕੰਮ ਨੂੰ ਜਲਦੀ ਅਤੇ ਚੰਗੀ ਤਰ੍ਹਾਂ ਸਿੱਖ ਲਵੇਗਾ।

**1.5.5.11 ਅਚਿਰਕਾਲਤਾ ਦਾ ਨਿਯਮ (Law of Recency):-** ਕੋਈ ਵੀ ਕੰਮ ਇੱਕ ਦਮ ਕੀਤਾ ਜਾਵੇ ਤਾਂ ਉਹ ਜਲਦੀ ਸਿੱਖਿਆ ਵੀ ਜਾਦਾ ਹੈ ਅਤੇ ਯਾਦ ਹੁੰਦਾ ਹੈ। ਇਸ ਦੇ ਮੁਕਾਬਲੇ ਜਿਹੜਾ ਕੰਮ ਵਿਅਕਤੀ ਦੇ ਅੱਗੇ ਬਹੁਤ ਦੇਰ ਪਹਿਲਾ ਜਾਂ ਪੁਰਾਣਾ ਹੋ ਜਾਵੇ ਉਸ ਨੂੰ ਯਾਦ ਰੱਖਣਾ ਅਤੇ ਸਿਖਣਾ ਕਠਿਨ ਹੁੰਦਾ ਹੈ। Law of Recency ਦਾ ਅਰਥ ਵੀ ਇਹੀ ਹੈ ਕਿ ਜਦੋ ਕੋਈ ਕੰਮ ਸਾਹਮਣੇ ਆਵੇ ਉਸ ਨੂੰ ਫੋਰਨ ਸਿਖਿਆ ਜਾਵੇ ਅਤੇ ਯਾਦ ਕੀਤਾ ਜਾਵੇ ।ਜੇ ਸਮਾ ਗੁਜਰ ਗਿਆ ਤਾਂ ਉਹ ਕੰਮ ਜਲਦੀ ਸਿੱਖਿਆ ਅਤੇ ਯਾਦ ਨਹੀ ਹੁੰਦਾ । ਪਰ ਕੁਝ ਮਨੋਵਿਗਿਆਨੀਆ ਨੇ ਇਸ Law ਦੀ ਅਲੋਚਨਾ ਕੀਤੀ। ਕਿਉਕਿ ਉਨ੍ਹਾਂ ਦਾ ਯਕੀਨ Molecular ਜਾਂ Atomic Approach ਵਿਚ ਸੀ।

## 1.5.6 ਗੈਸਟਾਲਟ ਪ੍ਰਸਤਾਵ:-

ਗੈਸਟਾਲਟ ਇਕ ਜਰਮਨ ਸ਼ਬਦ ਹੈ ਜਿਸ ਦਾ ਕੋਈ ਅੰਗਰੇਜੀ ਵਿਚ ਤਰਜਮਾਂ ਕਰਕੇ ਸ਼ਬਦ ਨਹੀ ਮਿਲਦਾ । ਇਸ ਲਈ ਇਸ ਨੂੰ "As a whole'Configuration"ਦੇ ਤੋਰ ਤੇ ਲਿਆ ਜਾਦਾ ਹੈ। ਗੈਸਟਾਲਟ ਲਹਿਰ ਦਾ ਬਾਨੀ ਵਰਦਾਈਮਰ (werthiemer) ਸੀ । ਵਰਦਾਈਮਰ, ਕੋਹਲਰ,ਕੋਫਕਾ ਅਤੇ ਕਰਟ ਲੇਵਿਨ (Werthiemer, Kohler, Kolfa,Kurt Lewin) ਇਸ ਸਿਧਾਂਤ ਦੇ ਪ੍ਰਤੀ ਪਾਠਕ ਹਨ। ਗੈਸਟਾਲਟ ਮਨੋਵਿਗਿਆਨ ਸਿਖਣ ਦੇ S-R ਸਿਧਾਤ ਅਤੇ ਯਤਨ ਤੇ ਭੁਲ ਵਿਧੀ ਦੀ ਵਿਰੋਧਤਾ ਦੇ ਸਿੱਟੇ ਵਜੋ ਹੋਂਦ ਵਿਚ ਆਇਆ। ਗੈਸਟਾਲਟ ਮਨੋਵਿਗਿਆਨੀਆਂ ਦੇ ਮਤ ਅਨੁਸਾਰ ਸਿੱਖਣ ਉਦੇਸ਼ ਪੂਰਣ ,ਪੜਤਾਲ ਨਾਂ ਅਤੇ ਰਚਨਾਤਕ ਹੈ। (Learning is purposive, Explanatory and creative)

ਗੈਸਟਾਲਟ ਸਕੂਲ ਦੇ ਮਨੋਵਿਗਿਆਨੀਆਂ ਦੇ ਮੱਤ ਅਨੁਸਾਰ ਸਮੂਚਾ ਜਾਂ ਪੂਰਣ ਭਾਗਾਂ ਨਾਲੋ ਵੱਧ ਮਹੱਤਵਪੂਰਨ ਹੈ (Whole is more important than sum of its part) ਜਦੋ Titchner ਨੇ ਆਪਣੇ ਸਕੂਲ ਤੋ ਮਨੋਵਿਗਿਆਨ ਵਿਚ ਇਹ ਮਤ ਦਿੱਤਾ ਸੀ ਕਿ Structure ਭਾਵ ਭਾਗਾਂ ਦੀ ਜੀਵਨ ਵਿਚ ਜਿਆਦਾ ਮਹੱਤਤਾ ਹੈ।

## 1.5.7 ਅੰਤਰਦ੍ਰਿਸ਼ਟੀ ਦੁਆਰਾ ਸਿੱਖਣ (Learning by Insight)

ਗੈਸਟਾਲਟ ਸਕੂਲ ਦੇ ਮਨੋਵਿਗਿਆਨੀਆਂ ਨੇ ਪ੍ਰਤਖੀਕਰਨ (Perception)ਦੇ ਵਾਰੇ ਵਿਚ ਵੀ ਆਪਣੇ ਗੈਸਟਾਲਟ ਕਾਰਕ ਦਿੱਤੇ । ਇਸੇ ਤਰ੍ਹਾਂ ਸਿੱਖਣ ਦੇ ਬਾਰੇ ਉਹਨਾ ਨੇ ਅੰਤਰਦ੍ਰਿਸ਼ਟੀ ਦੁਆਰਾ ਸਿੱਖਣ ਦਾ ਸਿਧਾਤ ਦਿੱਤਾ । ਇਹ ਸਿਧਾਂਤ ਗਿਆਨਾਤਮਕ ਜਾਂ ਖੇਤਰ ਸਿਧਾਂਤ (Cognitive or Field Theories)ਤੇ ਆਧਾਰਤ ਹੈ। ਇਹ ਸਿਧਾਂਤ ਥਾਰਨਡਾਈਕ ਦੇ ਦਿੱਤੇ ਸਿਧਾਂਤ ਦੇ ਉਲਟ ਦਿੱਤਾ ਗਿਆ । ਕੋਹਲਰ ਦੇ ਅਨੁਸਾਰ ਸਿਖਣਾ ਸੂਝ ਵਿਧੀ ਦੁਆਰਾ

ਸੰਭਵ ਹੈ। ਉਹਨਾਂ ਦੇ ਮੱਤ ਅਨੁਸਾਰ ਅੰਤਰਦ੍ਰਿਸ਼ਟੀ (Insight)ਦਾ ਅਰਥ ਹੈ ਕਿਸੇ ਸਥਿਤੀ ਬਾਰੇ ਸੰਪੂਰਣ ਅਤੇ ਨਵਾਂ ਪ੍ਰਤਖੀਕਰਨ। ਦੂਸਰੇ ਸ਼ਬਦਾ ਵਿਚ ਅੰਤਰਦ੍ਰਿਸ਼ਟੀ ਦਾ ਅਰਥ ਹੈ ਸਮੱਸਿਆ ਨੂੰ ਡੂੰਘਾਈ ਵਿਚ ਦੇਖਣਾ।
ਕਿਉਕਿ ਥਾਰਨਡਾਈਕ ਨੇ ਸੂਝ ਦਾ ਕੀਤੇ ਵੀ ਪ੍ਰਯੋਗ ਆਪਣੇ ਸਿਧਾਂਤ ਅਤੇ ਪ੍ਰਯੋਗ ਵਿਚ ਨਹੀ ਦੱਸਿਆ ਉਸ ਵੱਲੋ ਤਾਂ "ਸਿਰਫ ਅਚਨਚੇਤ ਸਫਲਤਾ ਯਤਨ ਕਰਨ ਤੇ ਮਿਲਦੀ ਹੈ " ਮੱਤ ਨੂੰ ਜਿਆਦਾ ਬਿਆਨ ਕੀਤਾ ਜਦੋ ਕਿ ਉੱਚੀ ਬੁੱਧੀ ਵਾਲੇ ਜਾਨਵਰ ਜਿਵੇ ਬਾਂਦਰ ਅਤੇ ਚਿਮਪਾਂਜੀ ਅਤੇ ਵਿਆਕਤੀ ਆਪਣੀ ਸੂਝ ਅਨੁਸਾਰ ਹੀ ਸਿਖਦੇ ਹਨ ਨਾਂ ਕਿ ਯਤਨ ਅਤੇ ਭੁੱਲ ਦੁਆਰਾ ਸਿਖਦੇ ਹਨ।
ਅੰਤਰਦ੍ਰਿਸ਼ਟੀ ਨੂੰ ਵੱਖ-ਵੱਖ ਮਨੋਵਿਗਿਆਨੀਆਂ ਨੇ ਪ੍ਰਭਾਸਿਤ ਕੀਤਾ ।
ਵੁਡਵਰਥ (Woodworth) ਦੇ ਅਨੁਸਾਰ ਅੰਤਰਦ੍ਰਿਸ਼ਟੀ ਦਾ ਅਰਥ ਸਮੱਸਿਆ ਦਾ ਅਚਾਨਕ ਹੱਲ ਲਭ ਜਾਣਾ ਹੈ (Insight refers to the moment of sudden solution of a problem).ਇਸੇ ਤਰ੍ਹਾਂ ਮਾਰਗਨ, ਕਿੰਗ ਤੇ ਰਾਂਬਿਨਸਨ (Morgan, King & Robinson) ਨੇ ਵੀ ਕਿਹਾ ਕਿ ਸੂਝ ਦਾ ਅਰਥ ਵਾਤਾਵਰਨ ਵਿਚ ਤੱਤਾਂ ਦਾ ਪ੍ਰਤੱਖ ਪੁਨਰ ਸੰਗਠਨ ਹੈ । ਵਾਤਾਵਰਨ ਵਿਚ ਵਸਤਾ ਤੇ ਘਟਨਾਵਾਂ ਦਾ ਸਬੰਧ ਅਚਾਨਕ ਵੇਖਿਆ ਜਾਦਾ ਹੈ। (Insight means a perceptual new relationships among objects and events are suddenly seen)
ਅੰਤਰਦ੍ਰਿਸ਼ਟੀ ਦੁਆਰਾ ਸਿੱਖਣ ਤੋ ਭਾਵ ਇਹ ਹੈ ਕਿ ਹਰ ਵਿਅਕਤੀ ਅਤੇ ਜਾਨਵਰ ਸਿੱਖਣ ਦੇ ਸਮੇ ਆਪਣੀ ਅਕਲ,ਸਮਝ ਦਾ ਪ੍ਰਯੋਗ ਕਰਦਾ ਹੈ ਉਸ ਨੂੰ ਸਮਝਦਾ, ਜਾਣਦਾ ਅਤੇ ਫਿਰ ਸਿੱਖਦਾ ਹੈ। ਸਿੱਖਦੇ ਸਮੇ ਰੁਕਾਵਟ ਨੂੱ ਸਹੀ ਢੰਗ ਨਾਲ ਜਾਂਨਣ ਦੇ ਲਈ ਉਸ ਦੇ ਤੱਤਾ ਦੇ ਵਿਸ਼ਲੇਸ਼ਨ ਕੀਤਾ ਜਾਦਾ ਹੈ ਉਸ ਦੇ ਮੁਢਲੇ ਗਿਆਨ ਨੂੰ ਇਕੱਠਾ ਕੀਤਾ ਜਾਦਾ ਹੈ ਤੇ ਉਸ ਦੁਆਰਾ ਸਿੱਖਣ ਦੀ ਵਿਧੀ ਤੇ ਰੁਕਾਵਟ ਨੂੰ ਦੂਰ ਕੀਤਾ ਜਾਦਾ ਹੈ।
ਜਦੋ ਕਿਸੇ ਸਮੱਸਿਆ ਦਾ ਹੱਲ ਪਹਿਲਾ ਹੀ ਕੋਸ਼ੀਸ਼ ਵਿਚ ਇਕ ਦਮ ਆਉਦਾ ਹੈ ਤਾਂ ਉਸ ਨੂੰ ਪੂਰਵ-ਦ੍ਰਿਸ਼ਟੀ (Foresightness) ਕਹਿੰਦੇ ਹਨ। ਭਾਵ ਜਦੋ ਯਤਨ ਅਤੇ ਭੁਲ ਦੇ ਬਿਨਾ ਇਕ ਦਮ ਹੱਲ ਲੱਭ ਲਿਆ ਜਾਵੇ ਤਾਂ ਉਹ ਦੂਰਦ੍ਰਿਸ਼ਟੀ ਦੁਆਰਾ ਸਿੱਖਣਾ ਕਿਹਾ ਜਾਦਾ ਹੈ। ਪਰ ਜਦੋ ਕਿਸੇ ਸਮੱਸਿਆ ਦਾ ਹੱਲ ਸਿੱਖਣ ਲਈ ਪਹਿਲਾ ਕੋਸ਼ੀਸ਼ ਕਰਨ ਤੋ ਬਾਅਦ ਸੂਝ ਦੁਆਰਾ ਕੱਢਿਆ ਜਾਦਾ ਹੈ ਤਾਂ ਉਸ ਨੂੰ ਉੱਤਰ-ਦ੍ਰਿਸ਼ਟੀ (Hindsight) ਦੁਆਰਾ ਸਿੱਖਣਾ ਕਿਹਾ ਜਾਂਦਾ ਹੈ ਜਿਵੇਂ ਕੀ ਚਿੰਮਪੈਂਜੀ ਦੇ ਪ੍ਰਯੋਗ ਵਿਚ ਦੇਖਣ ਨੂੰ ਮਿਲਿਆ ਹੈ।

### 1.5.7.1 ਅੰਤਰਦ੍ਰਿਸ਼ਟੀ ਉਤੇ ਪ੍ਰਯੋਗ (Experiment on Insight Learning):-

ਕੋਹਲਰ (Kohler) ਨੇ ਕਈ ਤਰ੍ਹਾਂ ਦੀਆਂ ਕਠਿਨ ਸਮੱਸਿਆਵਾਂ ਨੂੰ ਅੰਤਰਦ੍ਰਿਸ਼ਟੀ ਦੁਆਰਾ ਸਿੱਖਣ ਪ੍ਰਯੋਗ ਦੁਆਰਾ ਦੂਰ ਕਰਨ ਦੀ ਕੋਸ਼ੀਸ਼ ਕੀਤੀ ਤੇ ਸਫਲ ਵੀ ਹੋਇਆ । ਉਸ ਨੇ ਇਹ Apes and chimpanzee ਤੇ ਕੀਤੇ। ਇਸ ਵਿਚ ਉਸ ਨੇ 5 ਤਰ੍ਹਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਦੀ ਕੋਸ਼ੀਸ਼ ਕੀਤੀ।

1.5.7.1.1 ਸੋਟੀ ਸਮੱਸਿਆ(Stick Problem)

1.5.7.1.2 ਤਿਆਰ ਕੀਤੇ ਹੋਏ ਸਮਾਨ ਨੂੰ ਸਮੱਸਿਆ ਲਈ ਪ੍ਰਯੋਗ ਕਰਨਾ (Problem using the use of readymade Implements)

1.5.7.1.3 ਚੱਕਰ ਸਮੱਸਿਆ (Detour Problem)

1.5.7.1.4 ਸਮੱਸਿਆ ਜਿਸ ਵਿਚ ਪਸ਼ੂ ਉਪਕਰਨ ਬਣਾਉਣ (Problem in which animal make implements)

1.5.7.1.5 ਬਿਲਡਿੰਗ ਬਲੋਕ ਸਮੱਸਿਆ (Building Block Problem)


1.5.7.1.6 ਨਕਲ ਸਬੰਧ ਸਮੱਸਿਆ(Problem involved imitation)

**1.5.7.1.1. ਸੋਟੀ ਸਮੱਸਿਆ(Stick Problem) &**

**1.5.7.1.2 ਤਿਆਰ ਕੀਤੇ ਹੋਏ ਸਮਾਨ ਨੂੰ ਸਮੱਸਿਆ ਲਈ ਪ੍ਰਯੋਗ ਕਰਨਾ (Problem using the use of readymade Implements)**

**ਇਕ ਸੋਟੀ ਨਾਲ ਪ੍ਰਯੋਗ:**- ਕੋਹਲਰ ਨੇ ਇਕ ਚੰਮਪੈਂਜੀ ਨੂੰ ਭੁੱਖਾ ਰੱਖਿਆ ਅਤੇ ਉਸ ਨੂੰ ਇਕ ਪਿੰਜਰੇ ਵਿਚ ਬੰਦ ਕਰ ਦਿੱਤਾ ਅਤੇ ਉਸ ਵਿਚ ਇਕ ਸੋਟੀ ਰੱਖ ਦਿਤੀ ਗਈ ਅਤੇ ਬਾਹਰ ਕੇਲਿਆਂ ਦਾ ਗੁੱਛਾ ਰੱਖ ਦਿੱਤਾ। ਚੰਮਪੈਂਜੀ ਨੇ ਕੇਲਿਆਂ ਨੂੰ ਆਪਣੀ ਬਾਂਹ ਨਾਲ ਖਿੱਚਣ ਦੀ ਕੋਸ਼ਿਸ਼ ਕੀਤੀ ਪਰ ਅਸਫਲ ਰਿਹਾ । ਕਾਫੀ ਯਤਨਾਂ ਬਾਅਦ ਉਹ ਬੈਠ ਗਿਆ। ਤੇ ਉਸ ਨੇ ਪਿੰਜਰੇ ਦਾ ਵਿਸ਼ਲੇਸ਼ਨ ਕੀਤਾ ਉਸ ਨੇ ਇਕ ਸੋਟੀ ਨੂੰ ਦੇਖਿਆ ਤੇ ਕੇਲਿਆਂ ਨੂੰ ਦੇਖਿਆ। ਉਸ ਨੇ ਸੋਟੀ ਚੁੱਕ ਕੇ ਕੇਲਿਆਂ ਨੂੰ ਨੇੜੇ ਕਰ ਲਿਆ ਅਤੇ ਕੇਲੇ ਪ੍ਰਾਪਤ ਕਰ ਲਏ ਇਸ ਤਰ੍ਹਾਂ ਕੋਹਲਰ ਨੇ ਵੇਖਿਆ ਕਿ ਚੰਮਪੈਂਜੀ ਨੇ ਸੂਝ ਨਾਲ ਬੜੀ ਜਲਦੀ ਸਿੱਖ ਕੇ ਆਪਣੀ ਲੋੜ ਨੂੰ ਪੂਰਾ ਕਰ ਲਿਆ।

**ਦੋ ਸੋਟੀਆਂ ਨਾਲ ਪ੍ਰਯੋਗ:**-ਇਸ ਵਿਚ ਕੋਹਲਰ ਨੇ ਇਕ ਭੁਖੇ ਚੰਮਪੈਜੀ ਜਿਸ ਦਾ ਨਾਮ ਸੁਲਤਾਨ ਸੀ ਨੂੰ ਇਕ ਪਿੰਜਰੇ ਵਿਚ ਬੰਦ ਕੀਤਾ ਅਤੇ ਕੇਲੇ ਪਿੰਜਰੇ ਦੇ ਬਾਹਰ ਇਨੀ ਦੂਰੀ ਤੇ ਰਖ ਦਿੱਤੇ ਕਿ ਅੰਦਰ ਪਈਆ ਦੋ ਸੋਟੀਆਂ ਨਾਲ ਅਲਗ ਅਲਗ ਤੋਰ ਤੇ ਨਹੀ ਚੁਕੇ ਜਾ ਸਕਦੇ ਸਨ। ਇਹ ਅੰਦਰ ਪਈਆਂ ਦੋ ਸੋਟੀਆਂ ਦੀ ਲੰਬਾਈ ਦਾ ਵੀ ਆਪਸ ਵਿਚ ਫਰਕ ਸੀ।ਇਹਨਾ ਸੋਟੀਆਂ ਨੂੰ ਆਪਸ ਵਿਚ ਜੋੜਨ ਲਈ ਸੋਟੀਆਂ ਤੇ ਸੋਫਟਾਂ ਲਗੀਆਂ ਹੋਈਆਂ ਸਨ।




ਸੁਲਤਾਨ ਨੇ ਪਹਿਲੇ ਹਿਸੇ ਵਿਚ ਯਤਨ ਅਤੇ ਭੁਲ ਦੁਆਰਾ ਸਿੱਖਣ ਦਾ ਪ੍ਰਯੋਗ ਕੀਤਾ। ਉਸ ਨੇ ਪਹਿਲਾ ਇਕ ਸੋਟੀ ਨਾਲ ਕੇਲੇਆ ਨੂੰ ਚੁਕਣ ਦੀ ਕੋਸ਼ੀਸ਼ ਕੀਤੀ । ਪਰ ਨਾਂ-ਕਾਮ ਰਿਹਾ । ਫਿਰ ਉਸ ਨੇ ਦੂਸਰੀ ਸੋਟੀ ਨਾਲ ਕੇਲੇ ਪ੍ਰਾਪਤ ਕਰਨ ਦੀ ਕੋਸ਼ੀਸ਼ ਕੀਤੀ ਪਰ ਫਿਰ ਵੀ ਅਸਫਲ ਰਿਹਾ ਆਖਰ ਸੁਲਤਾਨ ਯਤਨ ਕਰਨ ਤੋ ਬਾਅਦ ਥੱਕ ਕੇ ਇਕ ਕੋਨੇ ਵਿਚ ਬੈਠ ਗਿਆ। ਥੋੜੇ ਸਮੇ ਤੋ ਬਾਅਦ ਉਹ ਉਠ ਕੇ ਦੋਹਾ ਸੋਟੀਆ ਨਾਲ ਖੇਡਣ ਲੱਗਾ ਜਦੋ ਉਹ ਖੇਡ ਰਿਹਾ ਸੀ ਤਾਂ ਇਕ ਸੋਟੀ ਦੂਜੀ ਸੋਟੀ ਦੇ ਉਪਰ ਸਿਧੀ ਆ ਗਈ ਤਾਂ ਸੁਲਤਾਨ ਨੇ ਉਹਨਾ ਦੋਵੇ ਸੋਟੀਆ ਨੂੰ ਜੋੜ ਦਿੱਤਾ ਅਤੇ ਉਸ ਲੰਬੀ ਸੋਟੀ ਨਾਲ ਕੇਲੇਆ ਨੂੰ ਪਾਸ ਕਰਕੇ ਚੁੱਕ ਲਿਆ ਅਤੇ ਖਾ ਲਏ।

ਦੂਸਰੇ ਦਿਨ ਜਦੋ ਸੁਲਤਾਨ ਨੂੰ ਉਸ ਪਿਜਰੇ ਵਿਚ ਬੰਦ ਕੀਤਾ ਤੇ ਉਸ ਨੇ ਦੋਹਾਂ ਸੋਟੀਆ ਚੁੱਕੀਆ ਤੇ ਆਪਸ ਵਿਚ ਜੋੜੀਆ ਤੇ ਕੇਲੇਆ ਨੂੰ ਪਾਸ ਕਰਕੇ ਖਾ ਗਿਆ। ਇਸ ਤੋ ਇਹ ਸਿੱਧ ਹੁੰਦਾ ਹੈ ਕਿ ਸੁਰੂ ਸੁਰੂ ਵਿਚ ਸੁਲਤਾਨ ਨੇ ਯਤਨ ਅਤੇ ਭੁੱਲ ਦੁਆਰਾ ਸਿੱਖਣ ਵਿਧੀ ਦੀ ਵਰਤੋ ਕੀਤੀ ਤੇ ਉਸ ਤੋ ਬਾਅਦ ਅੰਤਰਦ੍ਰਿਸ਼ਟੀ ਦੁਆਰਾ ਸਿੱਖਣ ਦੀ ਵਰਤੋ ਕੀਤੀ । ਇਸ ਤਰ੍ਹਾਂ Munn (1953) ਵਿਚ ਲਿਖਦਾ ਹੈ ਕਿ ਜਦੋ ਜਾਨਵਰ ਇਕ ਦਮ ਵਾਤਾਵਰਨ ਦੇ ਭਿੰਨ-ਭਿੰਨ ਹਿਸਿਆ ਨੂੰ ਆਪਸ ਵਿਚ ਜੋੜ ਲਵੇ ਤਾਂ ਉਸ ਨੂੰ ਅੰਤਰਦ੍ਰਿਸ਼ਟੀ ਦੁਆਰਾ ਸਿੱਖਣਾ ਕਹਿੰਦੇ ਹਨ । ਭਾਵ ਵਿਅਕਤੀ ਜਦੋ ਅੰਤਰਦ੍ਰਿਸ਼ਟੀ ਦੁਆਰਾ ਸਿੱਖਦਾ ਹੈ ਤਾਂ ਉਹ ਕਹਿੰਦਾ ਹੈ ਕਿ ਮੈਨੂੰ ਆਈਡਿਆ(Idea) ਆ ਗਿਆ, ਮੈ ਪੋਇਨਟ ਤੇ ਪਹੁੰਚ ਗਿਆ, ਮੈਨੂੰ ਕੀ ਤਜਰਬਾ ਹੋਇਆ ? ਇਸੇ ਤਰ੍ਹਾਂ Chapling **1969** ਵਿਚ

ਲਿਖਦਾ ਹੈ ਕਿ ਜਦੋ ਵਿਅਕਤੀ ਕਿਸੇ ਸਮੱਸਿਆ ਦੇ ਸਾਰੇ ਹਿਸਿਆ ਨੂੰ ਆਪਸ ਵਿਚ ਮਿਲਾਉਣ ਦੇ ਯੋਗ ਹੋਵੇ ਤਾਂ ਅੰਤਰਦ੍ਰਿਸ਼ਟੀ ਦੁਆਰਾ ਸਿੱਖਣਾ ਕਿਹਾ ਜਾਦਾ ਹੈ।

### 1.5.7.1.2 ਚੱਕਰ ਸਮੱਸਿਆ (Detour Problem)

**ਚੂਜੇ ਤੇ ਪ੍ਰਯੋਗ** :- ਕੋਹਲਰ ਨੇ ਚੱਕਰ ਸਮੱਸਿਆ (Detour Problem) ਦਾ ਹੱਲ ਕਰਨ ਲਈ ਅੰਤਰਦ੍ਰਿਸ਼ਟੀ ਦੁਆਰਾ ਸਿੱਖਣ ਵਿਧੀ ਦਾ ਪ੍ਰਯੋਗ ਕੀਤਾ । ਇਸ ਵਿਚ ਉਸ ਨੇ ਕੁਝ ਮੁਰਗਿਆਂ ਦੇ ਚੂਜਿਆਂ ਨੂੰ ਲਿਆ । ਉਸ ਨੇ ਇਕ ਖਾਸ ਕਿਸਮ ਦਾ ਪਿੰਜਰਾ ਬਣਾਇਆ ਜਿਸ ਵਿੱਚ ਇਕ ਰਾਹਦਾਰੀ (Corridor) ਬਣਾਇਆ ਹੋਇਆ ਸੀ ਅਤੇ ਉਸ ਪਿੰਜਰੇ ਦੇ ਇਕ ਤਰਫ ਦਰਵਾਜਾ ਲਗਾਇਆ ਹੋਇਆ ਸੀ ਅਤੇ ਦੂਸਰੀ ਤਰਫ ਵਿੰਡੋ(Window) ਲਗਾਈ ਹੋਈ ਸੀ ਜੇ ਦਰਵਾਜੇ ਤੋ ਦੇਖਿਆ ਜਾਵੇ ਵਿੰਡੋ ਕੋਲ ਪਇਆ ਭੋਜਨ ਦਿਖਾਈ ਦਿੰਦਾ ਸੀ ।ਪਰ ਇਹ ਭੋਜਨ ਪਿੰਜਰੇ ਤੋ ਬਾਹਰ ਪਿਆ ਸੀ । ਚੂਜਿਆ ਨੇ ਪਿਜਰੇ ਵਿਚ ਆ ਕੇ ਵਿੰਡੋ ਕੋਲ ਪਹੁੰਚੇ ਅਤੇ ਦੇਖਿਆ ਭੋਜਨ ਬਾਹਰ ਪਿਆ ਹੈ ਤਾਂ ਇਸ ਲਈ ਪ੍ਰਾਪਤ ਨਹੀ ਕਰ ਸਕੇ । ਉਹਨਾਂ ਨੇ ਪੂਰੀ ਕੋਸ਼ਿਸ਼ ਕੀਤੀ ਉਹ ਪਿੰਜਰੇ ਤੋ ਬਾਹਰ ਨਿਕਲ ਦੇ ਅਤੇ ਅੰਦਰ ਚਲੇ ਜਾਦੇ ਇਸ ਤਰ੍ਹਾਂ ਉਹਨਾ ਦੀਆ ਕੋਸ਼ਿਸ਼ਾ ਅਸਫਲ ਰਹੀਆ ਪਰ ਪਿੰਜਰੇ ਦੇ ਨਾਲ ਬਣੀ ਰਾਹਦਾਰੀ ਦੇ ਦੂਜੇ ਪਾਸੇ ਇਕ ਦਰਵਾਜਾ ਸੀ ਜਿਹੜਾ ਕੀ ਭੋਜਨ ਪ੍ਰਾਪਤ ਕਰਨ ਲਈ ਸਹੀ ਰਾਸਤਾ ਸੀ। ਜਦੋ ਅਚਾਨਕ ਚੂਜੇ ਉਸ ਰਾਹਦਾਰੀ ਨੂੰ ਹੁੰਦੇ ਹੋਏ ਦੂਜੇ ਦਰਵਾਜੇ ਤੱਕ ਗਏ ਤਾਂ ਉਹਨਾ ਨੇ ਭੋਜਨ ਪ੍ਰਾਪਤ ਕਰ ਲਿਆ। ਜਦੋ ਦੁਬਾਰਾ ਪ੍ਰਯੋਗ ਕੀਤਾ ਗਿਆ ਤਾਂ ਉਹ ਆਪਣੀ ਸੂਝ ਨਾਲ ਦੂਜੇ ਗੇਟ ਵਿਚ ਦੀ ਹੁੰਦੇ ਹੋਏ ਭੋਜਨ ਕੋਲ ਪਹੁੰਚ ਜਾਦੇ ਇਸ ਤੋ ਇਹ ਸਿੱਧ ਹੁੰਦਾ ਹੈ ਕਿ ਚੂਚਿਆਂ ਨੂੰ Detour Problem ਦਾ ਸਾਹਮਣਾ ਕਰਨਾ ਪਿਆ ਅਤੇ ਉਹਨਾਂ ਨੂੰ ਚੱਕਰ ਖਾ ਕੇ ਆਪਣੇ ਮਕਸਦ ਅਤੇ ਆਪਣੇ ਭੋਜਨ ਤੱਕ ਪਹੁੰਚਣਾ ਪਿਆ ਜਿਸ ਲਈ ਇਸ ਪ੍ਰਯੋਗ ਵਿਚ Detout Problem ਦਾ ਹਲ ਸੂਝ ਦੁਆਰਾ ਲੱਭਿਆ ਗਿਆ।

### 1.5.7.1.3 ਬਿੰਲਡਿਗ ਬਲੋਕ ਸਮੱਸਿਆ (Building Block Problem)

**ਇਕ ਬਾਕਸ ਨਾਲ ਪ੍ਰਯੋਗ**:- ਕੋਹਲਰ ਨੇ ਚੰਮਪੈਂਜੀ ਨੂੰ ਜਿਸ ਦਾ ਨਾਂ ਸੁਲਤਾਨ ਰੱਖਿਆ ਭੁੱਖਾ ਰੱਖਿਆ ਅਤੇ ਉਸ ਨੂੰ ਇਕ ਕਮਰੇ ਵਿਚ ਬੰਦ ਕਰ ਦਿਤਾ ਤੇ ਉਸ ਦੀ ਛੱਤ ਨਾਲ ਕੇਲੇ ਬੰਨ ਦਿਤੇ । ਕਮਰੇ ਦੇ ਕੋਨੇ ਵਿਚ ਇਕ ਬਾਕਸ ਰੱਖ ਦਿਤਾ ਗਿਆ। ਚੰਮਪੈਜੀ ਉਸ ਬਾਕਸ ਤੇ ਚੜ ਕੇ ਛਲੰਗ ਮਾਰਨ ਲੱਗਾ। ਪਰ ਕੇਲੇ ਪ੍ਰਾਪਤ ਨਾ ਕਰ ਸਕਿਆ । ਜਦੋ ਉਹ ਥੱਕ ਗਿਆ ਤਾਂ ਉਹ ਬੈਠ ਕੇ ਕੇਲਿਆਂ ਨੂੰ ਅਤੇ ਬਾਕਸ ਨੂੰ ਦੇਖਦਾ ਰਿਹਾ । ਅਚਾਨਕ ਉਸ ਦੇ ਦਿਮਾਗ ਵਿਚ ਖਿਆਲ ਆਇਆ ਕਿਉਂ ਨਾ ਮੈ ਬਾਕਸ ਨੂੰ ਖਿੱਚ ਕੇ ਥੱਲੇ ਲੈ ਆਵਾਂ। ਉਸ ਨੇ ਕੇਲਿਆਂ ਥੱਲੇ ਬਾਕਸ ਨੂੰ ਖਿੱਚ ਕੇ ਅਤੇ ਉਸ ਉਪਰ ਚੜਕੇ ਕੇਲੇ ਤੋੜ ਲਏ। ਇਸ ਤਰ੍ਹਾਂ ਚੰਮਪੈਜੀ ਨੇ ਕੇਲਿਆ ਨੂੰ ਪ੍ਰਾਪਤ ਕਰ ਲਿਆ । ਜਦੋ ਦੁਬਾਰਾ ਪ੍ਰਯੋਗ ਕੀਤਾ ਗਿਆ ਤਾਂ ਦੇਖਿਆ ਕਿ ਚੰਮਪੈਜੀ ਨੇ ਇਕ ਦਮ ਬਾਕਸ ਨੂੰ ਕੇਲਿਆਂ ਹੇਠਾਂ ਕੀਤਾ ਅਤੇ ਕੇਲੇ ਪ੍ਰਾਪਤ ਕਰ ਲਏ।

**ਦੋ ਬਾਕਸਾਂ ਨਾਲ ਪ੍ਰਯੋਗ**:-ਇਹ ਪ੍ਰਯੋਗ ਬਿਲਡਿੰਗ ਬਲੋਕ ਸਮੱਸਿਆ ਨਾਲ ਸਬੰਧਿਤ ਹੈ। ਕੋਹਲਰ ਨੇ ਇਕ ਚੰਮਪੈਜੀ ਨੂੰ ਇਕ ਛੋਟੇ ਕਮਰੇ ਵਿਚ ਭੁੱਖਾ ਰੱਖਿਆ ਅਤੇ ਉਸ ਕਮਰੇ ਵਿਚ ਕੇਲਿਆ ਦਾ ਗੁੱਛਾ ਛੱਤ ਨਾਲ ਲਮਕਾ ਦਿੱਤਾ । ਚੰਮਪੈਜੀ ਨੇ ਇਕ ਬਾਕਸ ਚੁੱਕਿਆ ਅਤੇ ਉਸ ਤੇ ਚੜ ਕੇ ਕੇਲੇ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਨ ਲੱਗਾ ਪਰ ਅਸਫਲ ਰਿਹਾ । ਉਸ ਨੇ ਵਾਰ ਵਾਰ ਕੋਸ਼ਿਸ਼ ਕੀਤੀ। ਆਖਰ ਥੱਕ ਕੇ ਬੈਠ ਗਿਆ। ਉਹ ਉਸ ਕਮਰੇ ਦਾ ਵਿਸ਼ਲੇਸ਼ਨ ਕਰਨ ਲੱਗਾ। ਬਕਸਿਆ ਨੂੰ ਦੇਖਦਾ ਰਿਹਾ। ਇਕ ਦਮ ਉਸ ਦੇ ਦਿਮਾਗ ਵਿਚ ਖਿਆਲ ਆਇਆ ਤੇ ਉਸ ਨੇ ਦੂਜੇ ਬਕਸੇ ਚੁੱਕੇ ਅਤੇ ਇਕ ਦੂਜੇ ਤੇ ਰੱਖ ਦਿੱਤੇ ਅਤੇ ਉਸ ਤੇ ਚੜ ਕੇ ਕੇਲੇ ਪ੍ਰਾਪਤ ਕਰ ਲਏ। ਇਸ ਸਥਿਤੀ ਵਿਚ ਇਹ ਦੇਖਣ ਨੂੰ ਮਿਲਿਆ ਕਿ ਉਸ ਨੇ ਕੇਲਿਆ ਨੂੰ ਪ੍ਰਾਪਤ ਕਰਨ ਅਤੇ ਬਕਸਿਆਂ ਦੇ ਆਪਸੀ ਸਬੰਧ ਨੂੰ ਸਮਝ ਲਿਆ ਸੀ ।ਜਿਸ ਕਰਕੇ ਉਸ ਨੇ ਕੇਲੇ ਪ੍ਰਾਪਤ ਕੀਤੇ ।

ਕੋਹਲਰ ਨੇ ਇਸ ਤਰ੍ਹਾਂ ਇਸ ਵਿਧੀ ਦੁਆਰਾ ਬਹੁਤ ਸਾਰੇ ਜਾਨਵਰਾ ਉਤੇ ਆਪਣੇ ਪ੍ਰਯੋਗ ਕੀਤੇ ਅਤੇ ਇਸ ਵਿਧੀ ਦਾ ਇਕ ਖਾਸ ਭਾਗ " ਅਚਾਨਕ"(Suddenness)ਹੈ। ਇਹ ਅਚਾਨਕ ਖਿਆਲ ਸਹੀ ਹੱਲ ਵੱਲ ਲੈਕੇ ਜਾਦਾ ਹੈ। ਜਿਸ ਨੂੰ ਅੰਤਰਦ੍ਰਿਸ਼ਟੀ ਕਿਹਾ ਜਾਦਾ ਹੈ।

**1.5.7.1.4 ਸਮੱਸਿਆ ਜਿਸ ਵਿਚ ਪਸ਼ੂ ਉਪਕਰਨ ਬਣਾਉਣ (Problem in which animal make implements)**

ਕੋਹਲਰ ਨੇ ਮੁਰਗੀਆਂ ਤੇ ਵੀ ਪ੍ਰਯੋਗ ਕੀਤੇ ਮੁਰਗੀ ਨੂੰ ਇਕ ਪਿੰਜਰੇ ਵਿਚ ਰੱਖਿਆ ਗਿਆ ਪਿੰਜਰੇ ਵਿਚੋ ਉਸ ਨੇ ਸਿਰ ਬਾਹਰ ਕੱਢਣ ਲਈ ਸੁਰਾਖ ਛੱਡੇ ਗਏ । ਪਿੰਜਰੇ ਦੇ ਬਾਹਰ ਇਕ ਬੋਰਡ ਰੱਖਿਆ ਗਿਆ ਅੱਧਾ ਭਾਗ ਗੂਹੜੇ ਰੰਗ ਨਾਲ ਅਤੇ ਅੱਧਾ ਭਾਗ ਹਲਕੇ ਰੰਗ ਨਾਲ ਢਕਿਆ ਗਿਆ । ਬੋਰਡ ਤੇ ਦਾਣੇ ਖਾਣ ਲਈ ਰੱਖੇ ਗਏ। ਜਦੋ ਉਹ ਗੂੜੇ ਰੰਗ ਵਾਲੇ ਸਥਾਨ ਤੇ ਚੁੰਝ ਮਾਰਦੀ ਤਾਂ ਉਸ ਨੂੰ ਦਾਣੇ ਦਿਤੇ ਜਾਦੇ । ਪਰ ਜਦੋ ਉਹ ਹਲਕੇ ਰੰਗ ਵਾਲੇ ਸਥਾਨ ਤੇ ਦਾਣੇ ਚੁਗਦੀ ਤਾਂ ਉਸ ਨੂੰ ਸਜ਼ਾ ਦਿੱਤੀ ਜਾਂਦੀ। ਇਸ ਤਰ੍ਹਾਂ ਗੂੜ੍ਹਾ ਰੰਗ ਧਲਾਤਮਕ ਉਤੇਜਕ (Positive Stimulus)ਅਤੇ ਹਲਕਾ ਰੰਗ ਨਾਕਾਰਾਤਮਕ (Negative Stimulus) ਦਾ ਅਰਥ ਪ੍ਰਦਾਨ ਕਰਦਾ ਹੈ। ਚਾਰ ਤੋਂ ਪੰਜ ਸੌ ਤੱਕ Trials ਲਏ ਗਏ। ਬੋਰਡ ਦੀ ਸਥਿਤੀ ਵੀ ਬਦਲੀ ਜਾਦੀ ਰਹੀ। ਇਸ ਪ੍ਰਕਾਰ ਮੁਰਗੀ ਨੇ ਪੂਰੀ ਤਰ੍ਹਾਂ ਨਾਲ Positive Stimulus ਚੁਨਣਾ ਅਤੇ Negative Stimulus ਤੋ ਬਚਨਾ ਸਿਖ ਲਿਆ। ਇਨ੍ਹਾਂ Test trial ਤੋ ਬਾਅਦ ਗੂੜ੍ਹੇ ਰੰਗ ਵਾਲੇ ਉਤੇਜਕ ਨੂੰ ਸਥਿਰ (Consent) ਰੱਖਿਆ ਗਿਆ । ਅਤੇ ਹਲਕੇ ਰੰਗ ਉਤੇਜਕ ਸਥਾਨ ਤੇ ਹੋਰ ਗੂੜ੍ਹੇ ਰੰਗ ਦਾ ਉਤੇਜਕ ਬਣਾਇਆ ਗਿਆ। ਅਜਿਹੀਆਂ ਚਾਰ ਸਿਖਲਾਈਆਂ ਦਿੱਤੀਆਂ ਗਈਆਂ ਮੁਰਗੀਆਂ ਨੇ 70 ਫੀਸਦੀ ਕੇਸਾਂ ਵਿਚ ਨਵੇਂ ਦਾਣੇ ਚੁਗਨ ਦੀ ਕਿਰਿਆ ਅਪਣਾਈ । ਇਸ ਤਰ੍ਹਾਂ ਕੋਹਲਰ ਨੇ ਸਿੱਧ ਕੀਤੇ ਕਿ ਥੋੜੀ ਬੁੱਧੀ ਵਾਲਾ ਜੀਵ ਕਿਵੇ ਕਿ ਮੁਰਗੀ ਨੇ ਸਿਖਣ ਵਿਚ ਸੂਝ ਦਾ ਪ੍ਰਯੋਗ ਕੀਤਾ।

**ਕੋਹਲਰ ਦਾ ਬੱਚਿਆਂ ਤੇ ਪ੍ਰਯੋਗ :-** ਕੋਹਲਰ ਨੇ ਮੁਰਗੀ ਵਾਲੇ ਪ੍ਰਯੋਗ ਵਾਂਗ ਹੀ ਤਿੰਨ ਸਾਲ ਦੇ ਬੱਚਿਆਂ ਤੇ ਵੀ ਪ੍ਰਯੋਗ ਕੀਤਾ ਅਤੇ ਉਹਨਾਂ ਨੇ ਵੀ ਸੂਝ ਦੀ ਹੋਂਦ ਦਿਖਾਈ । ਬੱਚਿਆ ਅੱਗੇ ਸੁਰੂ ਵਿਚ ਦੋ ਬਕਸੇ ਰੱਖੇ ਗਏ। ਇਕ ਬਕਸਾ ਹਲਕੇ ਰੰਗ ਦਾ ਸੀ ਅਤੇ ਦੂਜਾ ਗੂੜ੍ਹੇ ਰੰਗ ਦਾ ਸੀ। 45 Trials ਤੋ ਬਾਅਦ ਬੱਚਾ ਇਹ ਸਿੱਖ ਗਿਆ ਕਿ ਗੂੜ੍ਹੇ ਰੰਗ ਵਾਲੇ ਬਕਸੇ ਵਿਚ ਟੋਫੀਆ ਹਨ। ਉਸ ਤੋ ਬਾਅਦ ਹਲਕੇ ਰੰਗ ਵਾਲੇ ਬਾਕਸੇ ਵਿਚ ਹੋਰ ਗੂੜ੍ਹਾ ਰੰਗ ਵਾਲਾ ਬਕਸਾ ਰੱਖ ਦਿਤਾ ਜਿਹੜਾ ਕਿ ਬਾਕਸਾ ਨੰਬਰ ਤਿੰਨ ਸੀ ।Test Trials ਤੋ ਬਾਅਦ ਇਹ ਦੇਖਿਆ ਗਿਆ ਕਿ ਬੱਚਿਆ ਨੇ ਹੋਰ ਗੂੜ੍ਹੇ ਰੰਗ ਵਾਲੇ ਬਾਕਸੇ ਨੂੰ ਚੁਣਿਆ ਕਿਉਕਿ ਉਸ ਵਿਚ ਟੋਫੀਆਂ ਸਨ।

ਇਸ ਤਰ੍ਹਾਂ ਕੋਹਲਰ ਨੇ ਲੰਗੂਰ ਅਤੇ ਬਾਦਰਾਂ ਉਤੇ ਵੀ ਬਹੁਤ ਸਾਰੇ ਪ੍ਰਯੋਗ ਕੀਤੇ ਜਿਸ ਤੋ ਇਹ ਸਿੱਧ ਹੋਇਆ ਕਿ ਜਾਨਵਰ ਸੂਝ ਦੁਆਰਾ ਸਿਖਦੇ ਹਨ।

## 1.5.5. ਅੰਤਰਦ੍ਰਿਸ਼ਟੀ ਦੁਆਰਾ ਸਿੱਖਣ (Insight Learning) ਦੀਆਂ ਵਿਸ਼ੇਸ਼ਤਾਈਆਂ:-

ਕੋਹਲਰ ਅਤੇ ਕੋਫਕਾ ਨੇ ਪ੍ਰਯੋਗ ਤੋ ਬਾਆਦ ਸੂਝ ਦੁਆਰਾ ਸਿੱਖਣ ਦੀਆਂ ਵਿਸ਼ੇਸ਼ਤਾਈਆਂ ਬਾਰੇ ਹੇਠ ਲਿਖੇ ਕੁਝ ਮੁੱਖ ਅੰਸ਼ ਦਿਤੇ ਹਨ :-

**1.5.5.1. ਪੂਰੀ ਸਥਿਤੀ (Whole situation):-** ਇਸ ਸੂਝ ਦੁਆਰਾ ਸਿਖਣ ਵਿਧੀ ਵਿਚ ਸਬਜੈਕਟ ਜਦੋ ਪੂਰੀ ਸਥਿਤੀ ਦਾ ਵਿਸ਼ਲੇਸ਼ਨ ਕਰਦਾ ਹੈ ਤਾਂ ਸਫਲ ਹੋ ਜਾਦਾ ਹੈ। ਭਾਵ ਜੇ ਉਹ ਕੁੱਝ ਹਿਸਿਆ ਦੇ ਬਾਰੇ ਹੀ ਦੇਖਦਾ ਹੈ ਤਾਂ ਉਸ ਨੂੰ ਕਾਮਯਾਬੀ ਨਹੀ ਮਿਲਦੀ।

**1.5.5.2. ਸਬੰਧ (Relationship):-** ਜਦੋ ਤੱਕ Subject ਸਥਿਤੀ ਅਤੇ ਚੀਜਾਂ ਦੇ ਆਪਸੀ ਸਬੰਧ ਨੂੰ ਨਹੀ ਜੋੜਦਾ ਉਸ ਸਮੇ ਤੱਕ ਆਪਣੇ ਕੰਮ ਵਿਚ ਸਫਲ ਨਹੀ ਹੋ ਪਾਉਂਦਾ।

**1.5.5.3. ਅੰਤਰ ਪ੍ਰੇਰਨਾ (Motivation):-** ਇਸ ਵਿਧੀ ਵਿਚ ਵੀ ਅੰਤਰ ਪ੍ਰੇਰਨਾ ਸਭ ਤੋ ਜ਼ਿਆਦਾ ਮੁੱਖ ਰੋਲ ਅਦਾ ਕਰਦੀ ਹੈ। ਭਾਵ ਜੇ ਚੰਮਪੈਜੀ ਜਾਂ ਮੁਰਗੀ ਜਾਂ ਚੂਜੇ ਭੁੱਖੇ ਨਾ ਹੁੰਦੇ ਤਾਂ ਉਹ ਆਪਣਾ ਭੋਜਨ ਪ੍ਰਾਪਤ ਕਰਨ ਦੀ ਬਜਾਇ ਆਰਾਮ ਨਾਲ ਬੈਠ ਜਾਂਦੇ ਇਸ ਲਈ ਸਭ ਤੋ ਪਹਿਲਾ ਅੰਤਰ ਪ੍ਰੇਰਨਾ ਦਾ ਹੋਣਾ ਬਹੁਤ ਜਰੂਰੀ ਹੈ।

**1.5.5.4. ਅਚਾਨਕ ਤਬਦੀਲੀ(Sudden change):-** ਪ੍ਰਯੋਗ ਤੋ ਇਹ ਸਿੱਧ ਹੋਇਆ ਕਿ ਅਚਾਨਕ ਪਰਿਵਰਤਨ ਹੀ ਸੂਝ ਹੈ। ਜਦੋਂ ਸਬਜੈਕਟ ਨੂੰ ਅਚਾਨਕ ਕੋਈ ਹੱਲ ਲੱਭਦਾ ਹੈ ਤਾਂ ਉਹ ਆਪਣੀ ਅਕਲ ਜਾਂ ਸੂਝ ਦੁਆਰਾ ਹੀ ਆਉਂਦਾ ਹੈ।

**1.5.5.5. ਤਜਰਬਾ(Experience):-** ਕੁਝ ਮਨੋਵਿਗਿਆਨੀਆਂ ਦਾ ਵਿਚਾਰ ਹੈ ਕਿ ਸੂਝ ਪੁਰਾਣੇ ਤਜਰਬੇ ਤੇ ਨਿਰਭਰ ਕਰਦੀ ਹੈ । ਪਰ ਗੈਸਟਾਲਟ ਮਨੋਵਿਗਿਆਨੀ ਇਸ ਮਤ ਵਿਚ ਨਹੀ ਹਨ। ਉਹਨਾਂ ਦੇ ਅਨੁਸਾਰ ਸਿਖਣ ਵਾਲਾ ਆਪਣੇ ਹਾਜ਼ਰ ਤਜਰਬੇ (Present Experience) ਤੋ ਜ਼ਿਆਦਾ ਜ਼ੋਰ ਦਿੰਦਾ ਹੈ। ਜਿਸ ਦੇ ਆਧਾਰ ਤੇ ਉਹ Situation ਨੂੰ ਦੇਖਦੇ ਹੋਏ ਆਪਣੇ Goal ਤੇ ਪਹੁੰਚਦਾ ਹੈ।

**1.5.5.6. ਯਤਨ ਅਤੇ ਭੁਲ (Trial and Learning):-**ਸੂਝ ਦੁਆਰਾ ਸਿੱਖਣ ਲਈ ਸ਼ੁਰੂ ਵਿਚ ਯਤਨ ਅਤੇ ਭੁਲ ਵਿਧੀ ਦਾ ਪ੍ਰਯੋਗ ਕਰਦਾ ਹੈ। ਅਤੇ ਇਸ ਦੁਆਰਾ ਉਸ ਨੂੰ ਅਚਾਨਕ ਸੂਝ ਆਉਂਦੀ ਅਤੇ ਉਹ ਗੋਲ ਤੱਕ ਪਹੁੰਚ ਜਾਦਾ ਹੈ।

**1.5.5.7. ਨਵੀ ਸਥਿਤੀ (New Situation):-**ਜਦੋ ਅਚਾਨਕ ਸੂਝ ਆਉਂਦੀ ਹੈ ਤਾਂ ਵਿਅਕਤੀ ਨਵੀ ਸਥਿਤੀ ਨੂੰ ਗ੍ਰਹਿਣ ਕਰਦਾ ਹੈ ਅਤੇ ਨਵੀ ਸਥਿਤੀ ਹੀ ਉਸ ਦੇ ਲਈ Target ਤੱਕ ਪਚੁੰਚਣ ਲਈ ਮਦਦ ਕਰਦੀ ਹੈ। ਜਦੋ ਉਹ ਇਕ ਵਾਰ ਪ੍ਰਾਪਤ ਕਰ ਲੈਂਦਾ ਹੈ ਤਾਂ ਉਸ ਨੂੰ ਸੂਝ ਦੁਆਰਾ Insight Learning ਅਤੇ Re-integrate ਕਰ ਲੈਦਾ ਹੈ।

## 1.5.9. ਸੂਝ ਦੁਆਰਾ ਸਿੱਖਣ ਵਿਧੀ ਦੀ ਅਲੋਚਨਾ

ਗੈਸਟਾਲਟ ਮਨੋਵਿਗਿਆਨੀਆ ਅਨੁਸਾਰ ਕੁੱਝ ਸਥਿਤੀ ਵਿਚ ਉਚਿਤ ਸਬੰਧ ਦੇਖੇ ਜਾਣ ਨਾਲ ਸਿਖਣ ਦੀ ਕਿਰਿਆ ਹੁੰਦੀ ਹੈ। ਪਰ ਇਹ ਜਾਨਣਾ ਮੁਸ਼ਕਿਲ ਹੈ ਕਿ ਸੂਝ ਪੈਦਾ ਹੋਣ ਤੋ ਪਹਿਲਾ ਕਿੰਨਾ ਯਤਨ ਅਤੇ ਭੁਲ ਦਾ ਵਿਵਹਾਰ ਕੀਤਾ ਗਿਆ ਹੈ। ਕੋਹਲਰ ਦੇ ਖਿਲਾਫ ਇਹ ਵੀ ਟਿੱਪਣੀ ਜਾਂਦੀ ਹੈ ਕਿ ਪ੍ਰਯੋਗ ਕਰਤਾ ਦੀ ਪ੍ਰਯੋਗ ਸਮੇ ਹਾਜਰੀ ਉਸ ਵੱਲੋ ਛੋਟਾ ਜਿਹਾ ਇਸ਼ਾਰਾ Subject ਲਈ ਪ੍ਰੇਰਨਾ ਦਾ ਰਾਹ ਬਣਦਾ ਹੈ।

**ਇਸ ਵਿਧੀ ਵਿਚ ਪ੍ਰਮੁੱਖ ਦੋਸ਼ ਹੇਠਾਂ ਲਿਖੇ ਹਨ:-**

1.5.9.1. ਪਸ਼ੂ, ਬੱਚੇ ਅਤੇ ਮੱਦ ਬੁੱਧੀ ਵਿਅਕਤੀਆ ਵਿਚ ਸੂਝ ਦੀ ਕਮੀ ਹੋਣ ਕਰਕੇ ਉਹ ਯਤਨ ਅਤੇ ਭੁਲ ਵਿਧੀ ਦਾ ਜ਼ਿਆਦਾ ਪ੍ਰਯੋਗ ਕਰਦੇ ਹਨ।

1.5.9.2. ਮੁਸ਼ਕਿਲ ਸਥਿਤੀਆ ਵਿਚ ਯਤਨ ਅਤੇ ਭੁੱਲ ਵਿਧੀ ਦੀ ਕਿਰਿਆ ਵੇਖਣ ਵਿਚ ਆਉਂਦਾ ਹੈ।

1.5.9.3. ਪੁਰਾਣੇ ਤਜਰਬੇ ਨੂੰ ਇਸ ਵਿਧੀ ਵਿਚ ਪੂਰੀ ਮਹੱਤਤਾ ਨਹੀ ਹੈ।

1.5.9.4. ਕੋਹਲਰ ਅਤੇ ਦੂਜੇ ਵਿਗਿਆਨੀਆਂ ਦੁਆਰਾ ਸੂਝ ਵਿਧੀ ਦੁਆਰਾ ਕੀਤੇ ਗਏ ਪ੍ਰਯੋਗ ਵਿਚ ਸਥਿਤੀਆਂ ਬਹੁਤ ਆਸਾਨ ਸਨ । ਜਿਸ ਕਰਕੇ Subjects ਨੇ ਆਪਣੀ ਵਿਸ਼ੇਸ਼ ਸੂਝ ਦਾ ਪ੍ਰਗਟਾਵਾ ਚੰਗੀ ਤਰ੍ਹਾਂ ਨਹੀ ਕੀਤਾ ।

## 1.5.10. ਸਿੱਟਾ :-

ਇਸ ਤੋ ਇਹ ਸਿਧ ਹੁੰਦਾ ਹੈ ਕਿ ਭੁੱਲ ਅਤੇ ਯਤਨ ਵਿੱਧੀ ਜਿਹੜੀ ਕਿ ਥਾਰਨਡਾਈਕ ਨੇ ਦਿੱਤੀ ਸੀ , ਸੂਝ ਦੁਆਰਾ ਸਿੱਖਣ ਵਿੱਧੀ ਜਿਹੜੀ ਕਿ ਕੋਹਲਰ ਅਤੇ ਕੋਫਕਾ ਨੇ ਦਿੱਤੀ ਸੀ ਆਪਸ ਵਿਚ ਕਾਫੀ ਮਿਲਦੀਆਂ ਜੁਲਦੀਆਂ ਹਨ।ਅਚਾਨਕ ਕਾਮਯਾਬੀ ਦਾ ਮਿਲ ਜਾਣਾ ਯਤਨ ਅਤੇ ਭੁੱਲ ਵਿਚ ਕੋਈ ਖਾਸ ਮਹੱਤਤਾ ਨਹੀ ਰੱਖਦਾ ਪਰ ਸੂਝ ਦੁਆਰਾ ਸਿੱਖਣ ਵਿੱਧੀ ਵਿਚ ਇਸ ਦੀ ਬਹੁਤ ਮਹੱਤਤਾ ਹੈ।ਇਹ ਦੋਨੋ ਵਿੱਧੀਆਂ ਇਕ ਦੂਜੇ ਤੇ ਮਹੱਤਤਾ ਰੱਖਦੀਆਂ

ਹਨ। ਪਰ ਇਹਨਾਂ ਵਿਚ ਵੀ ਕੁੱਝ ਅਜਿਹੇ ਔਗੁਣ ਪਾਏ ਜਾਦੇ ਹਨ। ਜਿਸ ਕਰਕੇ ਅਸੀ ਯਤਨ ਅਤੇ ਭੁੱਲ ਵਿੱਧੀ ਤੇ ਸੂਝ ਦੁਆਰਾ ਸਿੱਖਣ ਵਿਧੀ ਨੂੰ ਹੀ ਕਾਫੀ ਨਹੀ ਮੰਨ ਸਕਦੇ ਸਗੋ ਹੋਰ ਵੀ ਸਿੱਖਣ ਦੀਆਂ ਵਿਧੀਆਂ ਜੀਵਨ ਵਿਚ ਕੰਮ ਆਉਦੀਆਂ ਹਨ।

## 1.5.11 ਸ਼ਬਦਾਵਲੀ

**Drive:-** ਥਾਰਨਡਾਈਕ ਨੇ ਬਿੱਲੀ ਨੂੰ ਪਹਿਲਾਂ 24 ਘੰਟੇ ਭੁੱਖੀ ਰੱਖਿਆ ਤਾਂ ਕਿ ਉਸ ਵਿੱਚ Drive ਪੈਦਾ ਹੋ ਸਕੇ। ਭੁੱਖ ਦੀ ਪ੍ਰੇਰਨਾ ਨੇ ਬਿੱਲੀ ਨੂੰ ਬਾਹਰ ਜਾਣ ਲਈ ਪ੍ਰੇਰਿਤ ਕੀਤਾ ਕਿਉਂਕਿ ਬਾਕਸ ਤੋਂ ਬਾਹਰ ਉਸ ਦੇ ਖਾਣ ਲਈ ਗੋਸਤ ਪਿਆ ਸੀ। ਜਿਸ ਕਰਕੇ ਉਸ ਦੀ ਪ੍ਰੇਰਣਾ ਦੀ ਤਿਬਰਤਾ ਵਧੀ ਹੋਈ ਸੀ।

**Fixation:-** ਆਖਰ ਵਿਚ ਬਿੱਲੀ ਨੇ ਪਿਜਰੇ ਤੋਂ ਬਾਹਰ ਨਿਕਲਨ ਲਈ ਦਰਵਾਜੇ ਨੂੰ ਖੋਲਣ ਦਾ ਸਹੀ ਰਸਤੇ ਨੂੰ Fix ਕੀਤਾ।ਅਤੇ ਸਾਰੀਆਂ ਹਰਕਤਾਂ ਨੂੰ ਛੱਡ ਦਿਤਾ । ਦੂਜੇ ਸ਼ਬਦਾਂ ਵਿਚ ਅਸੀ ਕਹਿ ਸਕਦੇ ਹਾਂ ਕਿ ਬਿਨਾ ਕੋਈ ਗਲਤੀ ਦੇ ਦਰਵਾਜਾ ਖੋਲਣ ਵਿੱਚ ਕਮਯਾਬ ਹੋਈ।

**ਅਨਉਪਯੋਗ ਦਾ ਨਿਯਮ(Law of Disuse):-** ਅਨਉਪਯੋਗ ਦੇ ਨਿਯਮ ਅਨੁਸਾਰ ਜਦੋਂ ਕੁਝ ਸਮੇਂ ਲਈ ਪ੍ਰਸਥਿਤੀ ਅਤੇ ਪ੍ਰਤੀਕਿਰਿਆ ਵਿੱਚ ਸੰਬੰਧ ਕਾਇਮ ਨਹੀ ਰਹਿ ਸਕਦਾ । ਤਾਂ ਪ੍ਰਸਥਿਤੀ ਅਤੇ ਅਨੁਕਿਰਿਆ ਵਿਚ ਸੰਬੰਧ ਕੰਮਜੋਰ ਹੋ ਜਾਦਾ ਹੈ।
ਇਸ ਤਰ੍ਹਾਂ ਅਸੀ ਕਹਿ ਸਕਦੇ ਹਾਂ ਕਿ ਉਪਯੋਗ ਦਾ ਨਿਯਮ Practiseਦੇ ਨਾਲ Connection ਵਿਚ ਮਜਬੂਤੀ ਪੈਦਾ ਕਰਦਾ ਹੈ। ਦੂਜੇ ਪਾਸੇ ਅਨਉਪਯੋਗ ਦੇ ਨਿਯਮ ਨਾਲ Connection ਵਿੱਚ ਕੰਮਜੋਰੀ ਪੈਦਾ ਹੁੰਦੀ ਹੈ ਭਾਵ ਵਿਅਕਤੀ ਭੁੱਲ ਜਾਦਾ ਹੈ। ਇਸ ਤਰ੍ਹਾਂ ਇਹ ਗੱਲ ਸਾਹਮਣੇ ਆਉਦੀ ਹੈ Practice makes a man perfect.

**ਵਾਤਾਵਰਨ ਦਾ ਨਿਯਮ (Law of Frequency):-** ਇਸ ਤੋ ਭਾਵ ਇਹ ਹੈ ਕਿ ਜੇ ਪ੍ਰਸਥਿਤੀ ਯੋਗ ਹੋਵੇ ਮਨਾਸਬ ਹੋਵੇ ਅਤੇ ਲਗਾਤਾਰ ਇਕ ਹੀ ਤਰ੍ਹਾਂ ਦੀ ਹੋਵੇ ਤਾਂ ਜਿਨਾਂ ਜਿਆਦਾ ਅਭਿਆਸ ਕੀਤਾ ਜਾਵੇਗਾ। ਉਨਾ ਹੀ Stimulus ਅਤੇ Response ਦਾ ਸੰਬੰਧ ਮਜਬੂਤ ਹੋਵੇਗਾ ਅਤੇ ਵਿਅਕਤੀ ਚੰਗੀ ਤਰ੍ਹਾਂ ਨਾਲ ਸਿੱਖ ਜਾਵੇਗਾ।

**ਸਪਸ਼ਟਤਾ ਦਾ ਨਿਯਮ(Law of Vividness):-** ਜਦੋ ਵਿਅਕਤੀ ਕਿਸੇ ਪ੍ਰਸਥਿਤੀ ਵਿਚ ਕਈ ਅਨੁਕ੍ਰਿਆਵਾਂ ਕਰਦਾ ਹੈ। ਤਾਂ ਉਹ ਇਸ ਗੱਲ ਪ੍ਰਤੀ ਸਪੱਸ਼ਟ ਹੁੰਦਾ ਹੈ।ਕਿ ਜੋ ਕੰਮ ਉਸ ਨੇ ਸਿੱਖਣਾ ਹੈ। ਉਸ ਬਾਰੇ ਉਹ ਪੂਰੀ ਤਰ੍ਹਾਂ ਜਾਣੂ ਹੈ। ਭਾਵ ਆਪਣੀ ਕਰਨ ਵਾਲੀ ਅਨੁਕ੍ਰਿਆ ਬਾਰੇ ਉਹ ਪੂਰੀ ਤਰ੍ਹਾਂ ਸਪੱਸ਼ਟ ਹੈ। ਜੇ ਹੈ ਤਾਂ ਉਹ ਉਸ ਕੰਮ ਨੂੰ ਜਲਦੀ ਅਤੇ ਚੰਗੀ ਤਰ੍ਹਾਂ ਸਿੱਖ ਲਵੇਗਾ।

## 1.5.12 ਹਵਾਲੇ :-

**1.** Introduction to Psychology by Hilgard ,Atkinson and Atkinson.
2. Experimental Psychology by Woodworth and Schlosberg.
3. Introduction to Psychology by Mohanty.
4. Experimental Psychology by Babu Ran Chuhan.

## ਅਭਿਆਸ ਲਈ ਪ੍ਰਸ਼ਨ

ਹੇਠ ਲਿਖੇ ਪ੍ਰਸ਼ਨਾਂ ਵਿਚੋ ਕੋਈ ਤਿੰਨ੍ਹਾਂ ਦੇ ਉੱਤਰ ਲਿਖੋ। ਪ੍ਰਸ਼ਨ ਨੰਃ 4 ਲਾਜ਼ਮੀ ਹੈ।

(1) ਸਿੱਖਣਾ ਦਾ ਸਰੂਪ ਵਿਸਥਾਰ ਵਿੱਚ ਲਿਖੋ।

(2) ਸਿੱਖਣ ਨੂੰ ਪ੍ਰਭਾਵਿਤ ਕਰਨ ਵਾਲੇ ਕਾਰਕਾਂ ਦਾ ਵਰਨਣ ਕਰੋ।

(3) ਅੰਤਰਦ੍ਰਿਸ਼ਟੀ ਦੁਆਰਾ ਸਿੱਖਣ ਦੀਆਂ ਵਿਸ਼ੇਸ਼ਤਾਵਾਂ ਬਾਰੇ ਲਿਖੋ।

(4) ਹੇਠ ਲਿਖੇ ਪ੍ਰਸ਼ਨਾਂ ਦਾ ਸੰਖੇਪ ਵਿੱਚ ਉੱਤਰ ਦਿਉ।

- (ੳ) ਸਿੱਖਣਾ ਦੀ ਪਰਿਭਾਸ਼ਾ
- (ਅ) Law of Effect
- (ੲ) Reinforcement
- (ਸ) Spontaneous Recovery